Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:

The Punjabi Newspaper
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

Guru Nanak Driving School Ltd.
Guru Nanak DRIVING SCHOOL
CERTIFIED SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜ਼ਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

Vol: 9 No: 198 Website : www.punjabiakhbaar.ca EmaiÍ: editor@punjabiakhbaar.ca Friday, 17 June 2022

ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹੁਣ ਫਿਰ ਕੋਰੋਨਾ ਹੋ ਗਿਆ ਹੈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਉਹ ਇੱਕ ਵਾਰ ਫੇਰ ਤੋਂ ਕੋਰੋਨਾ ਪੌਜਿਟਿਵ ਹੋ ਗਏ ਹਨ। ਇੱਕ ਟਵੀਟ ਰਾਹੀਂ ਇਹ ਜਾਣਕਾਰੀ ਸਾਂਝੀ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕੋਰੋਨਾ ਪੌਜੇਟਿਵ ਹੋਣ ਉਪਰੰਤ ਉਹ ਹੁਣ ਪਬਲਿਕ ਹੈਲਥ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਇਕਾਂਤਵਾਸ ਵਿੱਚ ਚਲੇ ਗਏ ਹਨ। ਉਨ੍ਹਾਂ ਆਖਿਆ ਕਿ ਮੈਂ ਬਿਲਕੁਲ ਤੰਦਰੁਸਤ ਮਹਿਸੂਸ ਕਰ ਰਿਹਾ ਹਾਂ ਅਤੇ ਇਹ ਇਸ ਕਰਕੇ ਹੈ ਕਿਉਂਕਿ ਮੈਂ ਕਰੋਨਾ ਵੈਕਸੀਨ ਦੀਆਂ ਡੋਜ਼ ਲਈਆਂ ਹੋਈਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜੇਕਰ ਤੁਸੀਂ ਅਜੇ ਤੱਕ ਕੋਰੋਨਾ ਵੈਕਸੀਨ ਦੀ ਡੋਜ਼ ਨਹੀਂ ਲਈ ਤਾਂ ਲੈ ਲਵੋ ਤੇ ਜੇਕਰ ਹੋ ਸਕਦਾ ਹੈ ਤਾਂ ਬੂਸਟਰ ਡੋਜ਼ ਵੀ ਲਗਵਾ ਲਓ।

Falcon TRANSPORT Inc.
Hiring New Drivers and Owner Operators
Great Mile Rates
Dedicated Runs
New Automatic Truck
Local/Long Haul US - Canada Runs
Home time every weekend
SINP/LMIA ਲਈ ਵੀ ਮਦਦ ਕਰਦੇ ਹਾਂ
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਪਰਾਂ ਦੀ ਲੋੜ ਹੈ।
Balpreet Singh
Tel:306-952-4977 Cell: 306-212-0246
Email: falcontransport86@gmail.com
Website: Falcontansport.ca

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

For All your Real Estate Needs
Amandeep Dhaliwal
REALTOR®
Cell: 306-241-8501
ਕੋਈ ਵੀ ਬਿਜਨਿਸ ਪ੍ਰਾਪਰਟੀ ਜਾਂ ਘਰ ਖਰੀਦਣਾ/ਵੇਚਣਾ ਹੋਵੇ ਤਾਂ ਅਮਨਦੀਪ ਧਾਲੀਵਾਲ ਨਾਲ ਗੱਲਬਾਤ ਕਰੋ।
ROYAL LEPAGE
Saskatoon Real Estate
Independently Owned and Operated, Broker

B& CO BUTZ & COMPANY
BARRISTERS & SOLICITORS
Gursant Singh
LL.M. (UK), B.A.LL.B.
ASSOCIATE
• Immigration Law • Family Law
• Real Estate • Wills and Power of Attorneys
2510 13th Avenue, Regina SK S4P OW2
306-359-5448 (Business)
306-580-4690 (Cell)
gursant@butzlaw.ca
www.butzlaw.ca

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
Mandeepkaur Sabarwal
Mortgage Associate
306.737.4615
mandeepkaur.sabarwal@vinegroup.ca
VINE Group
TEAM MEMBER OF MORTGAGE ALLIANCE
200 1965 Broad Street, Regina, SK S4P 1Y1

SAGAR (SEAN) KUNDRA
REALTOR®
Call To Buy or Sell Any Property
eXp REALTY
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ ਕਾਲ ਕਰੋ।
Cell: 306-241-6799
seankundra@realtyexecutives.com
355 Broad Street, Regina, SK S4R 1X2

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2-31 Broadway St. E.
Yorkton, SK S3N 0K4
2010-11th Avenue, 7th Floor,
RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES
DIVERSIFIED REALTY

Universal Pressure Washing
MOBILE PRESSURE WASHING SERVICE
ਬੀ ਸੀ ਵਿੱਚ ਅਪਾਰ ਸਫਲਤਾ ਉਪਰੰਤ ਹੁਣ ਰੀਜਾਇਨਾ ਵਿੱਚ ਟਰੱਕਾਂ ਵਾਲੇ ਵੀਰਾਂ ਲਈ
ਟਰੱਕ ਵਾਸ਼ ਦੀਆਂ ਸੇਵਾਵਾਂ ਸ਼ੁਰੂ
Get your quotation today by emailing us at
upw.sk@outlook.com or
Call us at (306) 216-9715
ਸਾਡਾ ਮੋਬਾਇਲ ਯੂਨਿਟ ਕਮਰਸ਼ੀਅਲ ਅਤੇ ਘਰਾਂ ਨੂੰ ਧੋਣ ਲਈ ਤੁਹਾਡੀ ਸੇਵਾ ਵਿੱਚ ਹਾਜਿਰ ਹੈ

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU
Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training.
SGI Approved
(According to new MELT Program)
Classes available in
English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲਾ ਯਾਰਡ
• ਪਰੈਪਰ ਟਰੇਨਿੰਗ ਘੰਟੇ (ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
806 Victoria Ave, Regina S4N 0R6

100 PERCENT REALTY TEAM
NIRANJAN KUMAR
REALTOR®
306.515.2036
URREALTOR.NIRANJAN@GMAIL.COM
HOMELIFE CRANFORD REALTY

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੋ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454
DOMINION LENDING CENTRES
MORTGAGEFIRM.CA

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET , REGINA
Needs Driver
for Canada,
Prairies and
Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY
306-537-6403
GARRY
306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
MUST HAVE
- Clean Driver Abstract and CVOR
- Clear Crimnal Search
- Minimum 6 months verifiable experience
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

AMANJIT SINGH LALIA
CPA, CGA
Ph: 306 801 1313
Ph: 647.532.1413
ਬੀਤੇ 38 ਸਾਲ ਤੋਂ ਭਾਈਚਾਰੇ ਨੂੰ ਅਕਾਊਂਟਿੰਗ, ਟੈਕਸ, ਸੇਵਾਵਾਂ ਦੇ ਰਹੇ
ਸ: ਅਮਨਜੀਤ ਸਿੰਘ ਲਾਲੀਆ
ਟਰੱਕਿੰਗ ਇੰਡਸਟਰੀ ਦੇ ਮਹਿਰ
CPA Chartered Professional Accountants
amanjit@laliacpa.com
www.laliacpa.com
ਦਫਤਰ: 1401-11 AVE Regina (SK)
ਮੁੱਖ ਦਫਤਰ: 1325 Derry Road East #7 Mississauga (ON) L5T 0A2
ਬਰਾਂਚਾਂ: ਫਿਲੀਪਾਈਨ ਅਤੇ ਇੰਡੀਆ

ਤੁਸੀਂ ਆਪਣਾ ਸਹੀ ਘਰ ਕਾਪਰਸਟੋਨ ਵਿੱਚ ਲੱਭ ਸਕਦੇ ਹੋ

ਸਿੰਗਲ ਫੈਮਿਲੀ ਹੋਮ ਅਤੇ ਟਾਊਨਹੋਮ ਵਿੱਚੋਂ ਚੁਣੋ

ਕਾਪਰਸਟੋਨ, ਵੈਸਟਾ ਪ੍ਰਾਪਰਟੀ ਦੁਆਰਾ ਡਿਜ਼ਾਇਨ ਅਤੇ ਨਿਰਮਾਣ ਕੀਤਾ ਗਿਆ 70 ਏਕੜ ਦਾ ਮਾਸਟਰ-ਯੋਜਨਾਬੱਧ ਭਾਈਚਾਰਾ ਹੈ। 448 ਨਵੇਂ ਵੱਖੋ ਵੱਖ ਡਿਜਾਇਨਾ ਵਾਲੇ ਘਰਾਂ ਦੀ ਲੜੀ ਸਮੇਤ ਵਾਕ ਵੇਓ ਉਤੇ ਹਰਿਆਲੀ ਵਾਲੇ ਖੇਤਰ ਨੂੰ ਨਾਮਵਰ ਬਿਲਡਰ 32 ਸਾਲਾਂ ਦੇ ਤਜ਼ਰਬੇ ਦੇ ਨਾਲ ਤਿਆਰ ਕਰ ਰਹੇ ਹਨ।

ਜੇਕਰ ਤੁਸੀਂ ਕੈਲਗਰੀ ਵਿੱਚ ਨਵੇਂ ਸਿੰਗਲ ਫੈਮਿਲੀ ਹੋਮ ਜਾਂ ਨਵੇਂ ਟਾਊਨਹੋਮ ਦੀ ਭਾਲ ਕਰ ਰਹੇ ਹੋ ਤਾਂ ਕਾਪਰਸਟੋਨ ਦੇ ਫ਼ਲੋਰਪਲੈਨ ਸਭ ਲਈ ਹਨ। ਸਾਡੇ ਉੱਚ-ਪੱਧਰੀ ਆਲੀਸਾਨ ਅੰਦਰੂਨੀ ਬਣਤਰ ਵਾਲੇ ਘਰ ਕੈਲਗਰੀ ਵਿੱਚ ਤੁਹਾਨੂੰ ਸੱਦ ਰਹੇ ਹਨ

ਐਵਾਰਡ ਜੇਤੂ ਟਾਊਨਹੋਮਜ਼

- 1,380 -1,885 sq.ft.
- 2 ਅਤੇ 3 ਬੈੱਡ ਰੂਮ + ਫਲੈਕਸ ਰੂਮ
- ਡਬਲ ਕਾਰ ਗੈਰਾਜ
- ਸਰਦੀਆਂ ਤੋਂ ਪਹਿਲਾਂ ਮੂਵ ਹੋਵੋ

Starting from low $400

ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼

- 2,508 -2,934 sq.ft.
- 3 ਜਾਂ 4 ਬੈੱਡਰੂਮ + ਬੋਨਸ ਰੂਮ
- ਡਬਲ ਕਾਰ ਗੈਰਾਜ
- ਵਾਕ ਆਊਟ ਵੇਸਮੈਂਟ ਸੂਈਟ
- ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ

ਮਾਡਰਨ ਸਿੰਗਲ ਫੈਮਿਲੀ ਹੋਮਜ਼

- 2,015 -2,344 sq.ft.
- 3 ਜਾਂ 4 ਬੈੱਡਰੂਮ +ਆਫਿਸ
- ਡਬਲ ਕਾਰ ਗੈਰਾਜ
- ਲੀਗਲ ਵੇਸਮੈਂਟ ਸੂਈਟ ਦੀ ਆਪਸ਼ਨ

ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ

COPPERSTONE AT COPPERFIELD

587.352.4266
COPPERSTONELIVING.COM

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Wednesday : 2 - 8 PM
Sat, Sun & Holidays: 12 - 5 PM
Thursday & Friday: by appointment

VESTA PROPERTIES

Rendering, price and availability are subject to change without notice. E. & O.E.

ਕੈਲਗਰੀ ਵਿੱਚ ਗਾਉਣ ਵਾਲਿਆਂ ਦਾ ਮੇਲਾ 3 ਜੁਲਾਈ ਨੂੰ ਲੱਗੇਗਾ

ਲੋਕ ਗਾਇਕ ਗਿੱਲ ਹਰਦੀਪ, ਗੁਰਿੰਦਰ ਬਰਾੜ, ਸੁਖਦੀਪ ਗਰੇਵਾਲ, ਸਿੰਘਾ, ਅਮਰ ਸੈਂਭੀ,ਅਤੇ ਨਿੰਜਾ ਆਪਣੀ ਕਲਾ ਦੇ ਜੌਹਰ ਦਿਖਾਉਣਗੇ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਡੇਅ ਮੌਕੇ ਕੈਲਗਰੀ ਦੇ ਜੈਨੇਸਿਸ ਸੈਂਟਰ ਦੀਆਂ ਖੁੱਲੀਆਂ ਗਰਾਉਂਡਾਂ ਵਿੱਚ 3 ਜੁਲਾਈ 2022 ਵਾਲੇ ਦਿਨ ਐਂਤਵਾਰ ਨੂੰ ਗਾਉਣ ਵਾਲਿਆਂ ਦਾ ਮੇਲਾ ਲੱਗੇਗਾ। ਮੇਲੇ ਦੇ ਪਰਬੰਧਕਾਂ ਪੰਮਾ ਸ਼ੇਖ ਦੌਲਤ, ਹਰਵਿੰਦਰ ਗੁਰਾਇਆ, ਗੁਰਪ੍ਰੀਤ ਸੰਧੂ ਅਤੇ ਤਲਵਿੰਦਰ ਪਰਮਾਰ ਨੇ ਦੱਸਿਆ ਕਿ "ਲੁੰਗੀ" ਗੀਤ ਨਾਲ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਧਮਾਲਾਂ ਪਾਉਣ ਵਾਲੀ ਸੁਖਦੀਪ ਗਰੇਵਾਲ ਜਿਸਦੇ ਹਾਲ ਵਿੱਚ ਹੀ "ਲੰਡਨੋ ਤਵੀਤ" ਅਤੇ "ਅਮਲੀ" ਜਿਹੇ ਗੀਤ ਲੋਕਾਂ ਦੀ ਜ਼ੁਬਾਨ ਉੱਤੇ ਹਨ ਉਹ ਵੀ ਇਸ ਮੇਲੇ ਵਿੱਚ ਹਾਜਰੀ ਭਰੇਗੀ । ਆਦਤ,ਧੋਖਾ,ਰੋਈ ਨਾ, ਅਤੇ ਉਹ ਕਿਉਂ ਨੀ ਜਾਣ ਸਕੇ ਵਰਗੇ ਗੀਤਾਂ ਨਾਲ ਨੌਜਵਾਨ ਦਿਲਾਂ ਉੱਪਰ ਛਾਉਣ ਵਾਲਾ ਨਿੰਜਾ ਅਤੇ ਦਿਲ ਮੁਟਿਆਰ ਦਾ,ਜੱਟ ਨਾਲ ਯਾਰੀ,ਬਲੈਕੀਆ, ਵਾਰਦਾਤ ਵਰਗੇ ਗੀਤ ਰਾਹੀਂ ਸੰਗੀਤ ਜਗਤ ਵਿੱਚ ਪਛਾਣ ਰੱਖਣ ਵਾਲਾ ਸਿੰਘਾ, ਸਟੇਜ ਉਪਰੋਂ ਆਪਣੀਆਂ ਪੇਸ਼ਕਾਰੀਆਂ ਕਰਨਗੇ। ਖਾਨਦਾਨੀ ਬੰਦੇ,ਸਿਕੰਦਰ, ਲਵ ਯੂ,ਕਸੂਰ,

ਅਤੇ ਕੰਗਣਾ ਵਰਗੇ ਗੀਤਾਂ ਵਾਲਾ ਅਮਰ ਸੈਂਭੀ ਵੀ ਇਸ ਮੇਲੇ ਵਿੱਚ ਪਹੁੰਚ ਰਿਹਾ ਹੈ। ਹਰ ਉਮਰ ਵਰਗ ਦੀ ਮੰਗ ਉੱਪਰ ਕੋਕਰੀ ਆਲਾ ਜੱਟ ਲੋਕ ਗਾਇਕ ਗਿੱਲ ਹਰਦੀਪ "ਸੀਟੀ ਮਾਰ ਅਰਜਨਾ ਵੇ" ਤੋਂ ਲੈਕੇ ਵਸਦਾ ਰਹੇ ਕਨੇਡਾ ਵੇ ਮੇਰੇ ਪੁੱਤ ਪ੍ਰਦੇਸੀਆਂ ਲਈ,ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ, ਉਹ ਪੰਜਾਬੀ ਨਹੀਂ ਹੁੰਦਾ ,ਯਾਰ ਪੁਰਾਣੇ,ਵਰਗੇ ਗੀਤਾਂ ਰਾਹੀ ਤੁਹਾਡਾ ਮੰਨੋਰੰਜਨ ਕਰੇਗਾ। ਕੋਈ ਟਿਕਟ ਨਹੀਂ ਬਿਲਕੁੱਲ ਫਰੀ ਮੇਲਾ ਹੈ। ਪਰਬੰਧਕਾਂ ਅਨੁਸਾਰ ਸਕਿਉਰਿਟੀ ਅਤੇ ਪੁਲਿਸ ਦਾ ਸਖਤ ਪਰਬੰਧ ਹੋਵੇਗਾ ਕਿਉਂਕਿ ਇਹ ਇੱਕ ਪਰਿਵਾਰਕ ਮੇਲਾ ਹੋਵੇਗਾ ਜਿਸ ਵਿੱਚ ਸਾਡੀਆਂ ਮਾਵਾਂ ,ਭੈਣਾਂ ,ਬੱਚੀਆਂ ਦੀ ਸਮੂਲੀਅਤ ਹੋਵੇਗੀ । ਸਮੂਹ ਕੈਲਗਰੀ ਵਾਸੀਆਂ ਅਤੇ ਹੋਰ ਨੇੜਲੇ ਸਹਿਰੀਂ ਵਸਦੇ ਪੰਜਾਬੀ ਬਾਈਚਾਰੇ ਨੂੰ ਇਸ ਮੇਲੇ ਵਿੱਚ ਆਉਣ ਲਈ ਖੁੱਲਾ ਸੱਦਾ ਹੈ । ਹੋਰ ਜਾਣਕਾਰੀ ਲਈ ਪੰਮਾ ਸ਼ੇਖ ਦੌਲਤ 403 616 1825,ਹਰਵਿੰਦਰ ਗੁਰਾਇਆ 403 918 4522,ਗੁਰਪ੍ਰੀਤ ਸੰਧੂ 403 830 7683 ਅਤੇ ਤਲਵਿੰਦਰ ਪਰਮਾਰ 403 805 0102 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬੀ ਮੂਲ ਦੀ ਰਾਜਨ ਸਾਹਨੀ ਨੇ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)

ਅਲਬਰਟਾ ਦੀ ਟਰਾਂਸਪੋਰਟ ਮੰਤਰੀ ਪੰਜਾਬੀ ਮੂਲ ਦੀ ਰਾਜਨ ਸਾਹਨੀ ਨੇ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ । 13 ਜੂਨ 2022 ਦੀ ਸਵੇਰ ਇਹ ਐਲਾਨ ਕਰਦਿਆਂ ਉਹਨਾਂ ਆਖਿਆ ਕਿ ਜੇਕਰ ਉਹ ਲੀਡਰ ਚੁਣੇ ਜਾਂਦੇ ਹਨ ਤਾਂ ਉਹ ਸੂਬਾ ਸਰਕਾਰ ਵੱਲੋਂ ਕੋਰੋਨਾ ਮਹਾ ਮਾਰੀ ਦੌਰਾਨ ਦਿਖਾਈ ਗਈ ਕਾਰਗੁਜ਼ਾਰੀ ਦੀ ਆਜ਼ਾਦਾਨਾ ਜਾਂਚ ਕਰਵਾਉਣਗੇ। ਉਨ੍ਹਾਂ ਆਖਿਆ ਕਿ ਇਸ ਜਾਂਚ ਵਿੱਚ ਅਲਬਰਟਾ ਵਾਸੀਆਂ ਨੂੰ ਦਿੱਤੀ ਗਈ ਵਿੱਤੀ ਮੱਦਦ ਮੈਂਟਲ ਹੈਲਥ ਅਤੇ ਖਾਸ ਕਰਕੇ ਬੱਚਿਆਂ ਦੇ ਸਬੰਧ ਵਿੱਚ ਚੁੱਕੇ ਗਏ ਕਦਮਾਂ ਉਪਰ ਧਿਆਨ ਕੇਂਦਰਤ ਕੀਤਾ ਜਾਵੇਗਾ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਸਾਬਕਾ ਵਿੱਤ ਮੰਤਰੀ ਟ੍ਰੈਵਿਸ ਟੋਸ ਨੇ ਵੀ ਅਹੁਦੇ ਤੋਂ ਅਸਤੀਫਾ ਦੇ ਕੇ ਲੀਡਰਸ਼ਿਪ ਰੇਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ । ਭਾਰਤੀ ਮੂਲ ਦੀ ਹੀ ਇੱਕ ਹੋਰ ਐਮ ਐਲ ਏ ਲੀਲਾ ਆਹੀਰ ਵੀ ਇਹਨਾਂ ਤੋਂ ਪਹਿਲਾਂ ਪਾਰਟੀ ਲੀਡਰਸਿੱਪ ਲਈ ਚੋਣ ਮੈਦਾਨ ਵਿੱਚ ਕੁੱਦ ਚੁੱਕੀ ਹੈ। ਜੇਕਰ ਰਾਜਨ ਸਾਹਨੀ ਇਹ ਲੀਡਰਸਿੱਪ ਦੌੜ ਜਿੱਤ ਜਾਂਦੀ ਹੈ ਤਾਂ ਉਹ ਹੀ ਅਗਲੀਆਂ ਸੂਬਾਈ ਚੋਣਾਂ ਮੌਕੇ ਆਪਣੀ ਪਾਰਟੀ ਦੇ ਜਿੱਤ ਜਾਣ ਉਪਰੰਤ ਅਲਬਰਟਾ ਦੀ ਪ੍ਰੀਮੀਅਰ ਬਣਨ ਦੀ ਦਾਅਵੇਦਾਰ ਹੋਵੇਗੀ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਉਹ ਅਲਬਰਟਾ ਸੂਬੇ ਦੀ ਪਹਿਲੀ ਪੰਜਾਬਣ ਪ੍ਰੀਮੀਅਰ ਹੋਵੇਗੀ।

ਕੈਨੇਡਾ ਵਿੱਚ ਦਾਖਲ ਹੋਣ ਵਾਲੇ ਪੂਰੀ ਤਰ੍ਹਾਂ ਵੈਕਸੀਨੇਟਡ ਅੰਤਰਰਾਸ਼ਟਰੀ ਯਾਤਰੀਆਂ ਦੇ ਰੈਂਡਮ ਕੋਵਿਡ ਟੈਸਟ ਹੁਣ ਨਹੀਂ ਹੋਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਹਵਾਈ ਅੱਡਿਆਂ ਤੇ ਲਗਾਤਾਰ ਵਧ ਰਹੀ ਭੀੜ ਤੋਂ ਰਾਹਤ ਪਾਉਣ ਲਈ ਫੈਡਰਲ ਸਰਕਾਰ ਨੇ ਐਲਾਨ ਕੀਤਾ ਹੈ ਕਿ ਹੁਣ ਕੈਨੇਡਾ ਵਿਚ ਦਾਖਲ ਹੋਣ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਲਈ ਕੋਵਿਡ 19 ਦੇ ਰੈਂਡਮ ਟੈਸਟ ਮੁਅੱਤਲ ਕਰ ਦਿੱਤੇ ਹਨ । 11ਜੂਨ 2022 ਤੋਂ 30 ਜੂਨ ਤਕ ਕਰੋਨਾ ਦੇ ਰੈਂਡਮ ਟੈਸਟ ਨਹੀਂ ਕੀਤੇ ਜਾਣਗੇ ਜਦੋਂ ਕਿ ਉਹ ਯਾਤਰੀ ਜਿਨ੍ਹਾਂ ਨੂੰ ਕੋਰੋਨਾ ਵੈਕਸੀਨ ਦੇ ਟੀਕੇ ਨਹੀਂ ਲੱਗੇ ਉਨ੍ਹਾਂ ਦੇ ਟੈਸਟ ਉਸੇ ਤਰ੍ਹਾਂ ਜਾਰੀ ਰਹਿਣਗੇ । ਇਸੇ ਤਰ੍ਹਾਂ ਪਹਿਲੀ ਜੁਲਾਈ ਤੋਂ ਹਵਾਈ ਅੱਡਿਆਂ ਉੱਪਰ ਸਭ ਯਾਤਰੀਆਂ ਲਈ ਕੋਰੂਨਾ ਦੇ ਟੈਸਟ ਬੰਦ ਕੀਤੇ ਜਾ ਰਹੇ ਹਨ ਇਹ ਜਾਣਕਾਰੀ ਟਰਾਂਸਪੋਰਟ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਹੈ। ਇਸੇ ਤਰ੍ਹਾਂ ਅਮਰੀਕਾ ਵੱਲੋਂ ਵੀ ਅੰਤਰਰਾਸ਼ਟਰੀ ਯਾਤਰੀਆਂ ਨੂੰ ਰਾਹਤ ਦਿੱਤੀ ਗਈ ਹੈ ।

SUPERVISA
Medical Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

Harpinder Sidhu
REGIONAL MANAGER
403 404 3500
sidhu.harpinder@gmail.com

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

Punjab Insurance Inc

SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2

Kewal Sangha
587 582 6666

A PLUS
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।



A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST

Complete Collison Repairs & Painting

ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ'ਤੇ ਕਰਵਾਉਣ ਲਈ ਜ਼ਰੂਰ ਆਓ।

Mike Randev
R.Gill
Tel : (403) 273-8889
Fax : (403) 273-8812

Insurance Claims
Courtesy Cars
All Work
Guaranteed

720 Moraine Road NE, Calgary, AB, T2A 2P3
Email: aclass@aclassautobady.ca

PROUDLY WESTERN CANADIAN
FOLLOW US

INNOVATIVE STONECRAFT
CRAFTED STONE VENEER

306.591.0670
PARMJOT MAAN

CANADIAN MADE

Your 1st choice for Manufactured STONE CLADDING needs in Residential & Commercial Projects.

1D, 820 51st St E
Saskatoon SK S7K0X8

FREE ESTIMATES
BEST PRICE GUARANTEE
We ship across Western Canada.

CALL NOW!
INFO@NNOVATIVESTONECRAFT.CA
WWW.INNOVATIVESTONECRAFT.CA

ਮਿੱਲਵੁੱਡਜ਼ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਵੱਲੋਂ ਕੈਨੇਡਾ ਡੇਅ ਇੱਕ ਜੁਲਾਈ ਨੂੰ ਮਨਾਇਆ ਜਾਵੇਗਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿੱਲਵੁੱਡਜ਼ ਕਲਚਰਲ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੈਨੇਡਾ ਡੇਅ 1 ਜੁਲਾਈ 2022 ਨੂੰ ਸੁਸਾਇਟੀ ਦੀ ਬਿਲਡਿੰਗ 1560 -48 ਸਟਰੀਟ ਐਡਮਿੰਟਨ ਵਿਚ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਮੁੱਖ ਮਹਿਮਾਨ ਐਡਮਿੰਟਨ ਸ਼ਹਿਰ ਦੇ ਮੇਅਰ ਅਮਰਜੀਤ ਸਿੰਘ ਸੋਹੀ ਠੀਕ ਇੱਕ ਵਜੇ ਝੰਡੇ ਨੂੰ ਸਲਾਮੀ ਦੇਣਗੇ। ਪ੍ਰੋਗਰਾਮ ਠੀਕ ਬਾਅਦ ਦੁਪਹਿਰ ਢਾਈ ਵਜੇ ਤੱਕ ਚੱਲੇਗਾ ਅਤੇ ਉਸ ਤੋਂ ਬਾਅਦ ਚਾਹ ਅਤੇ ਸਨੈਕਸ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ। ਸਾਰੇ ਐਡਮਿੰਟਨ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਇਸ ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਤੁਸੀਂ ਪ੍ਰਧਾਨ ਸੁਦਾਗਰ ਸਿੰਘ 780 906 7545 ਜਾਂ ਸਕੱਤਰ ਇੰਦਰਜੀਤ ਸਿੰਘ ਗਰੇਵਾਲ ਨਾਲ 780 680 2946 ਉਪਰ ਸੰਪਰਕ ਕਰ ਸਕਦੇ ਹੋ।

ਕਲਮਾਂ ਦੇ ਵਣਜਾਰਿਆਂ ਨੇ ਐਡਮੰਟਨ ਵਿਖੇ ਸਾਹਤਿਕ ਬੋਲਾਂ ਨਾਲ ਖੂਬ ਰੌਣਕਾਂ ਲਾਈਆਂ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਕਲਚਰਲ ਐਸੋਸ਼ੀਏਸ਼ਨ ਆਫ ਅਲਬਰਟਾ ਅਤੇ ਮੇਪਲ ਲੀਫ ਰਾਈਟਰ ਫਾਉਂਡੇਸ਼ਨ ਵੱਲੋਂ ਸਾਂਝੇ ਤੌਰ ਤੇ ਸਾਹਿਤਕ ਮਿਲਣੀ ਯਾਦਗਾਰ ਹੋ ਨਿਬੜੀ,ਜਿਸ ਦਾ ਸਿਹਰਾ ਸੁਹਿਰਦ ਲੇਖਕਾਂ ਅਤੇ ਨੌਜਵਾਨਾਂ ਪਾਠਕਾਂ ਨੂੰ ਜਾਂਦਾ ਹੈ। ਪ੍ਰਸਿੱਧ ਕਹਾਣੀਕਾਰ ਚਿੰਤਕ ਅਧਿਆਪਕ ਅਤੇ ਫਿਲਮ ਪਟਕਥਾ ਲੇਖਕ ਬਲਵਿੰਦਰ ਸਿੰਘ ਗਰੇਵਲ ਨੇ ਚਾਰ ਵੇਦਾਂ ਗੁਰਬਾਣੀ ਰਣਜੀਤ ਸਿੰਘ ਕਾਲ ਤੋਂ ਲੈ ਕੇ ਅੱਜ ਦੇ ਮਨੁੱਖ ਦੀ ਹੋਣੀ ਅਤੇ ਮੌਜੂਦਾ ਪ੍ਰਸਿਥਿਤੀਆਂ ਤੇ ਲੇਖਕ ਦੀ ਭੂਮਿਕਾ ਬਾਰੇ ਆਪਣੇ ਵਿਚਾਰ ਵਿਅਕਤ ਕਰਕੇ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਵਧ ਰਹੀ ਕਤਲੋਗਾਰਤ ਅਤੇ ਬੰਦੇ ਦੀ ਮਾਨਸਿਕਤਾ ਨੂੰ ਬਾਰੀਕਬੀਨੀ ਨਾਲ ਬਿਆਨ ਕਰਨ ਦਾ ਸਿਹਰਾ ਬਲਵਿੰਦਰ ਗਰੇਵਾਲ ਨੂੰ ਜਾਂਦਾ ਹੈ। ਡਾ ਦਵਿੰਦਰ ਦਿਲਰੂਪ ਨੇ ਜਿੱਥੇ ਆਪਣੇ ਰਿਸਰਚ ਦੇ ਕੰਮ ਬਾਰੇ ਜਾਣਕਾਰੀ ਦਿੱਤੀ ਉੱਥੇ ਆਪਣੀ ਪੁਸਤਕ ਸਰਸਰਾਹਟ ਵਿੱਚੋ ਕੁੱਝ ਗਜ਼ਲਾਂ,ਕਵਿਤਾਵਾਂ,ਖਾਸ ਕਰ ਸਾਹਿਬਾਂ ਬਾਰੇ ਕਵਿਤਾ ਬਹੁਤ ਪਸੰਦ ਕੀਤੀ ਗਈ। ਬਾਲ ਕਵਿਤਾ ਚੂਹੇ ਬਹੁਤ ਹੀ ਮਾਰਮਿਕ ਰਚਨਾ ਕਹੀ ਜਾ ਸਕਦੀ ਹੈ। ਸੰਖੇਪ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ: ਪ੍ਰਿਥਵੀ ਕਾਲੀਆ ਨੇ ਦੋਹਾਂ ਮਹਿਮਾਨ ਲੇਖਕਾਂ ਨੂੰ ਜੀ ਆਇਆਂ ਵੀ ਕਿਹਾ ਅਤੇ ਆਪਣੀ ਹਿੰਦੀ ਕਵਿਤਾ ਸੁਣਾ ਕੇ ਵਾਹ ਵਾਹੀ ਖੱਟੀ। ਅਖਨੂਰ ਕੌਰ ਨੇ ਆਪਣੇ ਦਾਦਾ ਅਜਮੇਰ ਸਿੰਘ ਔਲਖ ਨੂੰ ਯਾਦ ਕਰਦਿਆਂ ਲੇਖ ਅਤੇ ਔਲਖ ਸਾਹਿਬ ਦੀ ਕਵਿਤਾ ਸਾਂਝੀ ਕੀਤੀ।ਕਾਵਿ ਜਗਤ ਵਿੱਚ ਪੱਕੇ ਪੈਰੀਂ ਥਾਂ ਬਣਾ ਰਹੇ ਸੇਵਕ ਸਿੰਘ ਨੇ ਆਪਣੀਆਂ ਪੰਜ ਛੋਟੀਆਂ ਕਵਿਤਾਵਾਂ ਰਾਹੀ ਆਪਣਾ ਜਲੌਅ ਦਿਖਾਇਆ। ਤਸਨੂਰ ਸਿੰਘ ਨੇ ਗੀਤਾਂ ਰਾਹੀਂ ਛਹਿਬਰ ਲਾ ਕੇ ਐਡਮਿੰਟਨ ਵਿਖੇ ਨਵੀਂ ਪੌਦ ਦੀ ਤਿਆਰੀ ਦਾ ਅਸਰ ਦਿਖਾਇਆ। ਸਤੀਸ਼ ਗੁਲਾਟੀ ਨੇ ਮੰਚ ਸੰਚਾਲਨ ਕਰਦਿਆਂ ਪੁਸਤਕ ਮੇਲੇ ਲਗਾਉਣ ਚ ਆਉਂਦੀਆਂ ਮੁਸ਼ਕਲਾਂ ਦਾ ਜਿਕਰ ਕੀਤਾ ਅਤੇ ਆਪਣੀਆਂ ਦੋ ਗਜ਼ਲਾਂ ਦੇ ਸ਼ਿਅਰ ਸੁਣਾਏ। ਸਮਾਗਮ ਵਿੱਚ ਬਲਤਾਰ ਬਰਾੜ,ਹਰਦੇਵ ਵਿਰਕ,ਸ਼੍ਰੀਮਤੀ ਭੁਪਿੰਦਰ ਵਿਰਕ, ਸੁਖਿੰਦਰ ਸਿੰਘ ਅਤੇ ਉਹਨਾਂ ਦੀ ਜੀਵਨ ਸਾਥਣ, ਬਲਵਿੰਦਰ ਗਰੇਵਾਲ,ਗੁਰਜੋਤ ਸਿੰਘ,ਰਾਜਵੰਤ ਕੌਰ,ਪਵਿੱਤਰ ਸਿੰਘ,ਬਿੰਦਰ,ਡਾ:ਹਰਪ੍ਰੀਤ ਕੌਰ,ਪ੍ਰਬਹਨਸ਼ ਸਿੰਘ,ਸਵਰਨ ਸਿੰਘ,ਜਸਪ੍ਰੀਤ ਕੌਰ,ਅੰਜੂ ਗੁਲਾਟੀ, ਭੁਪਿੰਦਰ ਸਿੰਘ,ਕੁਲਮੀਤ ਸੰਘਾ ਰੇਡੀ? ਹੋਸਟ,ਬਖਸ਼ ਸੰਘਾ ਤੋਂ ਇਲਾਵਾ ਪੁਸਤਕਾਂ ਨਾਲ ਜੁੜੇ ਨਵੇਂ ਪਾਠਕਾਂ ਨੇ ਲਗਾਤਾਰ ਦੋ ਘੰਟੇ ਸਮਾਗਮ ਨੂੰ ਮਾਣਿਆ ਤੇ ਅਗਲੇ ਸਭ ਸਾਹਿਤਕ ਸਮਾਗਮ 'ਚ ਆਉਣ ਦਾ ਇਕਰਾਰ ਕੀਤਾ।

ਰਾਈਟਰਜ਼ ਫੋਰਮ ਕੈਲਗਰੀ ਦੇ ਲਿਖਾਰੀਆਂ ਨੇ ਪੰਜਾਬ ਦੇ ਮੌਜੂਦਾ ਹਿੰਸਕ ਮਾਹੌਲ ਉੱਪਰ ਚਿੰਤਾ ਜਾਹਿਰ ਕੀਤੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ 4 ਜੂਨ ਨੂੰ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਅਤੇ ਬਿੱਕਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਜਨਰਲ ਸਕੱਤਰ ਸੁਖਵੀਰ ਸਿਹੋਤਾ ਨੇ ਸਾਰਿਆਂ ਨੂੰ ਜੀ ਆਇਆਂ ਕਹਿਣ ਉਪ੍ਰੰਤ ਜੂਨ ਮਹੀਨੇ ਵਿਚ ਵਾਪਰੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਦਾ ਸੰਖੇਪ ਬਿਓਰਾ ਸਾਂਝਾ ਕੀਤਾ ਜਿਵੇਂ ਗੁਰੂ ਅਰਜਨ ਦੇਵ ਜੀ ਦੀ ਅਦੁਤੀ ਸ਼ਹਾਦਤ, ਸਾਕਾ ਨੀਲਾ ਤਾਰਾ ਵਾਲਾ ਤੀਜਾ ਘੱਲੂਘਾਰਾ, ਸ਼੍ਰੋਮਣੀ ਕਵੀਸ਼ਰ ਬਾਬੂ ਰਜਬ ਅਲੀ ਖ਼ਾਨ ਦੀ 43ਵੀਂ ਬਰਸੀ। ਲੰਘੇ ਦਿਨੀਂ ਕੈਨੇਡਾ ਸਰਕਾਰ ਅਤੇ ਸਿਕਸਿਕਾ ਨੇਸ਼ਨ ਦੇ ਮੁਖੀਆਂ ਦਰਮਿਆਨ 145 ਸਾਲ ਪਹਿਲਾਂ ਹੋਈ ਸੰਧੀ ਸੰਬੰਧੀ ਲੈਂਡ-ਕਲੇਮ ਵਜੋਂ 113 ਬਿਲੀਅਨ ਡਾਲਰ ਦੇ ਵੱਡੇ ਸਮਝੌਤੇ ਦਾ ਜ਼ਿਕਰ ਕੀਤਾ। ਨਾਲ ਹੀ ਪੰਜਾਬ ਅੰਦਰ ਹਿੰਸਕ ਅਤੇ ਹੱਤਿਆਵਾਂ ਦੇ ਮਾਹੌਲ ਤੇ ਚਿੰਤਾ ਜ਼ਾਹਿਰ ਕੀਤੀ। ਜਸਵੰਤ ਸਿੰਘ ਸੇਖੋਂ ,ਜਸਵੰਤ ਸਿੰਘ, ਜਗਦੀਸ਼ ਸਿੰਘ ਚੋਹਕਾ,ਸੇਵਾ ਸਿੰਘ ਪ੍ਰੇਮੀ,ਸੁਖਵਿੰਦਰ ਤੂਰ, ਜਗਜੀਤ ਰਹਿਸੀ,ਜੋਗਾ ਸਿੰਘ ਸਹੋਤਾ,ਬਿੱਕਰ ਸਿੰਘ ਸੰਧੂ, ਡਾ: ਮਨਮੋਹਨ ਬਾਠ,ਸੁਰਿੰਦਰ ਗੀਤ, ਅਮਰੀਕ ਸਿੰਘ ਸਰੋਆ, ਹੈਪੀ ਮਾਨ, ਸ਼੍ਰੀਮਤੀ ਪ੍ਰੇਮੀ, ਸ਼੍ਰੀਮਤੀ ਮਨਜੀਤ ਕੌਰ, ਆਪੋ ਆਪਣੇ ਢੰਗ ਨਾਲ ਰਚਨਾਵਾਂ ਜ਼ਰੀਏ ਆਪਣੀ ਹਾਜ਼ਰੀ ਲਗਵਾਈ। ਜਗਦੇਵ ਸਿੱਧੂ ਨੇ ਸੁਰਿੰਦਰ ਗੀਤ ਨੂੰ ਵੱਡੀਆਂ ਸੰਸਥਾਵਾਂ ਦੁਆਰਾ ਦਿੱਤੇ ਮਾਨ-ਸਨਮਾਨ ਬਾਰੇ ਏਨਾ ਕਿਹਾ- ਕਿਸੇ ਕਿਸੇ ਦੇ ਭਾਗੀਂ ਹੁੰਦਾ ਏਡਾ ਮਾਣ ਕਮਾਣਾ। ਉਸ ਨੇ ਬਾਬੂ ਰਜਬ ਅਲੀ ਖ਼ਾਨ ਦੀ ਸ਼ਾਇਰੀ ਵਿੱਚੋਂ ਢੁਕਵੀਆਂ ਟੂਕਾਂ ਦੇ ਕੇ ਉਸ ਨੂੰ ਬਿਰਹਾ ਦਾ ਅਨੋਖਾ ਸੁਲਤਾਨ ਕਰਾਰ ਦਿੱਤਾ। ਜਸਵੀਰ ਸਿਹੋਤਾ ਨੇ ਪੇਸ਼ਕਾਰੀਆਂ ਬਾਰੇ ਨਾਲੋ-ਨਾਲ ਮਕਬੂਲ ਸ਼ਿਅਰ ਸੁਣਾ ਕੇ ਅਤੇ ਦਿਲਚਸਪ ਟਿੱਪਣੀਆਂ ਕਰ ਕੇ ਮਾਹੌਲ ਨੂੰ ਰੌਚਕ ਬਣਾਈ ਰੱਖਿਆ।

ਵੈਨਕੂਵਰ ਜਾਂ ਟੋਰਾਂਟੋ ਦੀ ਚੋਣ ਫੀਫਾ ਵਿਸ਼ਵ ਕੱਪ ਲਈ ਹੋ ਸਕਦੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੁੱਟਬਾਲ ਦੇ ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨ ਨਾਲ ਕਿਸੇ ਵੀ ਸ਼ਹਿਰ ਦੀ ਦਿਸ਼ਾ ਤੇ ਦਸ਼ਾ ਬਦਲ ਜਾਂਦੀ ਹੈ ਇਸ ਲਈ ਹਰੇਕ ਪ੍ਰਮੁੱਖ ਸ਼ਹਿਰ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਇਸ ਵੱਡੇ ਈਵੈਂਟ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲ ਜਾਵੇ। ਸਾਲ 2026 ਵਿੱਚ ਹੋਣ ਵਾਲੇ ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ ਦੀ ਦੌੜ ਵਿੱਚ ਕੈਨੇਡਾ ਦੇ ਪ੍ਰਮੁੱਖ ਸ਼ਹਿਰ ਟੋਰਾਂਟੋ ਅਤੇ ਵੈਨਕੂਵਰ ਦਾ ਨਾਮ ਵੀ ਸ਼ਾਮਿਲ ਹੈ। ਹੁਣ ਇਨ੍ਹਾਂ ਦੋਹਾਂ ਸ਼ਹਿਰਾਂ ਨੂੰ ਜਦ ਦੋਹਾਂ ਚੋਂ ਕਿਸੇ ਇੱਕ ਨੂੰ ਮੌਕਾ ਮਿਲਦਾ ਹੈ ਜਾਂ ਨਹੀਂ ਇਹ ਆਉਂਦੇ ਦਿਨਾਂ ਵਿੱਚ ਪਤਾ ਲੱਗੇਗਾ।

ਡਿਪਰੈਸ਼ਨ ਦਾ ਸ਼ਿਕਾਰ ਲੋਕਾਂ ਲਈ ਤਿੰਨ ਮਿਲੀਅਨ ਡਾਲਰ ਖਰਚ ਹੋਣਗੇ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਜੂਦਾ ਨੱਠ ਭੱਜ ਵਾਲੀ ਜ਼ਿੰਦਗੀ ਆਪਣੇ ਭਵਿੱਖ ਨੂੰ ਲੈ ਕੇ ਚਿੰਤਾ ਆਦਿ ਕੁੱਝ ਅਜਿਹੀਆਂ ਗੱਲਾਂ ਹਨ ਜਿਸ ਕਾਰਨ ਅੱਜ ਦਾ ਨੌਜਵਾਨ ਬੇਹੱਦ ਪ੍ਰੇਸ਼ਾਨੀ ਦੇ ਆਲਮ ਵਿੱਚੋਂ ਲੰਘ ਰਿਹਾ ਹੈ ਅਤੇ ਕੁੱਝ ਮਾਮਲਿਆਂ ਵਿੱਚ ਨੌਜਵਾਨ ਇਸ ਕਦਰ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਉਨ੍ਹਾਂ ਵੱਲੋਂ ਆਤਮ ਹੱਤਿਆ ਤਕ ਵਰਗੇ ਕਦਮ ਚੁੱਕ ਲਏ ਜਾਂਦੇ ਹਨ। ਅਲਬਰਟਾ ਸੂਬੇ ਵਿੱਚ ਅਜਿਹੇ ਨੌਜਵਾਨਾਂ ਦੀ ਮੱਦਦ ਕਰਨ ਲਈ ਆਉਂਦੇ ਦੋ ਸਾਲਾਂ ਦੌਰਾਨ ਤਿੰਨ ਮਿਲੀਅਨ ਡਾਲਰ ਖਰਚ ਕਰਨ ਦਾ ਐਲਾਨ ਕੀਤਾ ਗਿਆ ਹੈ।

ਢਾਡੀ ਜੱਥਾ ਗਿਆਨੀ ਸੁਖਨਰੰਜਣ ਸਿੰਘ ਸੁੰਮਣ ਦਾ ਇੰਟਰਨੈਸ਼ਨਲ ਗੋਲਡ ਮੈਡਲਿਸਟ ਕਨੇਡਾ ਵਿਖੇ 5 ਮਹੀਨੇ ਸਿੱਖ ਸੰਗਤਾਂ ਨਾਲ ਸਾਂਝ ਪਾਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥਾ ਗਿਆਨੀ ਸੁਖਨਰੰਜਣ ਸਿੰਘ ਸੁੰਮਣ ਆਪਣੇ ਢਾਡੀ ਸਾਥੀਆਂ, ਭਾਈ ਸ਼ਮਸ਼ੇਰ ਸਿੰਘ ਖੰਡੂਰ, ਭਾਈ ਕੁਲਦੀਪ ਸਿੰਘ ਨਿੱਝਰ, ਸਰੰਗੀ ਮਾਸਟਰ ਮੱਖਣਦੀਪ ਸਿੰਘ ਤਿਹਾੜਾ ਸਮੇਤ, ਇਸ ਸਮੇਂ ਗੁਰੂ ਨਾਨਕ ਗੁਰਦੁਆਰਾ ਸਰੀ (ਡੈਲਟਾ) ਵਿਖੇ ਜੂਨ ਦਾ ਮਹੀਨਾ ਦੀਵਾਨ ਦੀਆਂ ਹਾਜ਼ਰੀਆਂ ਭਰ ਰਹੇ ਹਨ। ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਜੁਲਾਈ 2022 ਦਾ ਪੂਰਾ ਮਹੀਨਾ ਉਹ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਕੈਲਗਰੀ ਵਿਖੇ ਸਿੱਖ ਸੰਗਤਾਂ ਨਾਲ ਢਾਡੀ ਵਾਰਾਂ ਦੇ ਜ਼ਰੀਏ ਸਿੱਖ ਇਤਿਹਾਸ ਦੀ ਸਾਂਝ ਪਾਉਣਗੇ। ਇਸ ਤੋਂ ਅਗਲੇ ਮਹੀਨਿਆਂ ਦੀ ਜਾਣਕਾਰੀ ਵੀ ਪੰਜਾਬੀ ਅਖ਼ਬਾਰ ਦੇ ਜ਼ਰੀਏ ਤੁਹਾਡੇ ਤੱਕ ਪੁੱਜਦੀ ਰਹੇਗੀ। ਹੋਰ ਜਾਣਕਾਰੀ ਲਈ ਜੱਥੇ ਦੇ ਕਨੇਡਾ ਵਾਲੇ ਫੋਨ ਨੰਬਰ 604-614-9938 ਉੱਪਰ ਸੰਪਰਕ ਕਰ ਸਕਦੇ ਹੋ। ਵਰਣਨਯੋਗ ਹੈ ਕਿ ਇਸ ਜੱਥੇ ਵੱਲੋਂ ਹੁਣ ਤੱਕ ਜਫ਼ਰਨਾਮਾ,ਕੇਸਰੀ ਨਿਸ਼ਾਨ,ਮਿੱਟੀ ਦਾ ਸਰੀਰ,ਸੂਰਬੀਰ ਬਚਨ ਕੇ ਬਲੀ,ਸਾਡੇ ਸਮਿਆਂ ਦੇ ਸ਼ਹੀਦ ਅਤੇ ਧਰਮ ਦੀ ਰਾਖੀ ਨਾਂ ਦੀਆਂ ਢਾਡੀ ਰੰਗ ਵਿੱਚ ਰੰਗੀਆਂ ਪੇਸ਼ਕਾਰੀਆਂ ਰਾਹੀਂ ਸਿੱਖ ਇਤਿਹਾਸ ਨੂੰ ਸੰਗਤਾਂ ਤੱਕ ਲੈਜਾਣ ਲਈ ਯੋਗਦਾਨ ਪਾਇਆ ਗਿਆ ਹੈ।

ਕਨੇਡਾ ਦੇ ਸ਼ਹਿਰ ਬਰੈਪਟਨ ਵੱਲੋਂ ਸਵ: ਸਿੱਧੂ ਮੂਸੇਵਾਲਾ ਨੂੰ ਵੱਡਾ ਸਨਮਾਨ ਦਿੱਤਾ ਜਾਵੇਗਾ



Wards 9 & 10

MEDIA RELEASE
JUNE 8TH 2022

SIDHU MOOSE WALA TO BE CELEBRATED WITH MURAL AND WALK OF FAME STAR

Brampton, ON – At its June 8th Committee meeting, members of Council unanimously passed a motion moved by Regional Councillor Gurpreet Singh Dhillon and City Councillor Harkirat Singh to pay tribute to Brampton based musician Shubhdeep Singh Sidhu, also known as Sidhu Moose Wala.

Following requests from the community, staff was directed to find locations for a large mural to be painted by a local South-Asian based artist, a commemorative tree planted in Sidhu's memory, and consideration for inclusion into the Brampton Walk of Fame.

Community representative Remedie Brar, who delegated to Committee in support of the proposals, recognized the community's grief, and support for the initiatives to honour Sidhu.

"Brampton's Punjabi community is mourning Moose Wala's death, as seen by the thousands in attendance at the recent candle light vigil in his honour," said Brar. "As a community activist, I have been in touch with residents across the city and they are grateful to the City of Brampton for accepting our requests. I was glad to work with Councillor Dhillon and Singh to bring these initiatives forward."

Staff was advised to commence planning in order to complete the projects as quickly as possible. Councillor Dhillon and Councillor Singh advised that they will update the public accordingly.

Media Contact:
Jasmeen Kaur Kang
Strategic Advisor
416-219-7617 | jasmeen.kang@brampton.ca

Gurpreet Singh Dhillon
Regional Councillor - Wards 9 & 10
gurpreet.dhillon@brampton.ca
905.874.2609

Harkirat Singh
City Councillor - Wards 9 & 10
harkirat.singh@brampton.ca
905.874.2610

Brampton City Hall, 2 Wellington Street West, Brampton, ON L6Y 4R2

ਬਰੈਪਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 29 ਮਈ 2022 ਨੂੰ ਪੰਜਾਬ ਵਿਚ ਮਾਨਸਾ ਜਿਲੇ ਦੇ ਪਿੰਡ ਜਵਾਹਰਕੇ ਵਿਖੇ ਨੇੜੇ ਅੰਨੇਵਾਹ ਗੋਲੀਆਂ ਦੀ ਫਾਇਰਿੰਗ ਦੌਰਾਨ ਮਾਰੇ ਗਏ ਨਾਮਵਰ ਪੰਜਾਬੀ ਸਵ: ਸਿੱਧੂ ਮੂਸੇਵਾਲਾ ਨੂੰ ਉਸਦੀ ਕਰਮਭੂਮੀ ਵਾਲੇ ਕਨੇਡਾ ਦੇ ਸ਼ਹਿਰ ਬਰੈਪਟਨ ਵੱਲੋ ਵੱਡਾ ਸਨਮਾਨ ਦਿੱਤਾ ਗਿਆ ਹੈ। ਵਾਰਡ 9 ਤੇ 10 ਤੋਂ ਰਿਜਨਲ ਸਿਟੀ ਕੌਂਸਲਰ ਗੁਰਪ੍ਰੀਤ ਢਿੱਲੋ ਤੇ ਸਿਟੀ ਕੌਂਸ਼ਲਰ ਹਰਕੀਰਤ ਸਿੰਘ ਵੱਲੋਂ ਪੇਸ ਕੀਤੇ ਗਏ ਮਤੇ ਨੂੰ ਸਿਟੀ ਵੱਲੋਂ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਇਸ ਅਨੁਸਾਰ ਸਿਟੀ ਕਾਉਂਸਲ ਬਰੈਪਟਨ ਨੇ ਉਸਦਾ ਇੱਕ ਵੱਡਾ ਕੰਧ-ਚਿੱਤਰ ਲਗਾਏ ਜਾਣ ਦੇ ਮਤੇ ਨੂੰ ਮਾਨਤਾ ਦੇ ਦਿੱਤੀ ਹੈ। ਇਸ ਤੋ ਇਲਾਵਾ ਸੁਭਦੀਪ ਸਿੱਧੂ ਮੂਸੇਵਾਲਾ ਦੇ ਅੰਤਿਮ ਅਰਦਾਸ ਮੌਕੇ ਉਹਨਾ ਦੇ ਪਿਤਾ ਬਲਕੌਰ ਸਿੰਘ ਤੇ ਮਾਤਾ ਚਰਨ ਕੌਰ ਵੱਲੋਂ ਕੀਤੀ ਬੇਨਤੀ ਅਨੁਸਾਰ ਸਿੱਧੂ ਮੂਸੇਵਾਲਾ ਦੀ ਯਾਦ ਨੂੰ ਸਮਰਪਿਤ ਕਾਉਂਸਲ ਇੱਕ ਰੁੱਖ ਵੀ ਲਾਏਗੀ। ਯਾਦ ਰਹੇ ਕਿ ਸਿੱਧੂ ਮੂਸੇਵਾਲਾ ਅੰਤਰਰਾਸਟਰੀ ਵਿਦਿਆਰਥੀ ਦੇ ਤੌਰ ਤੇ ਕਨੇਡਾ ਆਇਆ ਸੀ ਅਤੇ ਉਹ ਬਰੈਪਟਨ ਦਾ ਵਸਨੀਕ ਸੀ। ਆਪਣੀ ਗਾਇਕੀ ਦੀ ਸੁਰੂਆਤ ਉਸਨੇ ਇਸੇ ਸਹਿਰ ਤੋਂ ਹੀ ਕੀਤੀ ਸੀ। ਉਹਨਾਂ ਦੇ ਅੰਤਿਮ ਵਿਛੋੜੇ ਤੇ ਕਨੇਡਾ ਅਮਰੀਕਾ ਦੇ ਮੇਨ ਸਟਰੀਮ ਮੀਡੀਏ ਨੇ ਵੀ ਵੱਡੇ ਪੱਧਰ ਉੱਪਰ ਕਵਰੇਜ ਕੀਤੀ ਸੀ। ਦੁਨੀਆਂ ਭਰ ਵਿੱਚ ਸਿੱਧੂ ਮੂਸੇਵਾਲੇ ਦੇ ਚਾਹੁੰਣ ਵਾਲਿਆਂ ਵੱਲੋਂ ਅਜੇ ਵੀ ਪ੍ਰਤੀਕਿਰਿਆਵਾਂ ਦਾ ਦੌਰ ਜਾਰੀ ਹੈ।

ਭਾਰਤੀ ਸਫਾਰਤਖਾਨੇ ਵੱਲੋਂ ਭਾਰਤੀ ਮੂਲ ਦੇ ਕਨੇਡੀਅਨ ਲੋਕਾਂ ਨੂੰ ਓ ਸੀ ਆਈ ਕਾਰਡ ਬਣਾਉਣ ਦੀ ਬੇਨਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਸਥਿੱਤ ਭਾਰਤੀ ਕੌਂਸਲ ਜਨਰਲ ਸ੍ਰੀ ਮਨੀਸ਼ ਨੇ ਆਖਿਆ ਹੈ ਕਿ ਕੋਰੋਨਾ ਮਹਾਂਮਾਰੀ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਓਸੀਆਈ ਕਾਰਡ ਯਾਨੀ ਕਿ ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ ਕਾਰਡ ਦੀ ਮਹੱਤਤਾ ਸਮਝਾ ਦਿੱਤੀ ਹੈ। ਕੈਲਗਰੀ ਦੀ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਵਿੱਚ ਪਹੁੰਚੇ ਸ੍ਰੀ ਮਨੀਸ਼ ਨੇ ਦੱਸਿਆ ਕਿ ਜਦੋਂ ਕਰੋਨਾ ਮਹਾਂਮਾਰੀ ਦੇ ਦੌਰਾਨ ਵਿਦੇਸ਼ਾਂ ਵਿੱਚ ਵਸਦੇ ਭਾਰਤੀ ਮੂਲ ਦੇ ਲੋਕਾਂ ਨੂੰ ਜ਼ਰੂਰੀ ਕੰਮਾਂ ਲਈ ਭਾਰਤ ਜਾਣ ਦੀ ਲੋੜ ਸੀ ਤਾਂ ਉਸ ਵਕਤ ਬਾਕੀ ਵੀਜ਼ੇ ਬੰਦ ਸਨ ਪਰ ਓਸੀਆਈ ਕਾਰਡ ਧਾਰਕਾਂ ਵਾਸਤੇ ਅਜਿਹੀ ਕੋਈ ਮੁਸ਼ਕਿਲ ਨਹੀਂ ਸੀ। ਉਨ੍ਹਾਂ ਦੱਸਿਆ ਕਿ ਉਸ ਸਮੇਂ ਤੋਂ ਬਾਅਦ ਹੁਣ ਓਸੀਆਈ ਕਾਰਡ ਬਣਾਉਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਨਾਲ ਹੀ ਦੂਜੇ ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕਰ ਚੁੱਕੇ ਭਾਰਤੀ ਮੂਲ ਦੇ ਲੋਕਾਂ ਨੂੰ ਆਖਿਆ ਕਿ ਉਹ ਵੱਧ ਤੋਂ ਵੱਧ ?ਸੀਆਈ ਕਾਰਡ ਬਣਾਉਣ ਤਾਂ ਕਿ ਉਹ ਆਪਣੀ ਮਿੱਟੀ ਨਾਲ ਜੁੜੇ ਰਹਿਣ ਤੇ ਉਨ੍ਹਾਂ ਨੂੰ ਭਾਰਤ ਆਉਣ ਜਾਣ ਵਿਚ ਕਿਸ ਤਰ੍ਹਾਂ ਦੀ ਕੋਈ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਓਸੀਆਈ ਕਾਰਡ ਧਾਰਕ ਸਿਰਫ਼ ਵੋਟ ਦਾ ਇਸਤੇਮਾਲ ਨਹੀਂ ਕਰ ਸਕਦੇ ਤੇ ਨਾ ਹੀ ਵਾਹੀਯੋਗ ਜ਼ਮੀਨ ਖ਼ਰੀਦ ਸਕਦੇ ਹਨ ਇਸ ਤੋਂ ਇਲਾਵਾ ਬਾਕੀ ਸਾਰੇ ਅਧਿਕਾਰ ਭਾਰਤੀ ਨਾਗਰਿਕਾਂ ਵਾਲੇ ਹੀ ਰਹਿੰਦੇ ਹਨ ।ਇਸ ਮੰਚ ਸੰਚਾਲਨ ਸੰਸਥਾ ਦੇ ਸਾਬਕਾ ਪ੍ਰਧਾਨ ਸ: ਬਲਕਾਰ ਸਿੰਘ ਸੰਧੂ ਨੇ ਕੀਤਾ ।

ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਪ੍ਰੋਫੈਸਰ ਬਲਕਾਰ ਸਿੰਘ ਦਾ ਯਾਦਗਾਰੀ ਪਲੈਕ ਨਾਲ ਸਨਮਾਨ ਕੀਤਾ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 10 ਜੂਨ 2022 ਨੂੰ ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਮਾਸਿਕ ਮਿਲਣੀ ਦੌਰਾਨ ਉੱਘੇ ਸਿੱਖ ਵਿਦਵਾਨ ਅਤੇ ਅਕਾਦਮਿਕ ਹਲਕਿਆਂ ਦੀ ਜਾਣੀ-ਪਛਾਣੀ ਹਸਤੀ ਪ੍ਰੋਫੈਸਰ ਬਲਕਾਰ ਸਿੰਘ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ। ਮੀਟਿੰਗ ਦੀ ਪ੍ਰਧਾਨਗੀ ਪ੍ਰੋ: ਬਲਕਾਰ ਸਿੰਘ, ਕੇਸਰ ਸਿੰਘ ਨੀਰ, ਮਨਜੀਤ ਸਿੰਘ ਪਿਆਸਾ ਅਤੇ ਹਰਚਰਨ ਸਿੰਘ ਪਰਹਾਰ ਨੇ ਕੀਤੀ। ਕੇਸਰ ਸਿੰਘ ਨੀਰ ਨੇ ਪ੍ਰੋ: ਬਲਕਾਰ ਸਿੰਘ ਪ੍ਰਤੀ ਸਵਾਗਤੀ ਸ਼ਬਦ ਕਹਿਣ ਉਪ੍ਰੰਤ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਅਨ ਵਿਭਾਗ' ਦੇ ਮੁਖੀ ਰਹੇ ਹਨ ਅਤੇ ਯੂਨੀਵਰਸਿਟੀ ਵਿੱਚ ਡੀਨ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਹਨ। ਉਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪਰਚਾਰ ਕਮੇਟੀ ਦੇ ਮੈਂਬਰ, ਅਕਾਲ ਤਖ਼ਤ ਸਾਹਿਬ ਦੀ ਸਲਾਹਕਾਰ ਕਮੇਟੀ ਦੇ ਵੀ ਮੈਂਬਰ ਰਹੇ ਹਨ। ਅੱਜ ਕੱਲ੍ਹ ਉਹ 'ਵਿਸ਼ਵ ਪੰਜਾਬੀ ਸੰਸਥਾ ਯੂਨੀਵਰਸਿਟੀ ਪਟਿਆਲਾ' ਦੇ ਡਾਇਰੈਕਟਰ ਹਨ। ਉਨ੍ਹਾਂ ਨੇ ਕਰੀਬ ਇੱਕ ਦਰਜਨ ਪੁਸਤਕਾਂ ਲਿਖੀਆਂ ਅਤੇ ਤਕਰੀਬਨ ਏਨੀਆਂ ਹੀ ਪੁਸਤਕਾਂ ਦੀ ਸੰਪਾਦਨਾ ਕੀਤੀ ਹੈ। ਪ੍ਰੋ: ਬਲਕਾਰ ਸਿੰਘ ਨੇ ਮੁੱਖ ਬੁਲਾਰੇ ਵੱਜੋਂ ਸਿੱਖ ਧਰਮ ਬਾਰੇ ਵਿਦਵਤਾ ਭਰਪੂਰ ਵਿਚਾਰ ਸਾਂਝੇ ਕੀਤੇ। ਉਨ੍ਹਾਂ ਆਪਣੇ ਤਜਰਬੇ ਵਿੱਚੋਂ ਅਜੋਕੇ ਸਮੇਂ ਸਿੱਖ ਸੰਸਥਾਵਾਂ ਦੇ ਨਿਘਾਰ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਹੁਣ ਸਿੱਖ ਧਰਮ ਦੇ ਅਧਿਆਤਮਕ ਪੱਖ ਨੂੰ ਰਾਜਨੀਤੀਵਾਨਾਂ ਨੇ ਗੁੰਮ ਹੋਣ ਦੀ ਕਗਾਰ ਤੇ ਲਿਆ ਖੜ੍ਹਾ ਕੀਤਾ ਹੈ। ਪਰ ਨਾਲ ਹੀ ਇਹ ਵੀ ਕਿਹਾ ਕਿ ਸਿੱਖੀ ਨੂੰ ਕੋਈ ਢਾਹ ਨਹੀਂ ਲੱਗ ਸਕਦੀ। ਸਾਨੂੰ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਅੰਦਰ ਗੁਰਬਾਣੀ ਤੋਂ ਦਿਸ਼ਾ ਲੈ ਕੇ ਚੜ੍ਹਦੀ ਕਲਾ ਵੱਲ ਜਾਣ ਦੇ ਉਪਰਾਲੇ ਕਰਨ ਦੀ ਲੋੜ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਸ੍ਰੋਤਿਆਂ ਵੱਲੋਂ ਕੀਤੇ ਗੰਭੀਰ ਮਸਲਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਕੇਸਰ ਸਿੰਘ ਨੀਰ, ਜੋਗਾ ਸਿੰਘ ਸਹੋਤਾ,ਸੁਖਵਿੰਦਰ ਸਿੰਘ ਤੂਰ, ਹਰਚਰਨ ਸਿੰਘ ਪਰਹਾਰ,ਜਗਦੇਵ ਸਿੰਘ ਸਿੱਧੂ, ਸਤਨਾਮ ਸਿੰਘ ਢਾਅ, ਕਵਿੰਦਰੀ ਸੁਰਿੰਦਰ ਗੀਤ,ਜਸਵੰਤ ਸਿੰਘ ਸੇਖੋਂ, ਪਰਮਜੀਤ ਭੰਗੂ, ਜੈਪਾਲ ਸਿੰਘ ਰਾਣੇ ਆਪੋ ਆਪਣੇ ਅੰਦਾਜ਼ ਵਿੱਚ ਮੰਚ ਉਪਰੋਂ ਹਾਜਰੀ ਲਗਵਾਈ। ਅਰਪਨ ਲਿਖਾਰੀ ਸਭਾ ਦੀ ਕਾਰਜਕਾਰਨੀ ਨੇ ਪ੍ਰੋ: ਬਲਕਾਰ ਸਿੰਘ ਨੂੰ ਯਾਦਗਾਰੀ ਪਲੈਕ ਅਰਪਿਤ ਕਰ ਕੇ ਸਨਮਾਨਿਤ ਕੀਤਾ। ਸਕੱਤਰ ਜਸਵੰਤ ਸਿੰਘ ਸੇਖੋਂ ਨੇ ਜਿੱਥੇ ਬਾ-ਖੂਬੀ ਮੀਟਿਗ ਦਾ ਸੰਚਾਲਨ ਕੀਤਾ।

ਕੈਲਗਰੀ ਵਿੱਚ ਅਗਾਂਹ-ਵਧੂ ਸੱਭਿਆਚਾਰਕ ਸੋਚ ਵਾਲੇ ਨਾਟਕ 19 ਜੂਨ ਨੂੰ ਹੋਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ 11 ਵਾਂ ਸਾਲਾਨਾ ਅਗਾਂਹ-ਵਧੂ ਸੱਭਿਆਚਰਕ ਸੋਚ ਨੂੰ ਪ੍ਰਫੁਲਤ ਕਰਨ ਵਾਲਾ ਨਾਟਕ ਸਮਾਗਮ ਇਸ ਸਾਲ ਕੈਲਗਰੀ ਦੇ ਰੈਡਸਟੋਨ ਥੀਏਟਰ ਵਿਖੇ 19 ਜੂਨ 2022 ਦਿਨ ਐਤਵਾਰ ਦੀ ਸਾਮ ਨੂੰ 4 ਵਜੇ ਤੋਂ ਲੈਕੇ 7 ਵਜੇ ਤੱਕ ਹੋਵੇਗਾ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ(ਰਜਿ:) ਦੀ ਇਸ ਪੇਸ਼ਕਾਰੀ ਦੌਰਾਨ ਖੇਡੇ ਜਾਣ ਵਾਲੇ ਨਾਟਕ ਸਿਰਫ ਹਾਸੇ ਠੱਠੇ ਜਾਂ ਮਜਾਕੀਆ ਪਾਤਰਾਂ ਵਾਲੇ ਹੀ ਨਹੀਂ ਹੁੰਦੇ ਸਗੋਂ ਇਹਨਾਂ ਨਾਟਕਾਂ ਰਾਹੀਂ ਨਰੋਆ ਸਮਾਜ ਸਿਰਜਣ, ਸਮਾਜਿਕ ਕੁਰੀਤੀਆਂ, ਰਾਜਨੀਤਕ ਗਿਰਾਵਟਾਂ, ਮਨੁੱਖਤਾ ਦੇ ਹੁੰਦੇ ਘਾਣ ਦੀ ਵਿਆਖਿਆ, ਤਰਕਵਾਦੀ ਵਿਗਿਅਨਕ ਸੋਚ, ਦੇ ਝਲਕਾਰੇ ਪੈਂਦੇ ਹੁੰਦੇ ਹਨ ਅਤੇ ਨਾਟਕਾਂ ਦੀ ਖਾਤਮੇਂ ਉਪਰੰਤ ਹਾਲ ਵਿੱਚੋਂ ਨਿਕਲਣ ਸਮੇਂ ਆਪਣੇ ਨਾਲ ਕੋਈ ਚੰਗਾ ਸੁਨੇਹਾ ਲੈਕੇ ਹੀ ਘਰਾਂ ਨੂੰ ਵਾਪਿਸ ਜਾ ਰਹੇ ਹੁੰਦੇ ਹਨ। ਇਸ ਸੰਸਥਾ ਦੇ ਮੋਢੀ ਮਾਸਟਰ ਭਜਨ ਸਿੰਘ ਗਿੱਲ ਹੋਰਾਂ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਇਸ ਸਮਾਗਮ ਦੌਰਾਨ ਦੋ ਨਾਟਕ ਖੇਡੇ ਜਾਣਗੇ ਪਹਿਲਾ ਨਾਟਕ ਹਰਕੇਸ਼ ਚੌਧਰੀ ਦਾ ਲਿਖਿਆ ਹੋਇਆ "ਪਰਿੰਦੇ ਭਟਕ ਗਏ" ਜੋ ਜਾਨ ਲੇਵਾ ਨਸ਼ਿਆਂ ਦੀ ਦਿਨੋ ਦਿਨ ਵਧ ਰਹੀ ਅਲਾਮਤ ਬਾਰੇ ਹੋਵੇਗਾ ਉਹ ਖੇਡਿਆ ਜਾਵੇਗਾ। ਦੂਸਰਾ ਨਾਟਕ ਕਨੇਡਾ ਰਹਿੰਦੇ ਹੋਏ ਕਨੇਡਾ ਦੀਆਂ ਸਮੱਸਿਆਵਾਂ ਬਾਰੇ ਹੋਵੇਗਾ। ਬੱਚਿਆ ਦੀ ਟੀਮ ਵੱਲੋਂ ਦੋ ਕੋਰੀਓਗਰਾਫੀਆਂ ਵੀ ਪੇਸ਼ ਕੀਤੀਆਂ ਜਾਣਗੀਆਂ। ਕੈਲਗਰੀ ਦੇ ਰੈਡ ਸਟੋਨ ਏਰੀਆ ਵਿੱਚ 5 ਰੈਡਸਟੋਨ ਹਾਈਟਸ ਨਾਰਥ ਈਸਟ ਵਿਖੇ ਥੀਏਟਰ ਦੇ ਦਰਵਾਜੇ ਠੀਕ ਸਾਢੇ ਤਿੰਨ ਵਜੇ ਖੁੱਲ ਜਾਣਗੇ ਅਤੇ ਸਮਾਗਮ ਦੀ ਸੁਰੂਆਤ ਠੀਕ ਚਾਰ ਵਜੇ ਹੋ ਜਾਵੇਗੀ। ਇਸ ਸਮਾਗਮ ਦੀ ਦਾਖਲਾ ਟਿਕਟ ਸਿਰਫ 10 ਡਾਲਰ ਹੀ ਰੱਖੀ ਗਈ ਹੈ। ਟਿਕਟਾਂ ਤੁਸੀਂ 403 455 4220,403 479 4220 ਜਾਂ 403 681 8689 ਉੱਪਰ ਫੋਨ ਕਰਕੇ ਲੈ ਸਕਦੇ ਹੋ।

ਇਕਬਾਲ ਰਾਮੂੰਵਾਲੀਆ ਦੀ ਪੰਜਵੀਂ ਬਰਸੀ ਦੇ ਮੌਕੇ 'ਤੇ ਉਹਨਾਂ ਦਾ ਸਿਮਰਤੀ ਗ੍ਰੰਥ ਲੋਕ ਅਰਪਣ ਹੋਵੇਗਾ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਦੀ ਸਾਹਿਤਕ ਸੰਸਥਾ, 'ਸ਼ਬਦ-ਸਾਂਝ ਕੈਲਗਰੀ' ਵੱਲੋਂ ਪੰਜਾਬੀ ਦੇ ਮਰਹੂਮ ਕਵੀ, ਕਹਾਣੀਕਾਰ, ਨਾਵਲਕਾਰ ਸਵਰਗਵਾਸੀ ਇਕਬਾਲ ਰਾਮੂੰਵਾਲੀਆ ਦੀ ਪੰਜਵੀਂ ਬਰਸੀ ਦੇ ਮੌਕੇ 'ਤੇ ਉਹਨਾਂ ਦਾ ਸਿਮਰਤੀ ਗ੍ਰੰਥ ਲੋਕ ਅਰਪਣ ਕੀਤਾ ਜਾ ਰਿਹਾ ਹੈ।ਸ਼ਬਦ ਸ਼ਾਂਝ ਕੈਲਗਰੀ ਦੀ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 18 ਜੂਨ 2022 ਦਿਨ ਸ਼ਨੀਵਾਰ ਨੂੰ ਦੁਪਹਿਰ 12 ਵਜੇ ਟੈਂਪਲ ਕਮਿਊਨਟੀ ਹਾਲ ਨੌਰਥ ਈਸਟ ਕੈਲਗਰੀ ਵਿਖੇ ਇਸ ਸੰਬੰਧੀ ਪ੍ਰੋਗਰਾਮ ਰੱਖਿਆ ਗਿਆ ਹੈ।ਇਸ ਮੌਕੇ ਨਾਮਵਰ ਸਾਹਿਤਕਾਰ ਅਤੇ ਦੋ ਵਾਰ ਦੇ ਪੀਐਚਡੀ ਪ੍ਰੋਫੈਸਰ ਡਾਕਟਰ ਸੁਰਿੰਦਰ ਧੰਜਲ ਮੁੱਖ ਬੁਲਾਰੇ ਹੋਣਗੇ।ਸਵ: ਇਕਬਾਲ ਰਾਮੂੰਵਾਲੀਆ ਦੀ ਜੀਵਨ ਸਾਥਣ ਸੁਖ ਸਾਗਰ ਅਤੇ ਉਹਨਾਂ ਦੀ ਇੱਕ ਬੇਟੀ ਵੀ ਪਰਿਵਾਰ ਵੱਲੋਂ ਇਸ ਸਮਾਗਮ ਵਿੱਚ ਹਾਜਰੀ ਭਰਨਗੇ। ਮਾਸਟਰ ਬਚਿੱਤਰ ਸਿੰਘ ਗਿੱਲ ਵੱਲੋਂ ਕਵੀਸ਼ਰੀ ਪੇਸ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਵੀ ਦਰਬਾਰ ਵੀ ਚੱਲੇਗਾ। ਭਰਪੂਰ ਸਾਹਿਤ ਚਰਚਾ ਕਰਵਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਐਡਮੰਟਨ, ਟੋਰੰਟੋ ਅਤੇ ਬੀ.ਸੀ. ਤੋਂ ਨਾਮਵਰ ਸ਼ਖਸੀਅਤਾਂ ਇਸ ਸਮਾਗਮ ਵਿੱਚ ਹਿੱਸਾ ਲੈਣ ਲਈ ਪਹੁੰਚ ਰਹੀਆਂ ਹਨ। ਸਾਰਿਆਂ ਨੂੰ ਖੁੱਲਾ ਸੱਦਾ ਪੱਤਰ ਦਿੱਤਾ ਗਿਆ ਹੈ। ਚਾਹ ਪਾਣੀ ਦਾ ਪੂਰਾ ਪ੍ਰਬੰਧ ਹੋਵੇਗਾ।



SSSS
IMMIGRATION SERVICES
www.ssssimmigration.com
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP
PROFESSIONAL
CONSTRUCTION LTD.
PAUL SEKHON
403 701 4947, 403 829 5000
www.hmphone.com

Universal Immigration Consultancy
UIC
Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
• Provincial Nominee Programs
• Express Entry
• Family/ Spouse Sponsorship
• Work Permit, Visitor Visa
• PR Card and Citizenship
• Prepare Immigration applications or related documents
• Student Recruitment and Student visa, SINP, TR to PR,
ਇੰਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇੰਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr,
Saskatoon (SK) S7L7K2 (Near Superstore West)
Regulated Canadian Immigration Consultant, CEO
Member of ICCRC

CENTURY 21
Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract.
Each office is independently owned and operated.

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
Desjardins Insurance
State Farm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿੱਖ ਸੋਸਾਇਟੀ ਕੈਲਗਰੀ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਦਾ ਆਯੋਜਿਨ ਜੂਨ ਦੇ ਪਹਿਲੇ ਹਫਤੇ ਕੀਤਾ ਗਿਆ। ਕੈਲਗਰੀ ਵਿੱਚ ਪਹਿਲੀ ਵਾਰ ਕਿਸੇ ਗੁਰਦੁਆਰਾ ਸੰਸਥਾ ਵੱਲੋਂ ਕਰਵਾਇਆ ਗਿਆ ਇਹ "ਅਕਾਦਮਿਕ ਸੈਮੀਨਾਰ" ਸੀ। ਜਿਸ ਵਿਚ ਵਿਦਵਾਨਾ ਨੇ ਖੋਜ ਭਰਪੂਰ ਪਰਚੇ ਪੜੇ। ਕੈਲਗਰੀ ਦੇ ਗੁਰੂਘਰ ਵਿਖੇ ਹੀ ਸੇਵਾ ਨਿਭਾ ਰਹੇ ਡਾ: ਦਲਜੀਤ ਸਿੰਘ ਹੋਰਾਂ ਨੇ "ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਵਿਸਮਾਦ" ਵਿਸ਼ੇ ਤੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਭੁਪਿੰਦਰ ਸਿੰਘ ਚੱਠਾ, ਡਾ ਮਾਈਕਲ ਹੋਲੀ, ਡਾ: ਹਰਜੀਤ ਸਿੰਘ ਗਰੇਵਾਲ, ਡਾ: ਸ਼ੇਰ ਜੇ ਬੀ ਸਿੰਘ, ਡਾ: ਹਰਜੋਤ ਕੌਰ, ਡਾ: ਸਤਵਿੰਦਰ ਕੌਰ ਬੈਂਸ, ਡਾ: ਦਲਜੀਤ ਸਿੰਘ, ਸ: ਜਸਪਾਲ ਸਿੰਘ ਮਾਨ, ਸ: ਗਗਨਦੀਪ ਸਿੰਘ ਈਸਰ ਅਤੇ ਸ: ਯੁਵਰਾਜ ਸਿੰਘ: ਸੈਮੀਨਾਰ ਨੂੰ ਸਫਲ ਬਣਾਉਣ ਵਿਚ ਯੋਗਦਾਨ ਪਾਉਂਦਿਆਂ ਹਾਜਰੀ ਭਰੀ

ਘਰਾਂ 'ਚ ਰਹਿ ਰਹੇ ਲੋੜਵੰਦ ਬਜ਼ੁਰਗਾਂ ਦੀ ਮੱਦਦ ਲਈ ਨਵਾਂ ਪ੍ਰੋਗਰਾਮ ਲਾਂਚ ਕੀਤਾ ਗਿਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਰਕਾਰ ਵੱਲੋਂ ਘਰਾਂ ਵਿੱਚ ਰਹਿ ਰਹੇ ਬਜ਼ੁਰਗਾਂ ਦੀ ਮੱਦਦ ਲਈ ਇੱਕ ਨਵੇਂ ਪ੍ਰੋਗਰਾਮ ਨੂੰ ਲਾਂਚ ਕੀਤਾ ਗਿਆ ਹੈ ਤਾਂ ਕਿ ਘਰਾਂ ਵਿੱਚ ਰਹਿ ਰਹੇ ਲੋੜਵੰਦ ਤੇ ਬਿਮਾਰ ਬਜ਼ੁਰਗਾਂ ਦੀ ਮਦਦ ਹੋ ਸਕੇ। ਸੀਨੀਅਰਜ਼ ਬਾਰੇ ਮੰਤਰੀ ਕਮਲ ਖਹਿਰਾ ਨੇ ਔਟਵਾ ਵਿੱਚ ਇਸ ਪ੍ਰੋਗਰਾਮ ਦਾ ਐਲਾਨ ਕਰਦਿਆਂ ਆਖਿਆ ਕਿ ਕੁੱਝ ਬਜ਼ੁਰਗ ਹੁੰਦੇ ਹਨ ਜੋ ਆਪਣੀ ਮਰਜ਼ੀ ਨਾਲ ਆਪਣੇ ਘਰਾਂ ਨੂੰ ਛੱਡ ਕੇ ਸੀਨੀਅਰ ਕੇਅਰ ਹੋਮਸ ਵਿੱਚ ਚਲੇ ਜਾਂਦੇ ਹਨ ਪਰ ਕਈ ਬਜ਼ੁਰਗਾਂ ਨੂੰ ਮਜਬੂਰੀ ਵੱਸ ਆਪਣੇ ਘਰ ਛੱਡਣੇ ਪੈਂਦੇ ਹਨ।

ਇਨ੍ਹਾਂ ਬਜ਼ੁਰਗਾਂ ਨੂੰ ਆਪਣੇ ਘਰ ਨਾ ਛੱਡਣੇ ਪੈਣ ਇਸ ਲਈ ਇਹ ਪ੍ਰੋਗਰਾਮ ਲਾਂਚ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਿਚ ਦੋ ਕੈਟਾਗਰੀਆਂ ਰੱਖੀਆਂ ਗਈਆਂ ਹਨ। ਪਹਿਲੀ ਇਨ ਹੋਮ ਸਪੋਰਟ ਪਾਇਲਟ ਪ੍ਰਾਜੈਕਟ ਹੈ ਜਿਸ ਤਹਿਤ ਯੋਗ ਬਜ਼ੁਰਗਾਂ ਨੂੰ ਖਾਣਾ ਪਹੁੰਚਾਉਣ, ਬਰਫ ਸਾਫ ਕਰਨਾ, ਯਾਰਡ ਵਰਕ ਆਦਿ ਸ਼ਾਮਿਲ ਹਨ ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ ਯੋਗ ਸੰਸਥਾਵਾਂ ਨੂੰ 8 ਲੱਖ ਡਾਲਰ ਤੱਕ ਦੀ ਮੱਦਦ ਦਿੱਤੀ ਜਾਵੇਗੀ। ਜਦੋਂ ਕਿ ਦੂਜੀ ਕੈਟਾਗਰੀ ਸਕੇਲਿੰਗ ਅਪ ਫਾਰ ਸੀਨੀਅਰਜ਼ ਹੈ। ਇਸ ਤਹਿਤ ਪਹਿਲਾਂ ਹੀ ਜੋ ਸੰਸਥਾਵਾਂ ਬਜ਼ੁਰਗਾਂ ਨੂੰ ਸੇਵਾਵਾਂ ਦੇ ਰਹੀਆਂ ਹਨ ਉਸ ਵਿੱਚ ਹੋਰ ਸੁਧਾਰ ਕੀਤਾ ਜਾਣਾ ਸ਼ਾਮਲ ਹੈ । ਇਸ ਤਹਿਤ ਯੋਗ ਸੰਸਥਾਵਾਂ ਦੋ ਮਿਲੀਅਨ ਡਾਲਰ ਤੱਕ ਦੀ ਮੱਦਦ ਪ੍ਰਾਪਤ ਕਰ ਸਕਦੀਆਂ ਹਨ ਉਨ੍ਹਾਂ ਅੱਗੇ ਆਖਿਆ ਕਿ ਇਸ ਪ੍ਰਾਜੈਕਟ ਤਹਿਤ ਆਉਣ ਵਾਲੀਆਂ ਸੰਸਥਾਵਾਂ 22 ਜੁਲਾਈ ਤਕ ਅਪਲਾਈ ਕਰ ਸਕਦੀਆਂ ਹਨ।

ਪੁਸਤਕ ਮੇਲੇ ਮੌਕੇ ਪਾਠਕਾਂ ਵੱਲੋਂ ਦਿਖਾਇਆ ਉਤਸ਼ਾਹ ਅਤੇ ਨਾਟਕਾਂ ਦੀਆਂ ਟਿਕਟਾਂ ਦੀ ਵਿਕਰੀ ਕੈਲਗਰੀ ਵਾਸੀਆਂ ਦੀ ਉਸਾਰੂ ਸੋਚ ਦਾ ਪ੍ਰਗਾਟਾਵਾ ਕਰਦੀ ਹੈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਐਤਵਾਰ 12, ਜੂਨ, 2022 ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ। ਉਨ੍ਹਾਂ ਮੀਡੀਏ ਵਲੋਂ ਕੀਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਪੁਸਤਕ ਮੇਲੇ ਦਾ ਉਦਘਾਟਨ ਮੰਡੀ ਮੁੱਲਾਂਪੁਰ ਤੋਂ ਲੋਕ ਕਲਾ ਮੰਚ ਦੇ ਲੇਖਕ ਤੇ ਡਾਇਰੈਕਟਰ ਹਰਕੇਸ਼ ਚੌਧਰੀ ਵਲੋਂ ਕੀਤਾ ਗਿਆ ਉਨ੍ਹਾਂ ਜਿੱਥੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕਾਂ ਵਲੋਂ ਵਿਦੇਸ਼ਾਂ ਵਿੱਚ ਅਜਿਹੇ ਪੁਸਤਕ ਮੇਲੇ ਲਗਾਉਣ ਦੀ ਸ਼ਲਾਘਾ ਕੀਤੀ, ਉਥੇ ਕਾਮਰੇਡ ਲੈਨਿਨ ਦੇ ਕਥਨ ਦੇ ਹਵਾਲੇ ਨਾਲ਼ ਪਾਠਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਲੈਨਿਨ ਨੇ ਕਿਹਾ ਸੀ ਕਿ ਮੈਨੂੰ ਆਪਣੇ ਨੌਜਵਾਨਾਂ ਦੇ ਹੱਥਾਂ ਵਿੱਚ ਕਿਤਾਬਾਂ ਤੇ ਜੁਬਾਨ ਤੇ ਗਾਣਿਆਂ ਬਾਰੇ ਦੱਸੋ ਤਾਂ ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ। ਬਦਕਿਸਮਤੀ ਨਾਲ਼ ਅੱਜ ਸਾਡੇ ਨੌਜਵਾਨਾਂ ਦੇ ਹੱਥਾਂ ਵਿੱਚੋਂ ਨਾ ਸਿਰਫ ਕਿਤਾਬਾਂ ਗਾਇਬ ਹੋ ਚੁੱਕੀਆਂ ਹਨ, ਸਗੋਂ ਹਥਿਆਰਾਂ, ਨਸ਼ਿਆਂ, ਗੈਂਗਵਾਰ ਦੇ ਗੀਤ ਉਨ੍ਹਾਂ ਦੀਆਂ ਜ਼ੁਬਾਨਾਂ ਤੇ ਹਨ ।ਇੱਕ ਰੋਜ਼ਾ ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਨਾ ਸਿਰਫ ਬੜੇ ਉਤਸ਼ਾਹ ਨਾਲ ਕਿਤਾਬਾਂ ਹੀ ਖਰੀਦੀਆਂ, ਸਗੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 19 ਜੂਨ, 2022 ਨੂੰ ਕਰਵਾਏ ਜਾ ਰਹੇ 11ਵੇਂ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਬੜੇ ਉਤਸ਼ਾਹ ਨਾਲ਼ ਖਰੀਦੀਆਂ ।ਪ੍ਰਬੰਧਕਾਂ ਵਲੋਂ 19 ਜੂਨ ਦੇ ਨਾਟਕ ਸਮਾਗਮ ਵਿੱਚ ਪਹੁੰਚਣ ਦਾ ਸਭ ਨੂੰ ਖੁੱਲ੍ਹਾ ਸੱਦਾ ਦਿਤਾ ।ਪੁਸਤਕ ਮੇਲੇ ਦੇ ਪ੍ਰਬੰਧਕਾਂ ਵਲੋਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ।ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ ।ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ ।ਬੇਸ਼ਕ ਇਹ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?

ਕੈਨੇਡਾ 'ਚ ਵਧੀਆਂ ਮਹਿੰਗੀਆਂ ਗੱਡੀਆਂ ਲੁੱਟਣ ਦੀਆਂ ਵਾਰਦਾਤਾਂ ਸਬੰਧੀ ਪੁਲਿਸ ਨੇ ਲੁੱਟ ਦੀ ਵੀਡੀਓ ਜਾਰੀ ਕੀਤੀ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਤੇ ਖਾਸ ਕਰਕੇ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਮਹਿੰਗੀਆਂ ਗੱਡੀਆਂ ਲੁੱਟਣ ਦੀਆਂ ਵਾਰਦਾਤਾਂ ਵਿੱਚ ਆਏ ਦਿਨ ਤੇਜ਼ੀ ਹੋ ਰਹੀ ਹੈ ਅਤੇ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਪੁਲੀਸ ਇਸ ਵਰਤਾਰੇ ਨੂੰ ਰੋਕਣ ਵਿੱਚ ਸਫ਼ਲ ਹੁੰਦੀ ਨਹੀਂ ਜਾਪ ਰਹੀ। ਲੁਟੇਰਿਆਂ ਦੇ ਹੌਸਲੇ ਇੱਥੋਂ ਤਕ ਬੁਲੰਦ ਹੋ ਚੁੱਕੇ ਹਨ ਕਿ ਉਹ ਸਿੱਧੇ ਘਰਾਂ ਵਿੱਚ ਦਾਖ਼ਲ ਹੋ ਕੇ ਵੀ ਲੁੱਟ ਖੋਹ ਕਰਨ ਅਤੇ ਬਾਅਦ ਵਿਚ ਘਰਾਂ ਦੇ ਬਾਹਰ ਖੜ੍ਹੀਆਂ ਮਹਿੰਗੀਆਂ ਗੱਡੀਆਂ ਲੈ ਕੇ ਫ਼ਰਾਰ ਹੋਣ ਤੋਂ ਵੀ ਗੁਰੇਜ਼ ਨਹੀਂ ਕਰ ਰਹੇ । ਪੀਲ ਪੁਲੀਸ ਵੱਲੋਂ ਅਜਿਹੀ ਹੀ ਇੱਕ ਵੀਡੀਓ ਜਾਰੀ ਕੀਤੀ ਗਈ ਹੈ ਜਿਸ ਵਿਚ ਪੰਜ ਹਥਿਆਰਬੰਦ ਲੁਟੇਰੇ ਮਿਸੀਸਾਗਾ ਸਥਿਤ ਇੱਕ ਘਰ ਵਿਚ ਦਾਖਲ ਹੁੰਦੇ ਹਨ ਅਤੇ ਪਰਿਵਾਰ ਕੋਲੋਂ ਨਕਦੀ ਲੁੱਟਣ ਤੋਂ ਇਲਾਵਾ ਘਰ ਦੇ ਬਾਹਰ ਖੜੀ ਗੱਡੀ ਲੈ ਕੇ ਫਰਾਰ ਹੋ ਜਾਂਦੇ ਹਨ। ਪੁਲੀਸ ਅਨੁਸਾਰ ਇਹ ਵਾਰਦਾਤ ਪਿਛਲੇ ਸਾਲ 3 ਸਤੰਬਰ 2021 ਦੇ ਕਰੀਬ ਵਾਪਰੀ । ਇਸੇ ਦੌਰਾਨ ਟੋਰਾਂਟੋ ਪੁਲੀਸ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਵੱਲੋਂ 17 ਅਤੇ 19 ਸਾਲ ਦੇ ਦੋ ਨੌਜਵਾਨਾਂ ਨੂੰ ਕਾਰਾਂ ਲੁੱਟਣ ਦੇ ਸੌ ਤੋਂ ਵੱਧ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਮਾਮਲਿਆਂ ਵਿੱਚੋਂ ਪੰਜਾਂ ਵਿਚ ਇਹ ਲੁਟੇਰੇ ਕਾਮਯਾਬ ਹੋਏ ਜਿਸ ਵਿੱਚ ਇੱਕ ਲੁਟੇਰਾ ਹਥਿਆਰ ਲੈ ਕੇ ਡਰਾਈਵ ਵੇ ਵਿੱਚ ਖੜ੍ਹੇ ਵਿਅਕਤੀ ਤਕ ਪਹੁੰਚਦਾ ਹੈ ਅਤੇ ਪਿਸਤੌਲ ਦਿਖਾ ਕੇ ਕਾਰ ਦੀ ਚਾਬੀ ਮੰਗ ਲੈਂਦਾ ਹੈ ਜਦ ਕਿ ਦੂਜਾ ਲੁਟੇਰਾ ਇੱਕ ਹੋਰ ਵਾਹਨ ਦੇ ਵਿੱਚ ਬੈਠਾ ਹੁੰਦਾ ਹੈ।

Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment

Financial Services
• RRSP
• Life Insurance
Term Life
Universal Life
• Critical Illness Insurance
• Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
83 Martindale Blvd NE Calgary, AB T3J 3M7
P: 403-453-9000 / C:403-477-5142
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।

ਸੰਪਾਦਕੀ

ਸੱਤਾ ਦੀ ਦੁਰਵਰਤੋਂ ਜਮਹੂਰੀਅਤ ਦੀ ਕਬਰ ਹੈ
-ਜੇਮਸ ਮੈਡੀਸਨ

ਕਿੱਧਰ ਜਾ ਰਹੀ ਹੈ ਮਾਨ ਸਰਕਾਰ ?

ਆਮ ਆਦਮੀ ਪਾਰਟੀ ਜਦੋਂ ਚੋਣਾਂ ਤੋਂ ਪਹਿਲਾਂ ਪੰਜਾਬ ਸਿਰ ਚੜ੍ਹੇ ਕਰਜ਼ਿਆਂ ਦੀ ਗੱਲ ਕਰਦੀ ਸੀ ਤਾਂ ਸੂਬੇ ਦੇ ਲੋਕਾਂ ਨੇ ਇਸ ਗੱਲ ਉੱਤੇ ਵਿਸ਼ਵਾਸ ਕਰ ਲਿਆ ਕਿ ਇਹ ਪਾਰਟੀ ਜਦੋਂ ਸੱਤਾ ਵਿੱਚ ਆਵੇਗੀ ਤਾਂ ਜ਼ਰੂਰ ਹੀ ਸੂਬੇ ਨੂੰ ਕਰਜ਼ੇ ਤੋਂ ਬਚਾ ਲਵੇਗੀ ਅਤੇ ਸੂਬੇ ਵਿੱਚ ਵਿਕਾਸ ਕਾਰਜਾਂ ਦੀ ਹਨ੍ਹੇਰੀ ਲਿਆ ਦੇਵੇਗੀ ਪਰ ਪਿਛਲੇ ਤਿੰਨ ਮਹੀਨਿਆਂ ਤੋਂ ਇਸ ਸਰਕਾਰ ਤੋਂ ਕੋਈ ਅਜਿਹਾ ਕੀਤਾ ਹੋਇਆ ਕੰਮ ਨਜ਼ਰ ਨਹੀਂ ਆ ਰਿਹਾ ਜਿਸ ਦਾ ਜ਼ਿਕਰ ਘਰ-ਘਰ ਹੁੰਦਾ ਹੋਵੇ। ਉਲਟਾ ਇਹ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਨਾਲੋਂ ਵੀ ਉਪਰ ਜਾ ਕੇ ਉਲਟੇ-ਪੁਲਟੇ ਕੰਮ ਕਰਨ ਲੱਗ ਪਈ ਹੈ। ਪੰਜਾਬ ਸਿਰ ਚੜ੍ਹੇ ਕਰੋੜਾਂ ਰੁਪਇਆਂ ਦੇ ਕਰਜ਼ੇ ਦੀ ਪੰਡ ਨੂੰ ਲੈ ਕੇ ਪਿਛਲੀਆਂ ਸਰਕਾਰਾਂ ਨੂੰ ਕੋਸਣ ਵਾਲੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਇਸ ਪੰਡ ਨੂੰ ਹੋਰ ਭਾਰਾ ਕਰਨ ਵੱਲ ਵਧਦੀ ਜਾਪਦੀ ਹੈ। ਮੌਜੂਦਾ ਸਰਕਾਰ ਨੂੰ ਸੱਤਾ 'ਚ ਆਏ ਭਾਵੇਂ ਅਜੇ ਤਿੰਨ ਮਹੀਨਿਆਂ ਦਾ ਹੀ ਸਮਾਂ ਹੋਇਆ ਹੈ, ਪਰ ਇਸ ਨੇ ਆਮ ਕੰਮਕਾਜ ਅਤੇ ਪ੍ਰਸ਼ਾਸਨਿਕ ਕੰਮ ਚਲਾਉਣ ਲਈ ਹਜ਼ਾਰਾਂ ਕਰੋੜ ਰੁਪਇਆਂ ਦਾ ਕਰਜ਼ਾ ਚੁੱਕ ਲਿਆ ਹੈ। ਬਿਨਾਂ ਸ਼ੱਕ ਇਸ ਨਾਲ ਪੰਜਾਬ ਅਤੇ ਪੰਜਾਬੀਆਂ 'ਤੇ ਪਿਛਲੀਆਂ ਸਰਕਾਰਾਂ ਵੱਲੋਂ ਪਾਏ ਕਰਜ਼ੇ ਦੇ ਬੋਝ ਵਿੱਚ ਹੋਰ ਵਾਧਾ ਹੋਇਆ ਹੈ। ਬੇਸ਼ੱਕ ਲੋਕਤੰਤਰਿਕ ਸ਼ਾਸਨ 'ਚ ਸਰਕਾਰਾਂ ਨੂੰ ਪ੍ਰਸ਼ਾਸਨਿਕ ਤੇ ਲੋਕ ਭਲਾਈ ਕੰਮਾਂ ਲਈ ਧਨ ਦੀ ਵੱਡੀ ਜ਼ਰੂਰਤ ਪੈਂਦੀ ਹੈ। ਇਸ ਲਈ ਸਰਕਾਰਾਂ ਲੋਕਾਂ ਕੋਲੋਂ ਧਨ ਇਕੱਠਾ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਕਰ ਅਤੇ ਫ਼ੀਸਾਂ ਲਗਾਉਂਦੀਆਂ ਰਹਿੰਦੀਆਂ ਹਨ। ਕਰਾਂ ਤੇ ਫ਼ੀਸਾਂ ਤੋਂ ਇਲਾਵਾ ਸਰਕਾਰਾਂ ਅਕਸਰ ਆਪਣੇ ਸਾਂਝੇ ਸਰੋਤਾਂ ਤੋਂ ਵੀ ਵੱਧ ਤੋਂ ਵੱਧ ਧਨ ਜੁਟਾਉਣ ਅਤੇ ਆਮਦਨ ਦੇ ਨਵੇਂ ਸਰੋਤ ਲੱਭਣ ਦਾ ਪ੍ਰਬੰਧ ਕਰਦੀਆਂ ਹਨ। ਇਸ ਲਈ ਸਰਕਾਰਾਂ ਆਪਣਾ ਅਤੇ ਆਪਣੇ ਖ਼ਰਚਿਆਂ ਦਾ ਹਿਸਾਬ-ਕਿਤਾਬ ਰੱਖਣ ਲਈ ਸਾਲਾਨਾ ਬਜਟ ਵੀ ਪੇਸ਼ ਕਰਦੀਆਂ ਹਨ ਅਤੇ ਉਸ ਅਨੁਸਾਰ ਅਗਲੇ ਸਾਲ ਲਈ ਵਿਕਾਸ ਪ੍ਰੋਗਰਾਮ ਤੈਅ ਕਰਦੀਆਂ ਹਨ। ਇਸ ਲਈ ਸਰਕਾਰਾਂ ਲੋੜ ਪੈਣ 'ਤੇ ਬੈਂਕਾਂ ਜਾਂ ਹੋਰ ਵਿੱਤੀ ਸੰਸਥਾਵਾਂ ਕੋਲੋਂ ਕਰਜ਼ਾ ਵੀ ਲੈਂਦੀਆਂ ਹਨ। ਕਰਜ਼ਾ ਲੈਣ ਦੀ ਮੌਜੂਦਾ ਪ੍ਰਥਾ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਹੀ ਫੈਲੀ ਹੈ, ਹਾਲਾਂਕਿ ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਸਮੇਂ ਕਰਜ਼ਾ ਲੈਣ ਨੂੰ ਸਿਆਸੀ ਉੱਤਮਤਾ ਲਈ ਹਾਨੀਕਾਰਕ ਮੰਨਿਆ ਜਾਂਦਾ ਸੀ।ਆਜ਼ਾਦੀ ਤੋਂ ਬਾਅਦ ਕੁੱਝ ਸਰਕਾਰਾਂ ਸਮੇਂ ਤਾਂ ਦੇਸ਼ ਦਾ ਪ੍ਰਸ਼ਾਸਨ ਸਹੀ ਢੰਗ ਨਾਲ ਚਲਦਾ ਰਿਹਾ। ਇਸ ਲਈ ਵਿਧਾਨ ਸਭਾ 'ਚ ਸਾਲਾਨਾ ਬਜਟ ਵੀ ਪੇਸ਼ ਕੀਤਾ ਜਾਂਦਾ ਅਤੇ ਫਿਰ ਜੇਕਰ ਵਾਧੂ ਫੰਡਾਂ ਦੀ ਲੋੜ ਪੈਂਦੀ ਤਾਂ ਸਦਨ ਦੇ ਅੰਦਰ ਸਾਰੀਆਂ ਸਿਆਸੀ ਪਾਰਟੀਆਂ ਦੇ ਮੈਂਬਰਾਂ ਦੀ ਹਾਜ਼ਰੀ 'ਚ ਨਵੇਂ ਪ੍ਰਸਤਾਵਾਂ ਨੂੰ ਪ੍ਰਵਾਨਗੀ ਦਿਵਾਈ ਜਾਂਦੀ। ਸਰਕਾਰਾਂ ਆਪਣੀਆਂ ਲੋੜਾਂ ਪੂਰੀਆਂ ਕਰਨ ਅਤੇ ਵਿਕਾਸ ਕੰਮਾਂ ਲਈ ਵਾਧੂ ਫੰਡ ਇਕੱਠਾ ਕਰਨ ਲਈ ਨਵੇਂ ਟੈਕਸ ਵੀ ਲਗਾਉਂਦੀਆਂ ਤੇ ਪੁਰਾਣੀਆਂ ਦਰਾਂ 'ਚ ਵੀ ਵਾਧਾ ਕਰਦੀਆਂ। ਸੂਬੇ ਦੇ ਆਮ ਲੋਕ ਸਹਿਜੇ ਹੀ ਇਸ ਨੂੰ ਮੰਨ ਵੀ ਲੈਂਦੇ ਅਤੇ ਸਰਕਾਰਾਂ ਦੀਆਂ ਇਨ੍ਹਾਂ ਕੋਸ਼ਿਸ਼ਾਂ 'ਚ ਸਹਿਯੋਗ ਵੀ ਕਰਦੇ। ਪਿਛਲੇ ਸਮੇਂ 'ਚ ਜਦੋਂ ਵੀ ਕਦੇ ਬਜਟ ਪੇਸ਼ ਕੀਤਾ ਜਾਣਾ ਹੁੰਦਾ, ਆਮ ਲੋਕ ਅਤੇ ਸਿਆਸੀ ਮਾਹਿਰ ਇਹ ਅਨੁਮਾਨ ਲਗਾਉਂਦੇ ਹਿੰਦੇ ਕਿ ਫਲਾਣੀ-ਫਲਾਣੀ ਚੀਜ਼ ਦੀ ਕੀਮਤ ਵਧ ਸਕਦੀ ਹੈ ਜਾਂ ਫਲਾਣੇ ਕਰ 'ਚ ਵਾਧਾ ਹੋ ਸਕਦਾ ਹੈ ਜਾਂ ਕੋਈ ਨਵਾਂ ਕਰ ਲਗਾਇਆ ਜਾ ਸਕਦਾ ਹੈ ਜਾਂ ਨਹੀਂ। ਪਰ ਬੀਤੇ ਤਿੰਨ-ਚਾਰ ਦਹਾਕਿਆਂ ਤੋਂ ਜਿਵੇਂ ਇਹ ਇੱਕ ਰਿਵਾਇਤ ਜਿਹੀ ਚੱਲ ਪਈ ਹੈ ਕਿ ਸਰਕਾਰਾਂ ਤੇ ਸਿਆਸੀ ਮਾਹਿਰ ਝੂਠੀ ਲੋਕਪ੍ਰਿਅਤਾ ਹਾਸਲ ਕਰਨ ਲਈ ਬਿਨਾਂ ਲਾਭ-ਹਾਨੀ ਦੇ ਕਰ ਰਹਿਤ ਬਜਟ ਪੇਸ਼ ਕਰਨ ਲੱਗੇ ਹਨ। ਇਸ ਤੋਂ ਬਾਅਦ ਪ੍ਰਸ਼ਾਸਨਿਕ ਖ਼ਰਚਾ ਚਲਾਉਣ ਲਈ ਨਾ ਸਿਰਫ਼ ਮੱਧਵਰਗ 'ਤੇ ਕਰ ਲਗਾਏ ਜਾਣ ਲੱਗੇ, ਸਗੋਂ ਵਿਕਾਸ ਕੰਮਾਂ ਦੀ ਆੜ 'ਚ ਬੈਂਕਾਂ ਤੇ ਹੋਰ ਵਿੱਤੀ ਸੰਸਥਾਵਾਂ ਤੋਂ ਵੱਡੇ-ਵੱਡੇ ਕਰਜ਼ੇ ਲਏ ਜਾਣ ਲੱਗੇ। ਸਰਕਾਰੀ ਸੰਪਤੀਆਂ ਨੂੰ ਗਿਰਵੀ ਰੱਖ ਕੇ ਜਾਂ ਵੇਚ ਕੇ ਵੀ ਪੈਸੇ ਇਕੱਤਰ ਕੀਤੇ ਗਏ, ਪਰ ਇਨ੍ਹਾਂ ਪੈਸਿਆਂ ਦਾ ਨਾ ਤਾਂ ਕੋਈ ਹਿਸਾਬ-ਕਿਤਾਬ ਰੱਖਿਆ ਜਾਂਦਾ, ਨਾ ਹੀ ਇਸ ਨਾਲ ਪਿਛਲੇ ਕਰਜ਼ ਦੀ ਅਦਾਇਗੀ ਕੀਤੀ ਜਾਂਦੀ ਰਹੀ। ਤ੍ਰਾਸਦੀ ਇਹ ਵੀ ਹੈ ਕਿ ਇਸ ਕਰਜ਼ੇ ਨੂੰ ਨਾ ਚੁਕਾਏ ਜਾਣ ਨਾਲ ਅਤੇ ਇਸ 'ਚ ਹੋਰ ਵਿਆਜ ਵੀ ਜਮ੍ਹਾਂ ਹੁੰਦੇ ਜਾਣ ਨਾਲ, ਕੁੱਲ ਕਰਜ਼ਾ ਕਿਸੇ ਸ਼ੈਤਾਨ ਦੀ ਅੰਤੜੀ ਵਾਂਗ ਵਧਦਾ ਹੀ ਚਲਾ ਗਿਆ। ਅੱਜ ਸਥਿਤੀ ਇਹ ਬਣ ਗਈ ਹੈ ਕਿ ਇਹ ਪੰਡ ਤਿੰਨ ਲੱਖ ਕਰੋੜ ਰੁਪਏ ਤੋਂ ਵੀ ਜ਼ਿਆਦਾ ਭਾਰੀ ਹੋ ਚੁੱਕੀ ਹੈ। ਇਹ ਵੀ ਇੱਕ ਅਜੀਬ ਗੱਲ ਰਹੀ ਹੈ ਕਿ ਹਰੇਕ ਸਰਕਾਰ ਇਸ ਕਰਜ਼ੇ ਦੇ ਬੋਝ ਲਈ ਦੂਜੀਆਂ ਸਰਕਾਰਾਂ ਅਤੇ ਹੋਰ ਸਿਆਸੀ ਪਾਰਟੀਆਂ 'ਤੇ ਤਾਂ ਦੋਸ਼ ਲਗਾਉਂਦੀ ਹੀ, ਪਰ ਕਿਸੇ ਨੇ ਵੀ ਕਦੇ ਇਸ ਕਰਜ਼ੇ ਦੇ ਬੋਝ ਨੂੰ ਹੌਲਾ ਕਰਨ ਜਾਂ ਘੱਟ ਤੋਂ ਘੱਟ ਵਿਆਜ ਦੀ ਅਦਾਇਗੀ ਕਰਨ ਤੱਕ ਦੀ ਕੋਸ਼ਿਸ਼ ਕਦੇ ਨਹੀਂ ਕੀਤੀ।

ਹਾਲਾਤ ਦੀ ਗੰਭੀਰਤਾ ਦੇਖੋ ਕਿ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੀ ਉਸੇ ਰਾਹ 'ਤੇ ਚੱਲ ਪਈ ਹੈ। ਉਸ ਨੇ ਵੀ ਆਪਣੇ ਪ੍ਰਸ਼ਾਸਨ ਦੇ ਸਿਰਫ਼ ਤਿੰਨ ਮਹੀਨਿਆਂ ਦੇ ਬਹੁਤ ਥੋੜ੍ਹੇ ਸਮੇਂ 'ਚ ਹੀ ਇਸ ਪੰਡ 'ਚ 9000 ਕਰੋੜ ਰੁਪਏ ਤੋਂ ਜ਼ਿਆਦਾ ਹੋਰ ਵਾਧਾ ਕਰ ਦਿੱਤਾ ਹੈ। ਇੱਥੋਂ ਤੱਕ ਕਿ ਅਪ੍ਰੈਲ ਮਹੀਨੇ 'ਚ ਦਿੱਤੇ ਜਾਣ ਵਾਲੇ ਵਿਆਜ ਦੀ ਅਦਾਇਗੀ ਵੀ 914 ਕਰੋੜ ਰੁਪਏ ਹੋ ਗਈ ਹੈ। ਇਸ ਤਰ੍ਹਾਂ ਸੂਬੇ ਸਿਰ ਵਧਦੀ ਦੈਂਤ ਰੂਪੀ ਕਰਜ਼ੇ ਦੀ ਪੰਡ ਹੌਲਾ ਹੋਣ ਦਾ ਨਾਂਅ ਨਹੀਂ ਲੈ ਰਹੀ। ਪੰਜਾਬ ਦੀਆਂ ਵਿੱਤੀ ਨੀਤੀਆਂ, ਮੌਜੂਦਾ ਸਰਕਾਰ ਦੀ ਨੀਅਤ ਅਤੇ ਸੂਬੇ ਦੇ ਲੋਕਾਂ ਦੀ ਤਕਦੀਰ ਅਜਿਹੀ ਬਣ ਚੁੱਕੀ ਹੈ ਹੈ ਕਿ ਸੂਬੇ ਦਾ ਨਵ-ਜਨਮਿਆ ਬੱਚਾ ਕਰਜ਼ੇ ਦੀ ਬਦਬੂ 'ਚ ਆਪਣਾ ਪਹਿਲਾ ਸਾਹ ਲੈਣ ਲਈ ਮਜਬੂਰ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਚੋਣ ਪ੍ਰਚਾਰ ਦੌਰਾਨ ਵੱਡਾ ਖ਼ੁਲਾਸਾ ਕੀਤਾ ਸੀ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਅਤੇ ਪੰਜਾਬੀਆਂ ਨੂੰ ਕਰਜ਼ਾਈ ਬਣਾ ਦਿੱਤਾ ਹੈ। ਸਰਕਾਰ ਬਣਨ ਤੋਂ ਬਾਅਦ ਵੀ ਉਹ ਲਗਾਤਾਰ ਦੋਸ਼ ਲਗਾਉਂਦੇ ਰਹੇ ਹਨ ਕਿ ਉਨ੍ਹਾਂ ਨੂੰ ਪਤਾ ਹੈ ਕਿ ਕਰਜ਼ਾ ਲੈ ਕੇ ਤਿੰਨ ਲੱਖ ਕਰੋੜ ਰੁਪਏ ਕੌਣ ਖਾ ਗਿਆ, ਪਰ ਹਾਲਾਤ ਦੀ ਤ੍ਰਾਸਦੀ ਇਹ ਹੈ ਕਿ ਉਨ੍ਹਾਂ ਦੀ ਆਪਣੀ ਸਰਕਾਰ ਦੇ ਕਰਜ਼ੇ ਦੀਆਂ ਬੈਸਾਖੀਆਂ ਹੋਰ ਲੰਬੀਆਂ ਹੁੰਦੀਆਂ ਜਾ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਅਤੇ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਦੇ ਮੱਦੇਨਜ਼ਰ ਆਮਦਨ ਦੇ ਸਰੋਤ ਲਗਾਤਾਰ ਘਟੇ ਹਨ, ਖਰਚੇ ਵਧਦੇ ਜਾ ਰਹੇ ਹਨ। ਸਰਕਾਰ ਦੇ ਸਿਰ 'ਤੇ ਜਿੱਥੇ ਕਰਜ਼ੇ ਦੀ ਇੱਕ ਨਵੀਂ ਪੰਡ ਤਿਆਰ ਹੋ ਗਈ ਹੈ, ਉੱਥੇ ਕਰਜ਼ੇ ਦੀ ਪੁਰਾਣੀ ਪੰਡ ਵੀ ਵਿਆਜ ਦੀ ਅਦਾਇਗੀ ਨਾ ਹੋ ਸਕਣ ਨਾਲ ਲਗਾਤਾਰ ਭਾਰੀ ਹੁੰਦੀ ਜਾ ਰਹੀ ਹੈ। ਉਧਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਦੋਸ਼ ਵੀ ਲਗਾ ਰਹੀ ਹੈ ਅਤੇ ਪੁਰਾਣੇ ਵਾਅਦਿਆਂ ਨੂੰ ਪੂਰਾ ਕਰਨ ਦੇ ਰਾਹ ਤੋਂ ਵੀ ਭੱਜ ਰਹੀ ਹੈ। ਅਸੀਂ ਸਮਝਦੇ ਹਾਂ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੂਜਿਆਂ ਦੀ ਤਸਵੀਰ 'ਚ ਕਮੀਆਂ ਲੱਭਣ ਦੀ ਬਜਾਏ ਸੂਬੇ ਨੂੰ ਨਵੀਂ ਕਿਸਮ ਦੇ ਆਪਣੇ ਵਾਅਦਿਆਂ 'ਚ ਪ੍ਰਭਾਵ ਭਰਨ ਅਤੇ ਇੱਕ ਵਧੀਆ ਪ੍ਰਸ਼ਸਨ ਮੁਹੱਈਆ ਕਰਵਾਉਣ ਲਈ ਨਵੀਂ ਤਸਵੀਰ ਬਣਾਉਣ ਲਈ ਆਪਣੇ ਯਤਨਾਂ ਨੂੰ ਸਜਾਉਣਾ ਤੇ ਸੰਵਾਰਨਾ ਚਾਹੀਦਾ ਹੈ। ਇਸੇ ਵਿੱਚ ਸਮੁੱਚੇ ਪੰਜਾਬ ਤੇ ਪੰਜਾਬੀਆਂ ਦਾ ਹਿੱਤ ਹੈ।

ਸੁਖਜਿੰਦਰ ਸਮਰਾ
ਮੋ. 95835-92000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

ਪੰਜਾਬੀਆਂ ਲਈ ਸਿਆਸਤ ਤੋਂ ਉਪਰ ਉਠ ਕੇ ਸੋਚਣ ਦਾ ਸਮਾਂ

ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਸ਼ੁਭਪ੍ਰੀਤ ਸਿੰਘ ਸਿੱਧੂ ਮੂਸੇਵਾਲਾ ਦੇ ਦਰਦਨਾਕ ਕਤਲ ਤੋਂ ਬਾਅਦ ਪੰਜਾਬ ਦੇ ਲੋਕਾਂ ਵਿੱਚ ਪੈਦਾ ਹੋਈ ਡਰ ਦੀ ਭਾਵਨਾ ਕਰਕੇ ਹਰ ਪੰਜਾਬ ਨੂੰ ਪਿਆਰ ਕਰਨ ਵਾਲੇ ਦਾ ਦਿਲ ਦਹਿਲ ਗਿਆ ਹੈ। ਮੌਤ ਭਾਵੇਂ ਕਿਸੇ ਵੀ ਸੈਲੀਬਰਿਟੀ ਜਿਨ੍ਹਾਂ ਵਿੱਚ ਕਬੱਡੀ ਖਿਡਾਰੀ ਸੰਦੀਪ ਨੰਗਲ, ਗੁਰਲਾਲ ਬਰਾੜ ਅਤੇ ਨੌਜਵਾਨ ਅਕਾਲੀ ਲੀਡਰ ਵਿਕੀ ਮਿਡੂਖੇੜਾ ਵਰਗੇ ਨੌਜਵਾਨਾਂ ਦੀ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਦੀ ਹੋਵੇ, ਉਹ ਵੀ ਉਤਨੀ ਹੀ ਦਰਦਨਾਕ ਸੀ, ਜਿਤਨੀ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਹੋਈ ਹੈ। ਮੌਤ ਇੱਕ ਅਟੱਲ ਸਚਾਈ ਹੈ ਪ੍ਰੰਤੂ ਇਹ ਕਿਵੇਂ ਤੇ ਕਿਉਂ ਹੋਈ, ਇਹ ਇਨਸਾਨ ਨੂੰ ਹਲੂਣ ਕੇ ਰੱਖ ਦਿੰਦੀ ਹੈ ? ਕੁਦਰਤੀ ਢੰਗ ਨਾਲ ਹੋਈ ਮੌਤ ਨੂੰ ਬਰਦਾਸ਼ਤ ਕਰਨਾ ਸੌਖਾ ਹੁੰਦਾ ਹੈ ਪ੍ਰੰਤੂ ਜਿਹੜੀ ਅਚਾਨਕ ਮੌਤ ਹੋਵੇ ਉਹ ਬਹੁਤ ਦੁੱਖਦਾਈ ਹੁੰਦੀ ਹੈ। ਮੌਤ ਭਾਵੇਂ ਕਿਸੇ ਵੀ ਮਾਂ ਦੇ ਪੁੱਤ-ਧੀ ਦੀ ਹੋਵੇ, ਉਹ ਹਮੇਸ਼ਾ ਦੁੱਖਦਾਈ ਅਤੇ ਅਤਿਅੰਤ ਦਰਦਨਾਕ ਹੁੰਦੀ ਹੈ। ਅਜਿਹੀਆਂ ਮੌਤਾਂ ਨੂੰ ਤਥਾ ਕਥਿਤ ਗੈਂਗਸਟਰਾਂ ਦੇ ਨਾਮ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਹ ਕੌਣ ਲੋਕ ਹਨ ? ਇਹ ਵੀ ਕਿਸੇ ਮਾਂ-ਪਿਓ ਦੇ ਪੁੱਤ-ਧੀ, ਭੈਣ-ਭਰਾ ਅਤੇ ਪਤੀ-ਪਤਨੀ ਹੁੰਦੇ ਹਨ। ਉਨ੍ਹਾਂ ਨੂੰ ਵੀ ਹਮਦਰਦੀ, ਪਿਆਰ ਅਤੇ ਸਤਿਕਾਰ ਦੀ ਲੋੜ ਹੁੰਦੀ ਹੈ। ਫਿਰ ਉਹ ਕਿਉਂ ਅਜਿਹੇ ਕੰਮਾ ਵਿੱਚ ਪੈ ਕੇ ਮਾਂ-ਪਿਓ, ਭੈਣ-ਭਰਾ ਅਤੇ ਪਤੀ-ਪਤਨੀ ਨੂੰ ਸੰਤਾਪ ਭੋਗਣ ਲਈ ਮਜ਼ਬੂਰ ਕਰਦੇ ਹਨ। ਸਮਾਜ ਨੂੰ ਇਹ ਸੋਚਣਾ ਹੋਵੇਗਾ ਕਿ ਉਹ ਕਿਹੜੇ ਹਾਲਾਤ ਵਿੱਚ ਇਸ ਪਾਸੇ ਨੂੰ ਮੁੱਖ ਮੋੜਦੇ ਹਨ ? ਜਦੋਂ ਕਿ ਉਨ੍ਹਾਂ ਦੇ ਪਰਿਵਾਰ ਇਹ ਕੁਝ ਨਹੀਂ ਚਾਹੁੰਦੇ ਹੁੰਦੇ, ਕਿਉਂਕਿ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਹਮੇਸ਼ਾ ਜਾਨ ਤਲੀ 'ਤੇ ਧਰੀ ਹੁੰਦੀ ਹੈ। ਸਮਾਜ ਵਿੱਚ ਵੀ ਬਦਨਾਮੀ ਹੁੰਦੀ ਹੈ। ਡਰ ਅਤੇ ਸਹਿਮ ਦੇ ਮਾਹੌਲ ਵਿੱਚ ਜੀਵਨ ਬਤੀਤ ਕਰਨਾ ਪੈਂਦਾ ਹੈ। ਸਰਕਾਰੀ ਤੰਤਰ ਉਨ੍ਹਾਂ ਦਾ ਜੀਣਾ ਦੁੱਭਰ ਕਰ ਦਿੰਦਾ। ਉਹ ਹਮੇਸ਼ਾ ਪੁਲਿਸ ਦੀ ਹਿਟ ਲਿਸਟ ਤੇ ਹੁੰਦੇ ਹਨ। ਪੁਲਿਸ ਪਰਿਵਾਰਾਂ ਨੂੰ ਵੀ ਤੰਗ ਪ੍ਰੇਸ਼ਾਨ ਕਰਦੀ ਰਹਿੰਦੀ ਹੈ। ਇਹ ਪੰਜਾਬੀਆਂ ਲਈ ਗੰਭੀਰਤਾ ਨਾਲ ਸੋਚਣ ਦਾ ਸਮਾਂ ਹੈ। ਸਭ ਤੋਂ ਪਹਿਲੀ ਗੱਲ ਉਨ੍ਹਾਂ ਨੂੰ ਅਜਿਹੇ ਪਾਸੇ ਜਾਣ ਤੋਂ ਰੋਕਣ ਲਈ ਵਾਤਾਵਰਨ ਭਾਈਚਾਰਕ ਸਾਂਝੀਵਾਲਤਾ ਵਾਲਾ ਬਣਾਇਆ ਜਾਵੇ। ਇਹ ਸਮੁੱਚੇ ਭਾਈਚਾਰੇ ਦੀ ਜ਼ਿੰਮੇਵਾਰੀ ਬਣਦੀ ਹੈ। ਸਾਡੇ ਸਾਰੇ ਧਰਮਾ ਦੇ ਮੁੱਖੀਆਂ ਨੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਹੈ। ਕੋਈ ਵੀ ਧਰਮ ਮਾਰਧਾੜ ਅਤੇ ਕਤਲੇਆਮ ਵਿੱਚ ਯਕੀਨ ਨਹੀਂ ਰੱਖਦਾ। ਪੰਜਾਬੀਆਂ ਨੂੰ ਉਸ ਤੇ ਪਹਿਰਾ ਦਿੰਦੇ ਹੋਏ ਆਪਣੇ ਬੱਚਿਆਂ ਨੂੰ ਆਪਸੀ ਪਿਆਰ ਨਾਲ ਵਿਚਰਣ ਦੀ ਸਿਖਿਆ ਦਿੱਤੀ ਜਾਵੇ। ਉਨ੍ਹਾਂ ਨੂੰ ਆਤਮ ਨਿਰਭਰ ਅਤੇ ਹੱਥੀਂ ਕੰਮ ਕਰਨ ਦੀ ਸਿਖਿਆ ਦਿੱਤੀ ਜਾਵੇ ਕਿਉਂਕਿ ਸਰਕਾਰੀ ਨੌਕਰੀਆਂ ਦਾ ਸਮਾਂ ਖ਼ਤਮ ਹੋ ਗਿਆ ਹੈ।

ਸੰਸਾਰ ਵਿੱਚ ਪ੍ਰਾਈਵੇਟ ਕਾਰੋਬਾਰ ਦਾ ਯੁਗ ਹੈ। ਸਰਕਾਰਾਂ ਫੇਲ੍ਹ ਹੋ ਚੁੱਕੀਆਂ ਹਨ। ਸਰਕਾਰਾਂ ਨੂੰ ਵੀ ਆਪਣੀਆਂ ਨੀਤੀਆਂ ਵਿੱਚ ਤਬਦੀਲੀਆਂ ਕਰਕੇ ਨੌਜਾਵਾਨਾ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਅਤੇ ਰੋਜ਼ਗਾਰ ਮੁਹੱਈਆਂ ਕਰਵਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਪਾਸੇ ਸਿਆਸੀ ਪਾਰਟੀਆਂ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ, ਬਸ਼ਰਤੇ ਕਿ ਉਹ ਸਿਆਸਤ ਤੋਂ ਉਪਰ ਉਠਕੇ ਪੰਜਾਬ ਦੇ ਭਲੇ ਬਾਰੇ ਸੰਜੀਦਾ ਹੋਣ। ਘਿਰਣਾ ਦੀ ਸਿਆਸਤ ਨੂੰ ਤਿਲਾਂਜਲੀ ਦਿੱਤੀ ਜਾਵੇ। ਜਿਸ ਤਰ੍ਹਾਂ ਹੁਣ ਸਮੁੱਚਾ ਪੰਜਾਬ ਅਤੇ ਸਿਆਸੀ ਪਾਰਟੀਆਂ ਸ਼ੁਭਪ੍ਰੀਤ ਸਿੰਘ ਸਿੱਧੂ ਮੂਸੇਵਾਲਾ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰ ਰਹੀਆਂ ਹਨ, ਉਸੇ ਤਰ੍ਹਾਂ ਉਨ੍ਹਾਂ ਨੂੰ ਹਰ ਅਜਿਹੀ ਮੌਤ 'ਤੇ ਦੁੱਖ ਪ੍ਰਗਟ ਕਰਨਾ ਚਾਹੀਦਾ ਹੈ। ਅਜੇ ਵੀ ਸਮਾਂ ਹੈ ਕਿ ਜਿਵੇਂ ਇਹ ਸਾਰੀਆਂ ਸਿਆਸੀ ਪਾਰਟੀਆਂ ਹਮਦਰਦੀ ਵਿਖਾਉਣ ਲਈ ਇਕ ਦੂਜੇ ਤੋਂ ਅੱਗੇ ਹੋ ਰਹੀਆਂ ਹਨ, ਉਸੇ ਤਰ੍ਹਾਂ ਆਪਸੀ ਦੁਸ਼ਮਣੀ, ਰੰਜਸ਼ ਅਤੇ ਵਿਰੋਧ ਨੂੰ ਤਿਲਾਂਜ਼ਲੀ ਦੇ ਕੇ ਇਕੱਮੁੱਠਤਾ ਨਾਲ ਇਸ ਸਮੱਸਿਆ ਦੇ ਹਲ ਲਈ ਸਾਂਝੇ ਤੌਰ ਲੋਕ ਰਾਇ ਬਣਾਉਣ ਤਾਂ ਜੋ ਕਿਸੇ ਵੀ ਮਾਂ-ਪਿਓ ਦੇ ਪੁੱਤ ਦੀ ਮੌਤ ਇਸ ਪ੍ਰਕਾਰ ਨਾ ਹੋਵੇ। ਘਿਰਣਾ ਦੀ ਥਾਂ ਪਿਆਰ ਅਤੇ ਸਦਭਾਵਨਾ ਦਾ ਵਾਤਾਵਰਨ ਪੈਦਾ ਕੀਤਾ ਜਾਵੇ। ਸਿਆਸੀ ਰੋਟੀਆਂ ਸੇਕਣ ਤੋਂ ਪ੍ਰਹੇਜ਼ ਕੀਤਾ ਜਾਵੇ। ਹਰ ਇਕ ਇਨਸਾਨ ਨੇ ਇਕ ਨਾ ਇਕ ਦਿਨ ਇਸ ਸੰਸਾਰ ਨੂੰ ਅਲਵਿਦਾ ਕਹਿਣੀ ਹੈ, ਫਿਰ ਕਿਸੇ ਦਾ ਬੁਰਾ ਕਿਉਂ ਕੀਤਾ ਜਾਵੇ। ਸਮੇਂ ਤੋਂ ਪਹਿਲਾਂ ਨਾ ਕਿਸੇ ਨੂੰ ਮਾਰਿਆ ਜਾਵੇ। ਵਿਓਪਾਰੀਆਂ ਲਈ ਵੀ ਇਕ ਬੇਨਤੀ ਹੈ ਕਿ ਉਹ ਆਪਣਾ ਕਾਰੋਬਾਰ ਸਾਫ਼ ਸੁਥਰੇ ਢੰਗ ਨਾਲ ਕਰਨ, ਮੁਨਾਫਾ ਜ਼ਾਇਜ ਲਿਆ ਜਾਵੇ। ਲੋਕਾਂ ਦੇ ਗਲ ਘੁੱਟ ਕੇ ਮੁਨਾਫਾ ਨਾ ਕਮਾਇਆ ਜਾਵੇ। ਮਜ਼ਦੂਰਾਂ ਨੂੰ ਮਜ਼ਦੂਰੀ ਦਾ ਸਹੀ ਮੁੱਲ ਦਿੱਤਾ ਜਾਵੇ। ਕਿਸੇ ਇਨਸਾਨ ਨਾਲ ਜ਼ਿਆਦਤੀ ਨਾ ਕੀਤੀ ਜਾਵੇ।

ਪੰਜਾਬ ਦਾ ਇਤਿਹਾਸ ਅਮੀਰ ਵਿਰਾਸਤ ਦਾ ਪ੍ਰਤੀਕ ਹੈ। ਗੁਰੂਆਂ ਪੀਰਾਂ ਦੀ ਧਰਤੀ ਦੀ ਪਵਿਤਰਤਾ ਮੁੜ ਬਹਾਲ ਕੀਤੀ ਜਾਵੇ। ਕਿਉਂਕਿ ਕੋਈ ਵੀ ਧਰਮ ਗ੍ਰੰਥ ਇਨਸਾਨੀਅਤ ਦਾ ਕਤਲ ਕਰਨ ਦੀ ਇਜ਼ਾਜਤ ਨਹੀਂ ਦਿੰਦਾ। ਫਿਰ ਸਾਡੇ ਨੌਜਵਾਨ ਕਿਉਂ ਗੁਮਰਾਹ ਹੋ ਰਹੇ ਹਨ। ਅਜਿਹੇ ਜੀਵਨ ਦਾ ਕੀ ਲਾਭ ਜਿਸ ਵਿੱਚ ਇਨਸਾਨ ਹਮੇਸ਼ਾ ਡਰ ਦੀ ਭਾਵਨਾ ਨਾਲ ਸੂਲੀ 'ਤੇ ਟੰਗਿਆ ਰਹੇ। ਸਿਆਸੀ ਪਾਰਟੀਆਂ ਲਈ ਚੋਣਾ ਤਾਂ ਆਉਂਦੀਆਂ ਰਹਿਣਗੀਆਂ ਪ੍ਰੰਤੂ ਪੰਜਾਬੀਆਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨੀ ਅਸੰਭਵ ਹੈ। ਅੱਸੀਵਿਆਂ ਵਿੱਚ ਪੰਜਾਬ ਨੇ ਸੰਤਾਪ ਭੋਗ ਕੇ ਵੇਖਿਆ ਹੈ। ਹਜ਼ਾਰਾਂ ਮਾਵਾਂ ਦੇ ਨੌਜਵਾਨ ਪੁੱਤ ਅਖਾਉਤੀ ਅਤਿਵਾਦ, ਆਪਸੀ ਧੜੇਬੰਦੀ ਅਤੇ ਸਰਕਾਰੀ ਤੰਤਰ ਦੀਆਂ ਕਾਰਵਾਈਆਂ ਦਾ ਸ਼ਿਕਾਰ ਹੋ ਕੇ ਜਾਨਾ ਗੁਆ ਚੁੱਕੇ ਹਨ। ਉਨ੍ਹਾਂ ਘਟਨਾਵਾਂ ਦੇ ਪ੍ਰਤੀਕਰਮ ਵਜੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰੂ ਘਰਾਂ ਵਿੱਚ ਜ਼ੁਲਮ ਹੋਏ ਤੇ ਜਾਨਾ ਗਈਆਂ। ਅਨੇਕਾਂ ਮਾਵਾਂ ਦੇ ਪੁੱਤ, ਭੈਣਾ ਦੇ ਭਰਾ ਅਤੇ ਇਸਤਰੀਆਂ ਦੇ ਪਤੀ ਮੌਤ ਦੇ ਮੂੰਹ ਵਿੱਚ ਚਲੇ ਗਏ। ਬੱਚੇ ਅਨਾਥ ਹੋ ਗਏ। ਪੰਜਾਬ ਦੀ ਆਰਥਿਕਤਾ ਸੁਰੱਖਿਆ ਏਜੰਸੀਆਂ ਤੇ ਹੋਏ ਖ਼ਰਚੇ ਕਰਕੇ ਡਾਵਾਂ ਡੋਲ ਹੋ ਗਈ, ਜਿਸਦਾ ਸੰਤਾਪ ਅੱਜ ਤੱਕ ਪੰਜਾਬ ਭੁਗਤ ਰਿਹਾ ਹੈ। ਅਜੇ ਤੱਕ ਉਹ ਜ਼ਖ਼ਮ ਅੱਲੇ ਹਨ। ਇਸ ਲਈ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਆਪਣੀ ਅੰਤਹਕਰਨ ਦੀ ਆਵਾਜ਼ ਸੁਣਕੇ ਵਰਤਮਾਨ ਅਸਥਿਰਤਾ ਦੀ ਸਥਿਤੀ ਦਾ ਮੁਕਾਬਲਾ ਕਰਨ ਲਈ ਸਰਬ ਪਾਰਟੀ ਦੀ ਮੀਟਿੰਗ ਬੁਲਾਕੇ ਏਕਤਾ ਦਾ ਸਬੂਤ ਦੇਣਾ ਚਾਹੀਦਾ ਹੈ। ਪਹਿਲ ਕਰਨਾ ਸਰਕਾਰ ਦਾ ਫਰਜ ਬਣਦਾ ਹੈ। ਅਜਿਹੇ ਕਤਲਾਂ ਨੂੰ ਟਾਰਗੈਟ ਕਿਲਿੰਗ ਕਹਿਕੇ ਸਰਕਾਰ ਆਪਣੇ ਫਰਜ਼ਾਂ ਤੋਂ ਮੁਨਕਰ ਨਹੀਂ ਹੋ ਸਕਦੀ। ਸਰਕਾਰ ਨੂੰ ਕੋਈ ਠੋਸ ਨੀਤੀ ਬਣਾਕੇ ਸਰਬਸੰਮਤੀ ਨਾਲ ਫ਼ੈਸਲਾ ਕਰਨਾ ਚਾਹੀਦਾ ਹੈ। ਜੇਕਰ ਸਿਆਸੀ ਲੋਕ ਹੁਣ ਵੀ ਨਾ ਸਮਝੇ ਤਾਂ ਪੰਜਾਬ ਦੀ ਜਵਾਨੀ ਨੂੰ ਬਚਾਉਣਾ ਅਸੰਭਵ ਹੋ ਜਾਵੇਗਾ। ਪਹਿਲਾਂ ਹੀ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਲਪੇਟ ਵਿੱਚ ਆਈ ਹੋਈ ਹੈ। ਨੌਜਵਾਨਾ ਦੀ ਕਾਊਂਸਿਲੰਗ ਕਰਨ ਲਈ ਪ੍ਰਬੰਧ ਕਰਨੇ ਚਾਹੀਦੇ ਹਨ।

ਨੌਜਵਾਨਾਂ ਨੂੰ ਵੀ ਕਿਸੇ ਦੀ ਤਰੱਕੀ 'ਤੇ ਖ਼ਾਰ ਨਹੀਂ ਖਾਣੀ ਚਾਹੀਦੀ ਸਗੋਂ ਮੁਕਾਬਲੇ ਦੀ ਭਾਵਨਾ ਨਾਲ ਖੁਦ ਤਰੱਕੀ ਕਰਨ ਦੇ ਉਪਰਾਲ ਕਰਨੇ ਚਾਹੀਦੇ ਹਨ। ਜੇਲ੍ਹਾਂ ਵਿੱਚ ਬੰਦ ਨੌਜਵਾਨਾ ਨੂੰ ਸਿੱਧੇ ਰਸਤੇ ਪਾਉਣ ਲਈ ਉਨ੍ਹਾਂ ਦੇ ਮਾਪਿਆਂ ਦੀ ਸਹਿਮਤੀ ਨਾਲ ਕਾਊਂਸਿਲੰਗ ਕਰਨ ਵਾਲੀਆਂ ਟੀਮਾ ਜੇਲ੍ਹਾਂ ਦੇ ਦੌਰੇ ਕਰਕੇ ਸਮਝਾਉਣ ਦੀ ਕੋਸ਼ਿਸ਼ ਕਰਨ । ਨੌਜਵਾਨਾ ਦੇ ਮਾਪੇ ਆਪਣੇ ਬੱਚਿਆਂ ਦੀ ਜ਼ਿੰਮੇਵਾਰੀ ਲੈਣ ਤਾਂ ਜੋ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ। ਪੁਲਿਸ, ਜੇਲ੍ਹ ਅਤੇ ਸਿਵਲ ਅਧਿਕਾਰੀਆਂ ਨੂੰ ਵੀ ਆਪਣੀ ਸੋਚ ਬਦਲਨੀ ਪਵੇਗੀ ਤਾਂ ਜੋ ਨੌਜਵਾਨਾ ਨੂੰ ਸਿੱਧ ਰਸਤੇ ਪਾਇਆ ਜਾ ਸਕੇ।

ਅਸੀਂ ਪਾਰਲੀਮੈਂਟ ਵੱਲ ਨਹੀਂ, ਪ੍ਰਧਾਨ ਮੰਤਰੀ ਵੱਲ ਝਾਕਦੇ ਹਾਂ

ਦਲੀਪ ਸਿੰਘ ਵਾਸਨ, ਐਡਵੋਕੇਟ
0175 5191856
101-ਸੀ ਵਿਕਾਸ ਕਲੋਨੀ, ਪਟਿਆਲਾ- 147001

ਅਸੀਂ ਆਜ਼ਾਦੀ ਬਾਅਦ ਜਿਹੜਾ ਵੀ ਇਹ ਪਰਜਾਤੰਤਰ ਕਾਇਮ ਕੀਤਾ ਹੈ ਇਸ ਵਿੱਚ ਚੋਣਾਂ ਕਰਕੇ ਅਸੀਂ ਪਾਰਲੀਮੈਂਟ ਦੀਆਂ ਸੀਟਾਂ ਭਰ ਲੈਂਦੇ ਹਾਂ ਅਤੇ ਪਹਿਲਾਂ ਤੋਂ ਹੀ ਕੋਈ ਬਣਕੇ ਖਲੋਤਾ ਆਦਮੀ ਸਾਡਾ ਪ੍ਰਧਾਨਮੰਤਰੀ ਬਣ ਜਾਂਦਾ ਹੈ। ਅਰਥਾਤ ਜਿਸ ਵੀ ਸੰਭਾਵੀ ਪ੍ਰਧਾਨ ਮੰਤਰੀ ਦੇ ਜ਼ਿਆਦਾ ਸਪੋਰਟਰ ਪਾਰਲੀਮੈਂਟ ਵਿੱਚ ਜ਼ਿਆਦਾ ਆ ਪੁੱਜਦੇ ਹਨ ਉਹ ਆਦਮੀ ਹੀ ਪ੍ਰਧਾਨ ਮੰਤਰੀ ਬਣ ਜਾਂਦਾ ਹੈ। ਇਹ ਵੀ ਸਾਫ ਹੈ ਕਿ ਮੁਲਕ ਦੇ ਲੋਕੀਂ ਕਿਸੇ ਨਾ ਕਿਸੇ ਸੰਭਾਵੀ ਪ੍ਰਧਾਨ ਮੰਤਰੀ ਨੂੰ ਹੀ ਸਾਹਮਣੇ ਰਖਕੇ ਵੋਟਾਂ ਪਾਉਂਦੇ ਹਨ । ਇਹ ਵੀ ਸਪਸ਼ਟ ਹੈ ਕਿ ਇਹ ਜਿਹੜੇ ਵੀ ਉਮੀਦਵਾਰ ਸਾਡੇ ਇਲਾਕੇ ਵਿੱਚ ਸਾਡੇ ਸਾਹਮਣੇ ਕੀਤੇ ਜਾਂਦੇ ਹਨ ਇਹ ਲੋਕਾਂ ਦੇ ਪ੍ਰਤੀਨਿਧ ਨਹੀਂ ਹਨ ਬਲਕਿ ਇਹ ਆਦਮੀ ਤਾਂ ਕਿਸੇ ਨਾਂ ਕਿਸੇ ਸੰਭਾਵੀ ਪ੍ਰਧਾਨ ਮੰਤਰੀ ਨੇ ਹੀ ਸਾਡੇ ਸਾਹਮਣੇ ਇਹ ਆਖਕੇ ਖੜੇ ਕੀਤੇ ਹੁੰਦੇ ਹਨ ਕਿ ਇਹ ਉਸਦੇ ਹੱਥ ਮਜ਼ਬੂਤ ਕਰੇਗਾ। ਸਾਨੂੰ ਸਾਫ ਪਤਾ ਹੈ ਕਿ ਇਹ ਉਮੀਦਵਾਰ ਸਾਡੇ ਪ੍ਰਤੀਨਿਧ ਨਹੀਂ ਹਨ, ਬਲਕਿ ਕਿਸੇ ਨਾਂ ਕਿਸੇ ਸੰਭਾਵੀ ਪ੍ਰਧਾਨ ਮੰਤਰੀ ਦੇ ਸਪੋਰਟਰ ਹਨ ਅਤੇ ਕਦੀ ਵੀ ਕਿਸੇ ਉਮੀਦਵਾਰ ਨੇ ਸਾਨੂੰ ਆਕੇ ਇਹ ਨਹੀਂ ਆਖਿਆ ਹੁੰਦਾ ਅਤੇ ਨਾਂ ਹੀ ਕੋਈ ਵਾਅਦਾ ਹੀ ਕੀਤਾ ਹੁੰਦਾ ਹੈ ਕਿ ਸਦਨ ਵਿੱਚ ਜਾਕੇ ਉਹ ਆਪਣੇ ਇਲਾਕੇ ਦੇ ਲੋਕਾਂ ਦੀ ਨੁਮਾਇੰਦਗੀ ਕਰੇਗਾ।

ਇਹ ਹੈ ਸਾਡੇ ਮੁਲਕ ਦਾ ਪਰਜਾਤੰਤਰ ਅਤੇ ਇਹ ਹੈ ਸਾਡੀ ਪਾਰਲੀਮੈਂਟ। ਇਹ ਜਿਹੜੇ ਮੈਂਬਰ ਸਾਡੀ ਪਾਰਲੀਮੈਂਟ ਵਿੱਚ ਜਾ ਬੈਠਦੇ ਹਨ ਇਹ ਤਾਂ ਬਸ ਵੋਟਾਂ ਪਾਉਣ ਲਈ ਹੀ ਹਨ ਅਤੇ ਆਪ ਇਹ ਕੁੱਝ ਵੀ ਕਰਨ ਦਾ ਹਾਲਾਂ ਤਕ ਕੋਈ ਵੀ ਇਰਾਦਾ ਨਹੀਂ ਰੱਖਦੇ ਆ ਰਹੇ ਹਨ। ਫਿਰ ਸਮਝ ਵਿੱਚ ਇਹ ਨਹੀਂ ਆ ਰਿਹਾ ਕਿ ਇਤਨੀ ਵੱਡੀ ਪਾਰਲੀਮੈਂਟ ਖੜੀ ਕਾਸ ਲਈ ਕੀੜ੍ਹੀ ਜਾਂਦੀ ਹੈ ਅਤੇ ਇਤਨਾ ਖਰਚਾ ਕਾਸ ਲਈ ਕੀਤ੍ਹਾ ਜਾਂਦਾ ਹੈ। ਅਗਰ ਅਸਾਂ ਸਿਰਫ ਸਪੋਰਟਰਾਂ ਦੀ ਗਿਣਤੀ ਦੇ ਆਧਾਰ ਉਤੇ ਹੀ ਪ੍ਰਧਾਨ ਮੰਤਰੀ ਮੰਨ ਲੈਣਾ ਹੈ ਅਤੇ ਫਿਰ ਉਹੀ ਕਰਤਾ ਧਰਤਾ ਰਹਿਣਾ ਹੈ, ਮਤਲਬ ਕੋਈ ਵੀ ਸਰਕਾਰੀ ਆਦਮੀ ਬੋਲੇਗਾ ਨਹੀਂ ਅਤੇ ਅਗਰ ਵਿਰੋਧੀ ਧਿਰਾਂ ਕਦੀ ਬੋਲ ਵੀ ਪੈਣ ਤਾਂ ਕੋਈ ਸੁਣਵਾਈ ਨਹੀਂ ਹੈ ਤਾਂ ਫਿਰ ਅਸੀਂ ਇਹ ਵੀ ਕਰ ਸਕਦੇ ਹਾਂ ਕਿ ਚੋਣਾ ਬਾਅਦ ਜੋ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਤਾਂ ਬਾਅਦ ਵਿੱਚ ਅਗਰ ਪ੍ਰਧਾਨ ਮੰਤਰੀ ਹੀ ਕਰਤਾ ਧਰਤਾ ਰਹਿਣਾ ਹੈ ਤਾਂ ਫਿਰ ਇਹ ਇਤਨੀ ਵੱਡੀ ਪਾਰਲੀਮੈਂਟ ਕਾਇਮ ਰੱਖਣ ਦੀ ਜ਼ਰੂਰਤ ਕੀ ਹੈ। ਪਾਰਲੀਮੈਂਟ ਦਾ ਮਤਲਬ ਇਹ ਹੁੰਦਾ ਹੈ ਕਿ ਹਰੇਕ ਮੈਂਬਰ ਇੱਥੇ ਆਕੇ ਕੰਮ ਕਰੇ ਅਤੇ ਆਪਣੇ ਆਪਣੇ ਇਲਾਕੇ ਦੀਆਂ ਸਮੱਸਿਆਵਾਂ ਇੱਥੇ ਸਦਨ ਵਿੱਚ ਰੱਖਣ ਅਤੇ ਬਹਿਸ ਬਾਅਦ ਬਾਕਾਇਦਾ ਪਾਸ ਕਰਕੇ ਆਪਣੇ ਇਲਾਕੇ ਦੇ ਲੋਕਾਂ ਦੀ ਭਲਾਈ ਕਰਨ। ਐਸਾ ਕੁੱਝ ਤਾਂ ਸਾਡੀ ਪਾਰਲੀਮੈਂਟ ਵਿੱਚ ਹੋ ਨਹੀਂ ਰਿਹਾ ਹੈ ਬਲਕਿ ਇਹ ਪ੍ਰਧਾਨ ਮੰਤਰੀ ਆਪ ਹੀ ਸਦਨ ਵਿੱਚ ਕੋਈ ਬਿਲ, ਸਕੀਮ ਜਾਂ ਪ੍ਰੋਜੈਕਟ ਰੱਖਦਾ ਹੈ ਅਤੇ ਰਸਮੀ ਤੌਰ ਤੇ ਸਾਰੇ ਸਰਕਾਰੀ ਮੈਂਬਰਾਂ ਨੇ ਹਾਂ ਕਰਨੀ ਹੁੰਦੀ ਹੈ ਅਤੇ ਵਿਰੋਧੀਆਂ ਦੀ ਸੁਣਵਾਈ ਹੀ ਨਹੀਂ ਹੈ ਤਾਂ ਇਹ ਆਦਮੀ ਕਾਸ ਲਈ ਸਦਨ ਵਿੱਚ ਆ ਬੈਠਦੇ ਹਨ। ਅਗਰ ਅਸੀਂ ਇਹ ਵੀ ਕਰ ਦਈਏ ਕਿ ਜਦ ਬਹੁਗਿਣਤੀ ਨਾਲ ਕੋਈ ਪ੍ਰਧਾਨ ਮੰਤਰੀ ਬਣ ਹੀ ਗਿਆ ਹੈ ਤਾਂ ਫਿਰ ਇਹ ਪਾਰਲੀਮੈਂਟ ਅਗਰ ਸਾਰੀ ਦੀ ਸਾਰੀ ਘਰ ਹੀ ਭੇਜ ਦਿਤੀ ਜਾਵੇ ਤਾਂ ਕੋਈ ਫਰਕ ਨਹੀਂ ਪੈਣ ਲਗਾ ਅਤੇ ਕੁੱਝ ਖਰਚਾ ਦੇਕੇ ਮੁਲਕ ਦਾ ਬਾਕੀ ਦਾ ਖਰਚਾ ਬਚਾਇਆ ਜਾ ਸਕਦਾ ਹੈ।

ਅਸੀਂ ਜਿਹੜਾ ਵੀ ਪਰਜਾਤੰਤਰ ਕਲਪਿਆ ਸੀ ਉਸਦੀ ਬਣਤਰ ਤਾਂ ਅਸਾਂ ਬਣਾਈ ਸੀ ਕਿ ਅਸੀਂ ਵੋਟਾਂ ਪਾਕੇ ਆਪਣੇ ਪ੍ਰਤੀਨਿਧ ਚੁਣਿਆ ਕਰਾਂਗੇ, ਪਰ ਇਹ ਵਾਲਾ ਹੱਕ ਵੀ ਰਾਜਸੀ ਲੋਕਾਂ ਨੇ ਸਾਥੋਂ ਖੋਹ ਲਿਆ ਹੈ ਅਤੇ ਕੁੱਝ ਰਾਜਸੀ ਪਾਰਟੀਆਂ ਦੇ ਮੁਖੀਆਂ ਜਾਂ ਕੁੱਝ ਧੜਿਆਂ ਦੇ ਵਿਅਕਤੀ ਵਿਸ਼ੇਸ਼ਾਂ ਨੇ ਪਹਿਲਾਂ ਹੀ ਆਪਣੇ ਆਪਣੂੰ ਮੁਲਕ ਦਾ ਸੰਭਾਵੀ ਪ੍ਰਧਾਨ ਮੰਤਰੀ ਘੋਸ਼ਿਤ ਕਰ ਰਖਿਆ ਹੈ ਅਤੇ ਚੋਣਾਂ ਵਕਤ ਇਹ ਜਿਹੜੇ ਵੀ ਉਮੀਦਵਾਰ ਸਾਡੇ ਸਾਹਮਣੇ ਕਰ ਦਿੱਤੇ ਜਾਂਦੇ ਹਨ ਇਹ ਲੋਕਾਂ ਦੇ ਪ੍ਰਤੀਨਿਧ ਨਹੀਂ ਹਨ ਬਲਕਿ ਇਹ ਪਹਿਲਾਂ ਘੋਸ਼ਿਤ ਸੰਭਾਵੀ ਪ੍ਰਧਾਨ ਮੰਤਰੀਆਂ ਦੇ ਸਪੋਰਟਰ ਹਨ ਅਤੇ ਸਾਨੂੰ ਪਤਾ ਹੀ ਨਹੀਂਹੈ ਕਿ ਇਹ ਉਮੀਦਵਾਰ ਕਿਸ ਆਧਾਰ ਉਤੇ ਚੁਣੇ ਜਾਂਦੇ ਹਨ ਅਤੇ ਸਦਨ ਵਿੱਚ ਇਹ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਆਏ ਹਨ ਜਾਂ ਆਪਣੇ ਆਕਾ ਦੀ ਹਾਂ ਵਿੱਚ ਹਾਂ ਮਿਲਾਉਣ ਲਈ ਹੀ ਜਾਕੇ ਬੈਠਦੇ ਹਨ।

ਸੋ ਇਸ ਮੁਲਕ ਵਿੱਚ ਇਹ ਚੋਣਾਂ ਵੀ ਇੱਕ ਵੱਖਰੀ ਜਿਹੀ ਕਿਸਮ ਦਾ ਡਰਾਮਾ ਹੈ ਜਿੱਥੇ ਇਹ ਸਵੈਘੋਸ਼ਿਤ ਪ੍ਰਧਾਨ ਮੰਤਰੀ ਮਨਸੂਹੀ ਪਾਨੀਪਤ ਦੀ ਲੜਾਈ ਲੜਕੇ ਦਿੱਲੀ ਦੀ ਰਾਜ ਗੱਦੀ ਉਤੇ ਜਾ ਬੈਠਦੇ ਹਨ ਅਤੇ ਮੁਗਲਾਂ ਦੀ ਤਰ੍ਹਾਂ ਸ਼ਹਿਨਸ਼ਾਹੀਆਂ ਕਰਦੇ ਹਨ। ਲੋਕੀਂ ਵੀ ਪਾਰਲੀਮੈਂਟ ਨੂੰ ਭੁੱਲ ਜਾਂਦੇ ਹਨ ਅਤੇ ਪ੍ਰਧਾਨ ਮੰਤਰੀ ਵੱਲ ਹੀ ਝਾਕੀ ਜਾਂਦੇ ਹਨ ਕਿ ਇਹ ਵਾਲਾ ਪ੍ਰਧਾਨ ਮੰਤਰੀ ਹੁਣ ਕਰਨ ਵਾਲਾ ਕੀ ਹੈ। ਕੱਲ ਕੀ ਕਰ ਬੈਠਾ ਹੈ ਅਤੇ ਅੱਜ ਕੀ ਕਰੇਗਾ। ਪਾਰਲੀਮੈਂਟ ਵਿੱਚ ਅਗਰ ਰਸਮੀ ਤੌਰ ਤੇ ਕੋਈ ਨੁਕਤਾ ਲੈ ਵੀ ਜਾਵੇ ਤਾਂ ਵੀ ਉਹ ਰਸਮੀ ਤੌਰ ਤੇ ਹੀ ਪਾਸ ਕਰ ਦਿਤਾ ਜਾਂਦਾ ਹੈ ਕਿਉਂਕਿ ਉਸ ਪਾਸ ਬਹੁਮਤ ਹੈ ਅਤੇ ਇਹ ਬਹੁਮਤ ਵਾਲੇ ਪਾਸੇ ਬੈਠੇ ਵਿਧਾਇਕਾਂ ਨੇ ਬੋਲਣਾ ਕੁੱਝ ਵੀ ਨਹੀਂ ਹੁੰਦਾ ਬਸ ਹਾਂ ਜੀ ਹੀ ਕਰਨੀ ਹੁੰਦੀ ਹੈ।

ਇਸ ਮੁਲਕ ਵਿੱਚ ਵਿਰੋਧੀ ਧਿਰਾਂ ਵੀ ਪਾਰਲੀਮੈਂਟ ਵਿੱਚ ਹਨ, ਪਰ ਉਹ ਪਹਿਲਾਂ ਤਾਂ ਬੋਲਦੀਆਂ ਹੀ ਨਹੀਂ ਹਨ ਅਤੇ ਅਗਰ ਬੋਲ ਵੀ ਪੈਣ ਤਾ ਸੁਣਵਾਈ ਨਹੀਂ ਹੈ। ਇਹ ਇੱਕ ਪੁਰਖਾ ਜਿਹਾ ਰਾਜ ਆ ਗਿਆ ਹੈ ਅਤੇ ਇੱਕ ਆਦਮੀ ਚਾਹੇ ਕਿਤਨਾ ਹੀ ਸਿਆਣਾ ਕਿਉਂ ਨਾ ਪਿਆ ਹੋਵੇ ਇਹ ਵਾਲਾ ਰਾਜ ਪਰਜਾਤੰਤਰ ਨਹੀਂ ਹੋ ਸਕਦਾ ਅਤੇ ਇੱਕ ਤਰ੍ਹਾਂ ਦੀ ਤਾਨਾਸ਼ਾਹੀ ਪਰਜਾਤੰਤਰ ਦੇ ਨਾਮ ਹੇਠਾਂ ਚਲਾਈ ਜਾ ਰਹੀ ਹੈ।

ਪਿਛਲੀ ਪੌਣੀ ਸਦੀ ਵਿੱਚ ਇਹ ਪਹਿਲਾਂ ਤੋਂ ਹੀ ਸਵੈਘੋਸ਼ਿਤ ਪ੍ਰਧਾਨ ਮੰਤਰੀ ਹੀ ਰਾਜ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਦਾ ਨਾਮ ਹੀ ਇਤਿਹਾਸ ਵਿੱਚ ਬੋਲ ਰਿਹਾ ਹੈ ਅਤੇ ਅਸੀਂ ਹੈਰਾਨ ਪ੍ਰੇਸ਼ਾਨ ਵੀ ਹਾਂ ਕਿ ਅੱਜ ਤਕ ਇਹ ਸਰਕਾਰੀ ਵਿਧਾਇਕ ਨੇ ਕਦੀ ਆਪ ਵੀ ਇਹ ਨਹੀਂ ਸੋਚਿਆ ਕਿ ਉਹ ਪਾਰਲੀਮੈਂਟ ਵਿੱਚ ਆਖਰ ਕਰਨ ਕੀ ਆਏ ਹਨ। ਆਜ਼ਾਦ ਦੇਸ਼ ਵਿੱਚ ਗੁਲਾਮ ਵਿਧਾਇਕਾਂ ਦੀ ਇਤਨੀ ਵੱਡੀ ਗਿਣਤੀ ਅਸਾਂ ਕਾਸ ਲਈ ਕਾਇਮ ਕੀਤੀ ਸੀ, ਸਾਡੇ ਵਿਧਾਨ ਦਾ ਇਹ ਪੱਖ ਹਾਲਾਂ ਵੀ ਅਧੂਰਾ ਜਿਹਾ ਰਹਿ ਗਿਆ ਹੈ। ਇਹ ਪੂਰਾ ਕਰਨ ਦੀ ਕੌਣ ਸੋਚੇਗਾ ਅਤੇ ਕਦ ਸੋਚੇਗਾ ? ਇਸ ਬਾਰੇ ਹਾਲਾਂ ਕੁੱਝ ਵੀ ਨਹੀਂ ਆਖਿਆ ਜਾ ਸਕਦਾ। ਅੱਜ ਤਾਂ ਇਹ ਵੀ ਸੋਚਣਾ ਪਵੇਗਾ ਕਿ ਅਗਰ ਇਹ ਵਿਧਾਇਕ ਇੱਥੇ ਸਿਰਫ ਅਤੇ ਸਿਰਫ ਸਪੋਰਟਰ ਹੀ ਬਣਕੇ ਬੈਠਦੇ ਹਨ ਤਾਂ ਫਿਰ ਇਹ ਵੀ ਸੋਚਣਾ ਪਵੇਗਾ ਕਿ ਇੰਨ੍ਹਾਂ ਦਾ ਸਰਦਾਰ ਹੀ ਕਾਫੀ ਹੈ ਅਤੇ ਬਾਕੀ ਦੇ ਇਹ ਸਪੋਰਟਰ ਅਗਰ ਨਾ ਹੀ ਆਇਆ ਕਰਨ ਤਾਂ ਵੀ ਕੰਮ ਚਲ ਸਕਦਾ ਹੈ।

ਇਸਦਾ ਬਦਲ ਇਹ ਵੀ ਹੋ ਸਕਦਾ ਹੈ ਕਿ ਇਹ ਸਵੈਘੋਸ਼ਿਤ ਪ੍ਰਧਾਨ ਮੰਤਰੀ ਹੀ ਰਾਸ਼ਟਰਪਤੀ ਬਣਾ ਦਿਤਾ ਜਾਵੇ ਅਤੇ ਇਹ ਪਹਿਲਾਂ ਆਪ ਫੈਸਲਾ ਕਰੇ ਅਤੇ ਸਦਨ ਵੱਖਰੀ ਬੈਠੇ ਅਤੇ ਉਸਦਾ ਭੇਜਿਆ ਨੁਕਤਾ ਵਿਚਾਰਕੇ ਫੈਸਲਾ ਕਰ ਦਿਆ ਕਰੇ। ਐਸਾ ਤਾਂਹੀ ਸੰਭਵ ਹੋ ਸਕਦਾ ਹੈ ਕਿ ਪ੍ਰਧਾਨ ਮੰਤਰੀ ਦੀ ਨਿਯੁਕਤੀ ਲਈ ਹੀ ਇਹ ਸਪੋਰਟਰ ਵਰਤੇ ਜਾਣ, ਪਰ ਸਦਨ ਦੀ ਕਾਰਵਾਈ ਵਿੱਚ ਇਹ ਬਾਕਾਇਦਾ ਆਜ਼ਾਦ ਹੋ ਜਾਣ ਅਤੇ ਆਪ ਵੀ ਕੋਈ ਨੁਕਤਾ ਰੱਖਣ ਦਾ ਅਧਿਕਾਰ ਰੱਖਦੇ ਹੋਣ। ਅਗਰ ਅਸੀਂ ਸੱਚ ਹੀ ਪਰਜਾਤੰਤਰ ਬਣਨ ਦੀ ਇੱਛਾ ਰਖਦੇ ਹਾਂ ਤਾਂ ਕੁੱਝ ਸੋਚਣਾ ਚਾਹੀਦਾ ਹੈ।

ਇਹ ਵਾਲਾ ਢਾਂਚਾ ਜਿਹੜਾ ਅੱਜ ਆ ਬਣਿਆ ਹੈ ਇਹ ਪਰਜਜਾਤੰਤਰ ਨਹੀਂ ਹੈ ਅਤੇ ਇਹੀ ਕਾਰਨ ਹੈ ਅੱਜ ਪੌਣੀ ਸਦੀ ਦਾ ਸਮਾਂ ਲਦ ਜਾਣ ਦੇ ਬਾਵਜੂਦ ਅਸੀਂ ਹਾਲਾਂ ਵੀ ਗਰੀਬ ਲੋਕਾਂ ਦੇ ਦੇਸ਼ ਵਿੱਚ ਗਿਣੇ ਜਾ ਰਹੇ ਹਾਂ। ਸਾਡੇ ਮੁਲਕ ਵਿੱਚ ਰਾਜਨੀਤੀ ਸ਼ਾਸਤਰੀਆਂ ਦੀ ਕਮੀ ਨਹੀਂ ਹੈ ਉਹ ਵੀ ਅੱਗੇ ਆਕੇ ਇਹ ਦਸ ਸਕਦੇ ਹਨ ਕਿ ਅਸਲ ਮਿਥਿਆ ਹੋਇਆ ਪਰਜਾਤੰਤਰ ਕਿਵੇਂ ਆ ਸਕਦਾ ਹੈ ਅਤੇ ਇਹ ਵਿਧਾਇਕ ਸਪੋਰਟਰ ਨਹੀਂ ਬਲਕਿ ਲੋਕਾਂ ਦੇ ਪ੍ਰਤੀਨਿਧ ਕਿਵੇਂ ਬਣ ਸਕਦੇ ਹਨ। ਇਹ ਸੰਭਾਵੀ ਪ੍ਰਧਾਨ ਮੰਤਰੀਆਂ ਵਾਲਾ ਸਿਲਸਿਲਾ ਵੀ ਖਤਮ ਹੋਣਾ ਚਾਹੀਦਾ ਹੈ। ਪੌਣੀ ਸਦੀ ਸਿਰਫ ਅਤੇ ਸਿਰਫ ਪ੍ਰਧਾਨ ਮੰਤਰੀ ਦਾ ਰਾਜ ਹੀ ਕਾਇਮ ਕਰਨਾ ਸਾਡੇ ਸੰਵਿਧਾਨ ਦੀ ਤੌਹੀਨ ਹੈ

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।

Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com

Saskatoon
Rishi Joshi
639 742 1200
639 999 1000
Rishijoshi1990 @hotmail.com

Winnipeg
Lakha Sehajpal Daudhar
204 891 0031
431 733 3000
lakhadaudhar007@gmail.com

Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, **editor@punjabiakhbaar.ca**

ਖ਼ਬਰ ਪੰਜਾਬ ਤੋਂ ਆਈ ਐ ਬਈ--

ਅੱਤਵਾਦ ਤੋਂ ਬਾਅਦ ਗੈਂਗਸਟਰ ਬਣੇ ਪੰਜਾਬ ਲਈ ਵੱਡੀ ਚੁਣੌਤੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪਿਛਲੇ ਕਈ ਸਾਲਾਂ ਤੋਂ ਅੱਤਵਾਦ ਦੇ ਕਹਿਰ ਦਾ ਸਾਹਮਣਾ ਕਰਨ ਵਾਲਾ ਪੰਜਾਬ ਅੱਜ ਬਦਨਾਮ ਗੈਂਗਸਟਰਾਂ ਦੀ ਕਰਮਭੂਮੀ ਬਣਦਾ ਜਾ ਰਿਹਾ ਹੈ, ਜਿਸ ਦੀ ਜਿਉਂਦੀ ਜਾਗਦੀ ਮਿਸਾਲ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਹਾਲ ਹੀ ਵਿਚ ਹੋਇਆ ਕਤਲ ਹੈ। ਸਥਿਤੀ ਇਹ ਹੈ ਕਿ ਭਾਰਤ ਦੀ 2 ਫੀਸਦੀ ਆਬਾਦੀ ਵਾਲਾ ਇਹ ਸੂਬਾ ਹਥਿਆਰਾਂ ਨਾਲ ਭਰਿਆ ਪਿਆ ਹੈ। ਜੇਕਰ ਦੇਖਿਆ ਜਾਵੇ ਤਾਂ ਦੇਸ਼ ਦਾ ਕੋਈ ਵੀ ਅਜਿਹਾ ਸੂਬਾ ਨਹੀਂ, ਜਿੱਥੇ ਕੋਈ ਗੈਂਗਸਟਰ ਨਾ ਹੋਵੇ ਪਰ ਪੰਜਾਬ ਵਿਚ ਅੱਜ ਛੋਟੇ-ਵੱਡੇ ਸਮੇਤ 65 ਦੇ ਕਰੀਬ ਗੈਂਗ ਸਰਗਰਮ ਹਨ। ਬਹੁਤੇ ਗੈਂਗਸਟਰ ਜੇਲ੍ਹਾਂ ਵਿੱਚ ਬੰਦ ਹਨ, ਜਿਨ੍ਹਾਂ ਦੇ ਗੈਂਗ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਜੇਲ੍ਹਾਂ ਵਿੱਚੋਂ ਕੰਮ ਕਰ ਰਹੇ ਹਨ। ਵਿਡੰਬਨਾ ਇਹ ਹੈ ਕਿ ਪਤਾ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਇਨ੍ਹਾਂ ਨੂੰ 'ਡੀਐਕਟੀਵੇਟ' ਕਰਨ ਵਿਚ ਨਾਕਾਮਯਾਬ ਹੋ ਰਿਹਾ ਹੈ। ਇਸ ਦਾ ਖਮਿਆਜਾ ਸੂਬੇ ਦੇ ਸਰਮਾਏਦਾਰਾਂ ਨੂੰ ਭੁਗਤਣਾ ਪੈ ਰਿਹਾ ਹੈ।

ਪੰਜਾਬ ਲਈ ਖ਼ਤਰਾ ਬਣੇ ਇਹ ਗੈਂਗ

- .ਲਾਰੈਂਸ ਬਿਸ਼ਨੋਈ ਗੈਂਗ
- .ਜੱਗੂ ਭਗਵਾਨਪੁਰੀਆ ਗੈਂਗ
- .ਗੌਂਡਾ ਐਂਡ ਬ੍ਰਦਰ ਗੈਂਗ
- .ਸੁੱਖਾ ਕਾਲਵਾ ਗੈਂਗ
- .ਗੁਰਬਖਸ਼ ਸੇਵੇਵਾਲਾ ਗੈਂਗ
- .ਦਵਿੰਦਰ ਬੰਬੀਹਾ ਗੈਂਗ
- .ਹੈਰੀ ਚੱਠਾ ਗੈਂਗ

ਪੰਜਾਬ ਲਈ ਸਿਰਦਰਦ ਬਣੇ 7 ਗੈਂਗ - ਇਹ ਉਹ ਸੱਤ ਗੈਂਗ ਹਨ, ਜੋ ਪੰਜਾਬ ਪੁਲਸ ਲਈ ਸਿਰਦਰਦੀ ਬਣੇ ਹੋਏ ਹਨ। ਪਿਛਲੇ ਕੁਝ ਸਾਲਾਂ ਦੌਰਾਨ ਸੂਬੇ ਵਿਚ ਦਰਜ ਕੀਤੇ ਗਏ ਜੁਰਮ ਦੇ ਮਾਮਲਿਆਂ ਵਿਚ ਜ਼ਿਆਦਾਤਰ ਹੱਥ ਇਨ੍ਹਾਂ ਗੈਂਗ ਦਾ ਰਿਹਾ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਗੈਂਗ ਦੇ ਸਰਗਣੇ ਜਾਂ ਤਾਂ ਪੁਲਿਸ ਮੁਕਾਬਲੇ ਵਿਚ ਮਾਰੇ ਜਾ ਚੁੱਕੇ ਹਨ ਅਤੇ ਜਾਂ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਜੇਲ੍ਹ ਵਿਚ ਭੇਜ ਚੁੱਕੀ ਹੈ। ਵਿਡੰਬਨਾ ਇਹ ਹੈ ਕਿ ਜਦੋਂ ਤੋਂ ਇਨ੍ਹਾਂ ਦੇ ਸਰਗਣੇ ਜੇਲ੍ਹਾਂ ਵਿਚ ਗਏ ਹਨ, ਇਹ ਗੈਂਗ ਹੋਰ ਤਾਕਤਵਰ ਹੁੰਦੇ ਜਾ ਰਹੇ ਹਨ। ਤਿਹਾੜ ਜੇਲ੍ਹ ਵਿਚ ਬੰਦ ਖ਼ਤਰਨਾਕ ਗੈਂਗਸਟਰ ਲਾਰੈਂਸ ਬਿਸ਼ਨੋਈ 'ਤੇ ਤਾਜ਼ਾ ਮਾਮਲਾ ਸਿੱਧੂ ਮੂਸੇਵਾਲੇ ਦੇ ਕਤਲ ਦਾ ਦੋਸ਼ ਲੱਗਾ ਹੈ।

ਲਾਰੈਂਸ ਬਿਸ਼ਨੋਈ ਗੈਂਗ

ਪੰਜਾਬ ਦੇ ਅਬੋਹਰ ਵਿਚ ਪੈਦਾ ਹੋਏ ਪੁਲਿਸ ਕਾਂਸਟੇਬਲ ਦੇ ਬੇਟੇ ਲਾਰੈਂਸ ਬਿਸ਼ਨੋਈ, ਜੋਧਪੁਰ ਵਿਚ ਫਿਲਮ ਸਟਾਰ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਤੋਂ ਬਾਅਦ ਬਿਸ਼ਨੋਈ ਅਪਰਾਧ ਦੀ ਦੁਨੀਆ ਵਿਚ ਵੱਡਾ ਨਾਂ ਬਣ ਗਿਆ ਸੀ। ਜੋਧਪੁਰ ਜੇਲ੍ਹ ਵਿਚ ਬੰਦ ਬਿਸ਼ਨੋਈ 'ਤੇ ਫਿਰੌਤੀ, ਕਤਲ, ਅਗਵਾ, ਹਾਈਵੇ ਰਬੜੀ ਵਰਗੇ ਘਿਨਾਉਣੇ ਅਪਰਾਧਾਂ ਦੇ ਦੋ ਦਰਜਨ ਦੇ ਕਰੀਬ ਮਾਮਲੇ ਦਰਜ ਹਨ, ਜਿਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਲਾਰੈਂਸ ਅਤੇ ਗੋਲਡੀ ਬਰਾੜ ਵਿਦਿਆਰਥੀ ਰਾਜਨੀਤੀ ਦੇ ਸਮੇਂ ਤੋਂ ਗੂੜ੍ਹੇ ਦੋਸਤ ਰਹੇ ਹਨ।ਗੋਲਡੀ ਬਰਾੜ ਕਈ ਘਿਨਾਉਣੇ ਅਪਰਾਧਾਂ ਵਿੱਚ ਸ਼ਾਮਲ ਹੋਣ ਤੋਂ ਬਾਅਦ ਕੈਨੇਡਾ ਭੱਜ ਗਿਆ ਸੀ ਅਤੇ ਬਿਸ਼ਨੋਈ ਜੇਲ੍ਹ ਜਾਣ ਤੋਂ ਬਾਅਦ ਉਹ ਉਸ ਦਾ ਕੰਮ ਕੈਨੇਡਾ ਤੋਂ ਕਰਨ ਲੱਗਾ।

ਜੱਗੂ ਭਗਵਾਨਪੁਰੀਆਂ ਗੈਂਗ

ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਫਿਰੌਤੀ, ਅਗਵਾ, ਕਤਲ ਵਰਗੇ ਸੰਗੀਨ ਮਾਮਲਿਆਂ ਵਿਚ ਸਰਗਰਮ ਜੱਗੂ ਗੈਂਗ ਦਾ ਸਰਗਣਾ ਜੱਗੂ ਭਗਵਾਨਪੁਰੀਆ ਬੇਸ਼ੱਕ 2015 ਵਿਚ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਅੱਜ ਵੀ ਜੱਗੂ ਗੈਂਗ ਉਸੇ ਤਰ੍ਹਾਂ ਨਾਲ ਐਕਟਿਵ ਹੈ ਅਤੇ ਅਪਰਾਧ ਦੀ ਦੁਨੀਆ ਵਿਚ ਆਪਣਾ ਇੱਕ ਵੱਡਾ ਨਾਮ ਰੱਖਦਾ ਹੈ।

ਗੌਂਡਾ ਐਂਡ ਬ੍ਰਦਰ ਗੈਂਗ

ਪੁਲਿਸ ਮੁਕਾਬਲੇ ਵਿਚ ਮਾਰੇ ਗਏ ਗੌਂਡਾ ਐਂਡ ਬ੍ਰਦਰ ਗੈਂਗ ਦਾ ਸਰਗਣਾ ਵਿੱਕੀ ਗੌਂਡਰ ਗੈਂਗ ਅੱਜ ਵੀ ਉਸੇ ਤਰ੍ਹਾਂ ਨਾਲ ਚੱਲ ਰਿਹਾ ਹੈ। ਗੌਂਡਾ ਦਾ ਨਾਂ ਉਸ ਸਮੇਂ ਸਾਹਮਣੇ ਆਇਆ ਜਦੋਂ ਉਸ ਨੇ ਸੁੱਖਾ ਕਾਲਵਾ ਨੂੰ ਪੁਲਿਸ ਹਿਰਾਸਤ ਵਿਚ ਮਾਰਿਆ ਸੀ। ਗੌਂਡਾ ਡਿਸਕ ਥਰੋਅ ਵਿਚ ਰਾਸ਼ਟਰੀ ਪੱਧਰ ਦਾ ਖਿਡਾਰੀ ਸੀ ਪਰ ਆਪਣੇ ਦੋਸਤ ਦੇ ਕਤਲ ਤੋਂ ਬਾਅਦ ਉਸ ਨੇ ਖੇਡਾਂ ਛੱਡ ਕੇ ਅਪਰਾਧ ਵੱਲ ਰੁਖ ਕਰ ਲਿਆ ਸੀ।

ਬੰਬੀਹਾ ਗੈਂਗ

2016 ਵਿਚ ਹੋਏ ਇੱਕ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਖ਼ਤਰਨਾਕ ਗੈਂਗਸਟਰ ਦਵਿੰਦਰ ਬੰਬੀਹਾ ਦਾ ਗੈਂਗ ਅਜੇ ਵੀ ਸਰਗਰਮ ਹੈ।

ਸੁੱਖਾ ਕਾਲਵਾ ਗੈਂਗ

ਥੋੜ੍ਹੇ ਸਮੇਂ ਵਿਚ ਜਿਹੇ ਵਕਤ ਵਿੱਚ ਵੱਡਾ ਨਾਂ ਕਮਾਉਣ ਵਾਲਾ ਸੁੱਖਾ ਕਾਲਵਾ ਖੁਦ ਨੂੰ ਸੋਸ਼ਲ ਮੀਡੀਆ 'ਤੇ ਕਾਫੀ ਸਰਗਰਮ ਰੱਖਦਾ ਸੀ ਅਤੇ ਉਸ ਦੇ ਫਾਲੋਅਰਜ਼ ਦੀ ਗਿਣਤੀ ਵੀ ਸਭ ਤੋਂ ਵੱਧ ਸੀ। ਉਹ ਕਈ ਵਾਰ ਪੁਲਿਸ ਦੀ ਗ੍ਰਿਫ਼ਤ 'ਚੋਂ ਫ਼ਰਾਰ ਹੋ ਗਿਆ ਸੀ ਪਰ ਵਿੱਕੀ ਗੌਂਡਰ ਗੈਂਗ ਨੇ ਆਪਣੇ ਦੋਸਤ ਦੇ ਕਤਲ ਦਾ ਬਦਲਾ ਲੈਣ ਲਈ ਸੁੱਖਾ ਕਾਲਵਾ ਨੂੰ ਅਦਾਲਤ 'ਚੋਂ ਪੇਸ਼ੀ ਕਰਨ ਤੋਂ ਬਾਅਦ ਜੇਲ੍ਹ ਜਾਂਦੇ ਸਮੇਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

ਗੁਰਬਖਸ਼ ਸੇਵੇਵਾਲਾ ਗੈਂਗ

2015 ਵਿਚ ਮਾਰੇ ਗਏ ਗੈਂਗਸਟਰ ਰਣਜੀਤ ਸੇਵੇਵਾਲਾ ਦਾ ਭਰਾ ਗੁਰਬਖਸ਼ ਸੇਵੇਵਾਲਾ ਆਵੇਸ਼ ਅਗੇਨ ਨੂੰ ਜੇਲ੍ਹ ਤੋਂ ਚਲਾ ਰਿਹਾ ਹੈ।

ਚੱਠਾ ਗੈਂਗ

ਬਟਾਲਾ ਦਾ ਰਹਿਣ ਵਾਲਾ ਸੁਖਪ੍ਰੀਤ ਸਿੰਘ ਉਰਫ ਚੱਠਾ ਗੈਂਗ ਮਾਝਾ ਅਤੇ ਉੱਤਰ ਪ੍ਰਦੇਸ਼ ਵਿਚ ਸਰਗਰਮ ਹੈ। ਗੋਪੀ ਘਨਸ਼ਿਆਮਪੁਰੀਆ ਇਸ ਗਿਰੋਹ ਦਾ ਦੂਜਾ ਵੱਡਾ ਨਾਮ ਹੈ। ਮੋਸਟ ਵਾਂਟੇਡ ਦੀ ਸੂਚੀ ਵਿਚ ਸ਼ਾਮਲ ਇਹ ਦੋਵੇਂ ਨਾਮ ਪੁਲਸ ਰਿਕਾਰਡ ਵਿਚ ਫਿਰੌਤੀ, ਅਗਵਾ, ਕਤਲ ਦੇ ਕਈ ਮਾਮਲਿਆਂ ਵਿੱਚ ਦਰਜ ਹਨ।

ਗੈਂਗਸਟਰਾਂ 'ਤੇ ਸਿਕੰਜ਼ਾ ਕੱਸਣ ਲਈ ਟਾਸਕ ਫੋਰਸ ਨੂੰ ਬਣਾਉਣੀ ਹੋਵੇਗੀ ਠੋਸ ਰਣਨੀਤੀ :

ਪੰਜਾਬ ਵਿਚ ਗੈਂਗਸਟਰਾਂ ਦੀਆਂ ਵੱਧ ਰਹੀਆਂ ਗਤੀਵਿਧੀਆਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਬਣਾਈ ਗਈ ਐਂਟੀ ਗੈਂਗਸਟਰ ਟਾਸਕ ਫੋਰਸ ਨੂੰ ਠੋਸ ਰਣਨੀਤੀ ਬਣਾਉਣੀ ਪਵੇਗੀ ਤਾਂ ਜੋ ਸੂਬੇ ਵਿੱਚ ਇਨ੍ਹਾਂ ਗੈਂਗਸਟਰਾਂ ਵੱਲੋਂ ਕੀਤੀਆਂ ਜਾ ਰਹੀਆਂ ਵਾਰਦਾਤਾਂ ਨੂੰ ਕਾਬੂ ਕੀਤਾ ਜਾ ਸਕੇ।ਪੁਲਿਸ ਨੂੰ ਗੈਂਗਸਟਰ ਵੱਲੋਂ ਮੰਗੀ ਜਾ ਰਹੀ ਪ੍ਰੋਟੈਕਸ਼ਨ ਮਨੀ 'ਤੇ ਕੁਝ ਸਖ਼ਤ ਕਦਮ ਚੁੱਕਣੇ ਪੈਣਗੇ ਤਾਂ ਜੋ ਇਹ ਗਿਰੋਹ ਕਿਸੇ ਨੂੰ ਡਰਾ ਧਮਕਾ ਕੇ ਉਨ੍ਹਾਂ ਦੀ ਮਿਹਨਤ ਦੀ ਕਮਾਈ ਲੁੱਟ ਨਾ ਸਕੇ।

ਪੰਜਾਬ 'ਚ ਅਗਲੇ ਮਹੀਨੇ ਹੋਵੇਗਾ ਮੰਤਰੀ ਮੰਡਲ ਦਾ ਵਿਸਥਾਰ

8 ਮੰਤਰੀਆਂ ਦੇ ਅਹੁਦੇ ਖਾਲੀ, ਮਹਿਲਾਵਾਂ ਤੇ ਦੂਜੀ ਵਾਰ ਵਿਧਾਇਕਾਂ ਨੂੰ ਵੀ ਮਿਲ ਸਕਦਾ ਹੈ ਮੌਕਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿੱਚ ਮੰਤਰੀ ਮੰਡਲ ਦਾ ਵਿਸਥਾਰ ਅਗਲੇ ਮਹੀਨੇ ਹੋਵੇਗਾ। ਇਸ ਮਹੀਨੇ ਦੇ ਅੰਤ 'ਚ ਬਜਟ ਸੈਸ਼ਨ ਹੈ। ਉਸ ਤੋਂ ਬਾਅਦ ਜੁਲਾਈ ਦੇ ਪਹਿਲੇ ਹਫ਼ਤੇ ਮੰਤਰੀ ਮੰਡਲ ਵਿੱਚ ਨਵੇਂ ਮੰਤਰੀ ਸ਼ਾਮਲ ਕੀਤੇ ਜਾਣਗੇ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਵਿੱਚ ਇਸ ਵੇਲੇ 8 ਮੰਤਰੀਆਂ ਦੇ ਅਹੁਦੇ ਖਾਲੀ ਹਨ। ਨਵੇਂ ਮੰਤਰੀਆਂ ਵਿੱਚ ਮਹਿਲਾ ਅਤੇ ਦੂਜੀ ਵਾਰ ਵਿਧਾਇਕਾਂ ਨੂੰ ਮੌਕਾ ਮਿਲਣਾ ਯਕੀਨੀ ਹੈ। ਦੂਜੀ ਵਾਰ ਚੋਣ ਜਿੱਤਣ ਵਾਲਿਆਂ ਵਿੱਚ ਪ੍ਰਮੁੱਖ ਅਮਨ ਅਰੋੜਾ, ਬਲਵਿੰਦਰ ਕੌਰ, ਸਰਵਜੀਤ ਕੌਰ ਮਾਣੂਕੇ, ਡਾ. ਇੰਦਰਬੀਰ ਨਿਝਰ ਆਦਿ ਸ਼ਾਮਲ ਹਨ। ਹਾਲਾਂਕਿ, ਕੈਬਨਿਟ ਅਜੇ ਪੂਰੀ ਤਰ੍ਹਾਂ ਨਹੀਂ ਭਰੀ ਜਾਵੇਗੀ। ਫਿਲਹਾਲ 4 ਤੋਂ 5 ਮੰਤਰੀ ਹੀ ਸ਼ਾਮਲ ਹੋਣਗੇ।

ਪੰਜਾਬ ਦੀ 'ਆਪ' ਸਰਕਾਰ ਨੇ ਸ਼ੁਰੂਆਤ 'ਚ 10 ਮੰਤਰੀਆਂ ਨੂੰ ਸਹੁੰ ਚੁਕਾਈ। ਜਿਸ ਤੋਂ ਬਾਅਦ ਸੀਐਮ ਸਮੇਤ 11 ਮੰਤਰੀ ਸਨ। ਹਾਲਾਂਕਿ ਸਿਹਤ ਮੰਤਰੀ ਡਾਕਟਰ ਵਿਜੇ ਸਿੰਗਲਾ ਦੀ ਬਰਖਾਸਤਗੀ ਤੋਂ ਬਾਅਦ ਹੁਣ ਮੁੱਖ ਮੰਤਰੀ ਸਮੇਤ ਸਿਰਫ਼ 10 ਮੰਤਰੀ ਹੀ ਰਹਿ ਗਏ ਹਨ।

ਪੰਜਾਬ ਸਰਕਾਰ ਵਿੱਚ ਮੁੱਖ ਮੰਤਰੀ ਸਮੇਤ 18 ਮੰਤਰੀ ਬਣਾਏ ਜਾ ਸਕਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਤੋਂ ਬਾਅਦ 10 ਮੰਤਰੀਆਂ ਨੇ ਸਹੁੰ ਚੁੱਕੀ। 8 ਮੰਤਰੀਆਂ ਦੇ ਅਹੁਦੇ ਖਾਲੀ ਸਨ। ਹਾਲਾਂਕਿ, ਹਾਲ ਹੀ ਵਿੱਚ ਸੀਐਮ ਮਾਨ ਨੇ ਸਿਹਤ ਮੰਤਰੀ ਡਾਕਟਰ ਵਿਜੇ ਸਿੰਗਲਾ ਨੂੰ ਬਰਖਾਸਤ ਕਰ ਦਿੱਤਾ ਸੀ। ਜਿਸ ਤੋਂ ਬਾਅਦ 8 ਮੰਤਰੀਆਂ ਦੇ ਅਹੁਦੇ ਖਾਲੀ ਹੋ ਗਏ ਹਨ।

ਮੁੱਖ ਮੰਤਰੀ ਕੋਲ ਹੋਰ ਵਿਭਾਗ ਹਨ, ਉਨ੍ਹਾਂ ਨੂੰ ਵੰਡ ਦਿੱਤਾ ਜਾਵੇਗਾ

ਮੁੱਖ ਮੰਤਰੀ ਭਗਵੰਤ ਮਾਨ ਕੋਲ ਇਸ ਸਮੇਂ 28 ਵਿਭਾਗ ਹਨ। ਨਵੇਂ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਸਮੇਂ ਉਨ੍ਹਾਂ ਨੇ ਆਪਣੇ ਕੋਲ 27 ਵਿਭਾਗ ਰੱਖੇ ਹੋਏ ਸਨ। ਫਿਰ ਸਿਹਤ ਮੰਤਰੀ ਨੂੰ ਬਰਖਾਸਤ ਕਰ ਦਿੱਤਾ ਗਿਆ ਅਤੇ ਸਿਹਤ ਵਿਭਾਗ ਵੀ ਆਪਣੇ ਕੋਲ ਰੱਖਿਆ ਗਿਆ। ਨਵੇਂ ਮੰਤਰੀਆਂ ਨੂੰ ਸਹੁੰ ਚੁੱਕਣ ਤੋਂ ਬਾਅਦ ਵਿਭਾਗ ਦਿੱਤੇ ਜਾਣਗੇ। ਜਿਸ ਵਿੱਚ ਸਿਹਤ ਤੋਂ ਇਲਾਵਾ ਸਥਾਨਕ ਸਰਕਾਰਾਂ, ਖੇਤੀਬਾੜੀ ਅਤੇ ਉਦਯੋਗ ਸ਼ਾਮਲ ਹਨ। ਗ੍ਰਹਿ ਵਿਭਾਗ ਮੁੱਖ ਮੰਤਰੀ ਭਗਵੰਤ ਮਾਨ ਕੋਲ ਰਹੇਗਾ।

ਬਜਟ ਸੈਸ਼ਨ 24 ਤੋਂ 30 ਜੂਨ ਤੱਕ ਚੱਲੇਗਾ

ਪੰਜਾਬ ਵਿੱਚ ਮਾਨ ਸਰਕਾਰ ਦਾ ਬਜਟ ਸੈਸ਼ਨ 24 ਤੋਂ 30 ਜੂਨ ਤੱਕ ਚੱਲੇਗਾ। ਵਿੱਤ ਮੰਤਰੀ ਹਰਪਾਲ ਚੀਮਾ 27 ਜੂਨ ਨੂੰ ਬਜਟ ਪੇਸ਼ ਕਰਨਗੇ। ਇਸ ਤੋਂ ਬਾਅਦ ਮੰਤਰੀ ਮੰਡਲ ਦਾ ਵਿਸਤਾਰ ਕੀਤਾ ਜਾਵੇਗਾ।

ਪੰਜਾਬ 'ਚ ਕਾਂਗਰਸ ਦੇ ਚਾਰ ਸਾਬਕਾ ਮੰਤਰੀ ਮੁਸੀਬਤ 'ਚ

ਧਰਮਸੋਤ ਗ੍ਰਿਫਤਾਰ, ਗਿਲਜੀਆਂ ਦੀ ਭਾਲ, ਬਾਜਵਾ ਖਿਲਾਫ ਜਾਂਚ ਤੇ ਹੁਣ ਆਸ਼ੂ ਰਡਾਰ 'ਤੇ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ 'ਚ ਸੱਤਾ ਬਦਲਦੇ ਹੀ 4 ਸਾਬਕਾ ਕਾਂਗਰਸੀ ਮੰਤਰੀ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਫਸ ਗਏ ਹਨ। ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇੱਕ ਹੋਰ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆਂ ਦੀ ਭਾਲ ਜਾਰੀ ਹੈ। ਸਾਬਕਾ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਖਿਲਾਫ ਜਾਂਚ ਸ਼ੁਰੂ ਹੋ ਗਈ ਹੈ। ਇਸ ਦੇ ਨਾਲ ਹੀ ਫੂਡ ਸਪਲਾਈ ਵਿਭਾਗ 'ਚ ਟੈਂਡਰ ਨੂੰ ਲੈ ਕੇ ਸਾਬਕਾ ਖੁਰਾਕ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਵੀ ਰਡਾਰ 'ਤੇ ਆ ਗਏ ਹਨ। ਸੰਗਰੂਰ ਲੋਕ ਸਭਾ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਤੋਂ ਪਹਿਲਾਂ 'ਆਪ' ਸਰਕਾਰ ਦੀ ਇਹ ਕਾਰਵਾਈ ਕਾਂਗਰਸ ਲਈ ਟੈਨਸ਼ਨ ਬਣ ਗਈ ਹੈ।

ਕਾਂਗਰਸ ਦੇ ਇਹ ਸਾਬਕਾ ਮੰਤਰੀ ਨਿਸ਼ਾਨੇ 'ਤੇ ਹਨ - ਸਾਧੂ ਸਿੰਘ ਧਰਮਸੋਤ: ਧਰਮਸੋਤ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚ ਜੰਗਲਾਤ ਮੰਤਰੀ ਸਨ। ਉਸ 'ਤੇ ਦਰੱਖਤ ਕੱਟਣ ਦੇ ਬਦਲੇ 500 ਰੁਪਏ ਰਿਸ਼ਵਤ ਲੈਣ ਦਾ ਦੋਸ਼ ਹੈ। ਕਰੀਬ ਸਾਢੇ 4 ਸਾਲਾਂ 'ਚ ਉਸ ਨੇ ਇਸ ਤੋਂ 1.25 ਕਰੋੜ ਰੁਪਏ ਕਮਾ ਲਏ। ਵਿਭਾਗ 'ਚ ਤਬਾਦਲਾ-ਪੋਸਟਿੰਗ ਦੇ ਬਦਲੇ 5 ਤੋਂ 20 ਲੱਖ ਤੱਕ ਦੀ ਰਿਸ਼ਵਤ ਵਸੂਲੀ ਗਈ। ਵਿਜੀਲੈਂਸ ਬਿਊਰੋ ਨੇ ਗ੍ਰਿਫਤਾਰ ਕੀਤੇ ਠੇਕੇਦਾਰ ਅਤੇ ਜੰਗਲਾਤ ਅਧਿਕਾਰੀ ਦੇ ਬਿਆਨਾਂ ਤੋਂ ਬਾਅਦ ਸਭ ਤੋਂ ਪਹਿਲਾਂ ਧਰਮਸੋਤ ਨੂੰ ਗ੍ਰਿਫਤਾਰ ਕੀਤਾ। ਉਹ ਹੁਣ ਪੁਲਿਸ ਰਿਮਾਂਡ 'ਤੇ ਹੈ।

ਸੰਗਤ ਸਿੰਘ ਗਿਲਜੀਆਂ: ਕੈਪਟਨ ਦੀ ਥਾਂ ਚਰਨਜੀਤ ਚੰਨੀ ਮੁੱਖ ਮੰਤਰੀ ਬਣੇ ਤਾਂ ਧਰਮਸੋਤ ਨੂੰ ਮੰਤਰੀ ਮੰਡਲ ਤੋਂ ਹਟਾ ਦਿੱਤਾ ਗਿਆ। ਉਨ੍ਹਾਂ ਦੀ ਥਾਂ ਸੰਗਤ ਸਿੰਘ ਗਿਲਜੀਆਂ ਜੰਗਲਾਤ ਮੰਤਰੀ ਬਣੇ। ਦੋਸ਼ ਹੈ ਕਿ ਟ੍ਰੀ ਗਾਰਡ ਦੀ ਖਰੀਦ 'ਚ ਕਰੀਬ 6.15 ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਵਿਜੀਲੈਂਸ ਬਿਊਰੋ ਉਸ ਦੀ ਭਾਲ ਕਰ ਰਹੀ ਹੈ।

ਤ੍ਰਿਪਤ ਰਜਿੰਦਰ ਬਾਜਵਾ: ਤ੍ਰਿਪਤ ਰਜਿੰਦਰ ਬਾਜਵਾ 'ਤੇ ਚੋਣ ਨਤੀਜਿਆਂ ਦੇ ਬਾਵਜੂਦ ਫਾਈਲ 'ਤੇ ਦਸਤਖਤ ਕਰਕੇ 28 ਕਰੋੜ ਦੇ ਘਪਲੇ ਦਾ ਦੋਸ਼ ਹੈ। 'ਆਪ' ਸਰਕਾਰ ਦੇ ਪੰਚਾਇਤ ਮੰਤਰੀ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਅੰਮ੍ਰਿਤਸਰ ਦੇ ਜੀ.ਟੀ ਰੋਡ 'ਤੇ ਸਥਿਤ 41 ਏਕੜ ਪੰਚਾਇਤੀ ਜ਼ਮੀਨ 'ਚ ਘਪਲਾ ਹੋਇਆ ਹੈ। ਇਸ ਦੇ ਲਈ ਸਰਕਾਰ ਨੇ ਜਾਂਚ ਕਮੇਟੀ ਬਣਾਈ ਹੈ। ਬਾਜਵਾ ਨੇ ਕਿਹਾ ਕਿ ਇਸ ਦੀ ਹਾਈ ਕੋਰਟ ਦੇ ਜੱਜ ਤੋਂ ਜਾਂਚ ਹੋਣੀ ਚਾਹੀਦੀ ਹੈ।

ਭਾਰਤ ਭੂਸ਼ਣ ਆਸ਼ੂ: ਆਸ਼ੂ 'ਤੇ 2 ਹਜ਼ਾਰ ਕਰੋੜ ਦੇ ਟੈਂਡਰ ਘੁਟਾਲੇ ਦਾ ਦੋਸ਼ ਹੈ। ਵਿਜੀਲੈਂਸ ਇਸ ਦੀ ਜਾਂਚ ਕਰ ਰਹੀ ਹੈ। ਆਸ਼ੂ 'ਤੇ ਛੋਟੇ ਠੇਕੇਦਾਰਾਂ ਵੱਲੋਂ ਪੰਜਾਬ ਦੀਆਂ ਮੰਡੀਆਂ 'ਚ ਲੇਬਰ ਅਤੇ ਟਰਾਂਸਪੋਰਟੇਸ਼ਨ ਟੈਂਡਰਾਂ 'ਚ ਗੜਬੜੀ ਦੇ ਦੋਸ਼ ਲਾਏ ਗਏ ਸਨ। ਛੋਟੇ ਠੇਕੇਦਾਰਾਂ ਨੂੰ ਨਜ਼ਰਅੰਦਾਜ਼ ਕਰਕੇ 20-25 ਲੋਕਾਂ ਨੂੰ ਫਾਇਦਾ ਪਹੁੰਚਾਇਆ ਗਿਆ। ਹਾਲਾਂਕਿ, ਆਸ਼ੂ ਦਾ ਕਹਿਣਾ ਹੈ ਕਿ ਇਹ ਟੈਂਡਰ ਡੀਸੀ ਦੀ ਅਗਵਾਈ ਵਾਲੀਆਂ ਕਮੇਟੀਆਂ ਵੱਲੋਂ ਅਲਾਟ ਕੀਤਾ ਜਾਂਦਾ ਹੈ। ਉਸ 'ਤੇ ਸਾਜ਼ਿਸ਼ ਤਹਿਤ ਦੋਸ਼ ਲਾਏ ਜਾ ਰਹੇ ਹਨ।

ਸ਼੍ਰੋਮਣੀ ਕਮੇਟੀ ਦੇ ਜੂਨੀਅਰਮੀ ਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਦਾ ਦੇਹਾਂਤ

ਸ੍ਰੀ ਆਨੰਦਪੁਰ ਸਾਹਿਬ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨਰੀ ਪ੍ਰਿੰਸੀਪਲ ਸੁਰਿੰਦਰ ਸਿੰਘ ਦਾ ਦਿਲ ਦੀ ਧੜਕਣ ਰੁਕਣ ਕਾਰਨ ਦੇਹਾਂਤ ਹੋ ਗਿਆ। ਉਹ 66 ਸਾਲਾਂ ਦੇ ਸਨ ਅਤੇ ਕੁਝ ਸਾਲ ਪਹਿਲਾਂ ਉਨ੍ਹਾਂ ਨੇ ਗੁਰਦੇ ਤਬਦੀਲ ਕਰਵਾਏ ਸਨ। ਪ੍ਰਿੰਸੀਪਲ ਸੁਰਿੰਦਰ ਸਿੰਘ ਸਾਲ 2011 ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ ਹਲਕਾ ਸ੍ਰੀ ਅਨੰਦਪੁਰ ਸਾਹਿਬ (ਦੋਹਰਾ) ਤੋਂ ਐੱਸਸੀ ਰਾਖਵੀਂ ਸੀਟ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਬਣੇ ਸਨ। ਉਹ 1973 ਤੋਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਦੀਆਂ ਸੇਵਾਵਾਂ ਵਿਚ ਲੱਗੇ ਹੋਏ ਸਨ। 1992 ਤੱਕ ਉਹ ਨੇਤਰਹੀਣ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੇਵਾ ਨਿਭਾਉਂਦੇ ਰਹੇ। ਸਾਲ 1995 ਤੋਂ ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਸੰਸਥਾਪਕ ਅਤੇ ਪ੍ਰਿੰਸੀਪਲ ਵੀ ਚਲੇ ਆ ਰਹੇ ਸਨ। ਉਨ੍ਹਾਂ ਦਾ ਧਰਮ ਪ੍ਰਚਾਰ ਦੇ ਖੇਤਰ ਵਿਚ ਜੀਵਨ ਭਰ ਦਾ ਯੋਗਦਾਨ ਮਿਸਾਲੀ ਰਿਹਾ। ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ ਬੀਬੀ ਭੁਪਿੰਦਰ ਕੌਰ, ਧੀ ਇੰਦਰਪ੍ਰੀਤ ਕੌਰ ਅਤੇ ਪੁੱਤਰ ਅਮਨਦੀਪ ਸਿੰਘ ਹਨ।

ਪੰਜਾਬੀ ਅਖ਼ਬਾਰ PunjabiAkhbaar.ca
ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797

'ਸਿੱਧੂ ਮੂਸੇਵਾਲਾ' ਦੇ ਨਾਮ ਦੇ ਸਹਾਰੇ ਵੋਟਾਂ ਮੰਗ ਰਹੇ ਹਨ 4 ਉਮੀਦਵਾਰ

ਸੰਗਰੂਰ (ਪੰਜਾਬੀ ਅਖਬਾਰ ਬਿਊਰੋ)- ਸਿੱਧੂ ਮੂਸੇਵਾਲਾ ਨੇ ਭਾਵੇਂ ਹੀ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਚੋਣਾਂ ਲੜੀਆਂ ਸਨ ਪਰ ਉਸ ਦੇ ਕਤਲ ਤੋਂ ਬਾਅਦ ਸੰਗਰੂਰ ਲੋਕ ਸਭਾ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਦੌਰਾਨ 4 ਉਮੀਦਵਾਰਾਂ ਨੂੰ ਸਿੱਧੂ ਮੂਸੇਵਾਲਾ ਦੇ ਨਾਮ ਦਾ ਸਹਾਰਾ ਲੈਣਾ ਪੈ ਰਿਹਾ ਹੈ। ਇੱਥੇ ਦੱਸਣਾ ਉਚਿਤ ਹੋਵੇਗਾ ਕਿ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਸਾਰੀਆਂ ਵਿਰੋਧੀ ਪਾਰਟੀਆਂ ਵੱਲੋਂ ਕਾਨੂੰਨ ਵਿਵਸਥਾ ਦੇ ਹਾਲਾਤ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਦੀ ਸ਼ੁਰੂਆਤ ਕਾਂਗਰਸ ਵੱਲੋਂ ਕੀਤੀ ਗਈ ਪਰ ਬਾਅਦ 'ਚ ਅਕਾਲੀ ਦਲ, ਭਾਜਪਾ ਅਤੇ ਸਿਮਰਨਜੀਤ ਸਿੰਘ ਮਾਨ ਵੱਲੋਂ ਵੀ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਇਹੀ ਮੁੱਦਾ ਚੁੱਕਿਆ ਜਾ ਰਿਹਾ ਹੈ। ਇਸ 'ਚ ਸਿੱਧੂ ਮੂਸੇਵਾਲਾ ਦੀ ਸੁਰੱਖਿਆ 'ਚ ਕਟੌਤੀ ਕਰਨ ਦੀ ਗੱਲ ਜੱਗ ਜ਼ਾਹਰ ਕਰਨ ਤੋਂ ਇਲਾਵਾ ਅੰਤਿਮ ਸਸਕਾਰ 'ਤੇ ਆਮ ਆਦਮੀ ਪਾਰਟੀ ਵੱਲੋਂ ਕਿਸੇ ਦੇ ਨਾ ਪੁੱਜਣ ਦਾ ਪਹਿਲੂ ਮੁੱਖ ਤੌਰ 'ਤੇ ਸ਼ਾਮਲ ਹੈ। ਹਾਲਾਂਕਿ ਮਾਹੌਲ ਨੂੰ ਦੇਖ ਕੇ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਜਾਂ ਹੋਰ ਵੱਡੇ ਆਗੂਆਂ ਵੱਲੋਂ ਵੀ ਸਿੱਧੂ ਮੂਸੇਵਾਲਾ ਦੇ ਘਰ ਜਾ ਕੇ ਪਰਿਵਾਰ ਦੀਆਂ ਮੰਗਾਂ ਮੰਨਣ ਅਤੇ ਕਤਲ ਦੇ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਕਰਨ ਦਾ ਦਾਅਵਾ ਕੀਤਾ ਗਿਆ ਹੈ ਪਰ ਲੋਕਾਂ ਦੇ ਰੋਸ ਦੇ ਮੁਕਾਬਲੇ ਡੈਮੇਜ ਕੰਟਰੋਲ ਕਰਨ 'ਚ ਆਮ ਆਦਮੀ ਪਾਰਟੀ ਨੂੰ ਓਨੀ ਸਫ਼ਲਤਾ ਨਹੀਂ ਮਿਲੀ ਕਿਉਂਕਿ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਲੋਕਾਂ 'ਚ ਅਸੁਰੱਖਿਆ ਦੀ ਭਾਵਨਾ ਦੇਖਣ ਨੂੰ ਮਿਲ ਰਹੀ ਹੈ। ਇਸ ਨੂੰ ਸਰਕਾਰ ਖ਼ਿਲਾਫ਼ ਸੰਗਰੂਰ ਸੀਟ 'ਤੇ ਭੁਨਾਉਣ ਦੀ ਕੋਸ਼ਿਸ਼ ਸਾਰੇ 4 ਉਮੀਦਵਾਰ ਕਰ ਰਹੇ ਹਨ। ਇਨ੍ਹਾਂ 'ਚ ਕਾਂਗਰਸ ਅਤੇ ਭਾਜਪਾ ਤੋਂ ਇਲਾਵਾ ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਥਕ ਮੁੱਦਿਆਂ 'ਤੇ ਚੋਣਾਂ ਲੜ ਰਹੇ ਅਕਾਲੀ ਦਲ ਅਤੇ ਸਿਮਰਨਜੀਤ ਸਿੰਘ ਮਾਨ ਵੀ ਸ਼ਾਮਲ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਦਾ ਝੁਕਾਅ ਇਨ੍ਹਾਂ 'ਚੋਂ ਕਿਸ ਉਮੀਦਵਾਰ ਵੱਲ ਹੁੰਦਾ ਹੈ।

ਬਰਖ਼ਾਸਤ ਮੰਤਰੀ ਵਿਜੇ ਸਿੰਗਲਾ ਨੇ ਹਾਈਕੋਰਟ 'ਚ ਪਾਈ ਜ਼ਮਾਨਤ ਪਟੀਸ਼ਨ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਬਰਖਾਸਤ ਸਿਹਤ ਮੰਤਰੀ ਵਿਜੇ ਸਿੰਗਲਾ ਨੇ ਹਾਈਕੋਰਟ ਵੱਲ ਰੁਖ਼ ਕੀਤਾ ਹੈ। ਉਨ੍ਹਾਂ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਜ਼ਮਾਨਤ ਪਟੀਸ਼ਨ ਪਾਈ ਹੈ। ਪਟੀਸ਼ਨ 'ਚ ਮੰਤਰੀ ਸਿੰਗਲਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਵਿਰੋਧੀਆਂ ਨੇ ਸਾਜ਼ਿਸ਼ ਤਹਿਤ ਫਸਾਇਆ ਹੈ ਤੇ ਉਮੀਦ ਹੈ ਕਿ ਪਟੀਸ਼ਨ 'ਤੇ ਜਲਦ ਹੀ ਸੁਣਵਾਈ ਹੋ ਸਕਦੀ ਹੈ। ਦੱਸ ਦੇਈਏ ਕਿ ਡਾ. ਵਿਜੇ ਸਿੰਗਲਾ 'ਤੇ ਅਧਿਕਾਰੀਆਂ ਤੋਂ ਠੇਕੇ 'ਤੇ 1% ਕਮਿਸ਼ਨ ਦੀ ਮੰਗ ਕਰਨ ਤੋਂ ਬਾਅਦ ਕਾਰਵਾਈ ਕੀਤੀ ਗਈ ਹੈ। ਡਾ. ਵਿਜੇ ਸਿੰਗਲਾ ਖਿਲਾਫ਼ ਸ਼ਿਕਾਇਤ ਮਿਲਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਕੈਬਨਿਟ ਵਿੱਚੋਂ ਬਰਖਾਸਤ ਕਰ ਦਿੱਤਾ ਸੀ। ਜਿਸ ਤੋਂ ਬਾਅਦ ਵਿਜੇ ਸਿੰਗਲਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਡਾ. ਵਿਜੇ ਸਿੰਗਲਾ ਖਿਲਾਫ਼ ਇਹ ਕਾਰਵਾਈ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਤੋਂ ਬਾਅਦ ਕੀਤੀ ਗਈ ਸੀ। ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਤੋਂ ਬਾਅਦ ਪੰਜਾਬ ਪੁਲਿਸ ਨੇ ਐੱਫ.ਆਈ.ਆਰ. ਦਰਜ ਕੀਤੀ, ਜਿਸ ਤੋਂ ਬਾਅਦ ਐਂਟੀ ਕੁਰੱਪਸ਼ਨ ਬ੍ਰਾਂਚ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਧਰਮਸੋਤ ਕੋਲ ਹਿਮਾਚਲ 'ਚ ਰਿਜ਼ੋਰਟ ਤੇ ਰਾਜਸਥਾਨ ਵਿੱਚ 150 ਏਕੜ ਜ਼ਮੀਨ ਹੋਣ ਦਾ ਸ਼ੱਕ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਨਾਜਾਇਜ਼ ਮਾਈਨਿੰਗ ਅਤੇ ਦਰੱਖਤਾਂ ਦੀ ਕਟਾਈ ਦੇ ਇਵਜ਼ ਵਿੱਚ ਰਿਸ਼ਵਤ ਲੈਣ ਦੇ ਦੋਸ਼ ਵਿੱਚ ਵਿਜੀਲੈਂਸ ਦੀ ਹਿਰਾਸਤ ਵਿੱਚ ਚੱਲ ਰਹੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਜਾਂਚ ਦੌਰਾਨ ਕਰੋੜਾਂ ਦੀ ਜਾਇਦਾਦ ਦਾ ਖੁਲਾਸਾ ਹੋਇਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਸ ਦਾ ਹਿਮਾਚਲ ਵਿਚ ਇਕ ਰਿਜ਼ੋਰਟ ਅਤੇ ਰਾਜਸਥਾਨ ਵਿਚ ਕਰੀਬ 150 ਏਕੜ ਜ਼ਮੀਨ ਵੀ ਹੈ। ਵਿਜੀਲੈਂਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜੇਕਰ ਤੱਥ ਸਹੀ ਪਾਏ ਗਏ ਤਾਂ ਅਗਲੇਰੀ ਜਾਂਚ ਲਈ ਵਿਜੀਲੈਂਸ ਦੀਆਂ ਟੀਮਾਂ ਦੋਵਾਂ ਰਾਜਾਂ ਵਿੱਚ ਭੇਜੀਆਂ ਜਾਣਗੀਆਂ। ਵਿਜੀਲੈਂਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਧਰਮਸੋਤ ਵੱਲੋਂ ਬਣਾਈ ਜਾਇਦਾਦ ਵਿੱਚ ਭ੍ਰਿਸ਼ਟਾਚਾਰ ਕਰਕੇ ਕਮਾਏ ਪੈਸੇ ਦੀ ਵਰਤੋਂ ਤਾਂ ਨਹੀਂ ਕੀਤੀ ਗਈ। ਅਦਾਲਤ ਨੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ, ਓ.ਐਸ.ਡੀ. ਕਮਲਜੀਤ ਸਿੰਘ, ਚਮਕੌਰ ਸਿੰਘ ਦੇ ਰਿਮਾਂਡ ਵਿੱਚ 3 ਦਿਨ ਦਾ ਵਾਧਾ ਕੀਤਾ ਹੈ। ਹੁਣ ਵਿਜੀਲੈਂਸ ਸਾਧੂ ਸਿੰਘ ਧਰਮਸੋਤ ਨੂੰ ਸਾਹਮਣੇ ਬੈਠ ਕੇ ਪੁੱਛਗਿੱਛ ਕਰੇਗੀ। ਜਿਸ 'ਚ ਵੱਡਾ ਖੁਲਾਸਾ ਹੋ ਸਕਦਾ ਹੈ। ਪੁੱਛਗਿੱਛ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਧਰਮਸੋਤ ਨੇ ਜੰਗਲਾਤ ਮੰਤਰੀ ਹੁੰਦਿਆਂ 11 ਜਾਇਦਾਦਾਂ ਬਣਾਈਆਂ ਸਨ, ਹੁਣ ਉਨ੍ਹਾਂ ਦੇ 3 ਬੈਂਕ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਧਰਮਸੋਤ ਦੀਆਂ ਮੋਹਾਲੀ, ਰੋਪੜ, ਲੁਧਿਆਣਾ, ਪਟਿਆਲਾ, ਜ਼ੀਰਕਪੁਰ, ਖਰੜ ਅਤੇ ਰੂਪਨਗਰ 'ਚ ਜਾਇਦਾਦਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਰਾਜ ਦੇ ਵਿਜੀਲੈਂਸ ਵਿਭਾਗ ਨੇ ਧਰਮਸੋਤ ਖਿਲਾਫ ਖੈਰ ਦੇ ਰੁੱਖਾਂ ਦੀ ਕਟਾਈ ਦੇ ਬਦਲੇ ਰਿਸ਼ਵਤ ਲੈਣ ਦੇ ਦੋਸ਼ 'ਚ ਮਾਮਲਾ ਦਰਜ ਕੀਤਾ ਹੈ। ਉਸ 'ਤੇ ਵਿਭਾਗੀ ਤਬਾਦਲਿਆਂ ਦੇ ਬਦਲੇ ਰਿਸ਼ਵਤ ਲੈਣ ਦਾ ਵੀ ਦੋਸ਼ ਹੈ। ਵਿਭਾਗੀ ਤਬਾਦਲਿਆਂ ਲਈ ਰੇਟ ਚਾਰਟ ਵੀ ਤਿਆਰ ਕੀਤਾ ਗਿਆ ਸੀ, ਜਿਸ ਅਨੁਸਾਰ ਡੀ.ਐਫ.ਓ. ਦੇ ਤਬਾਦਲੇ ਲਈ 10-20 ਲੱਖ ਰੁਪਏ, ਰੇਂਜ ਅਫ਼ਸਰ ਲਈ 5-8 ਲੱਖ ਰੁਪਏ, ਬਲਾਕ ਅਫ਼ਸਰ ਲਈ 5 ਲੱਖ ਰੁਪਏ ਅਤੇ ਜੰਗਲਾਤ ਗਾਰਡ ਲਈ 2-3 ਲੱਖ ਰੁਪਏ ਰੱਖੇ ਗਏ ਸਨ। ਇਸ ਤੋਂ ਇਲਾਵਾ ਵਿਜੀਲੈਂਸ ਨੂੰ ਇਹ ਵੀ ਪਤਾ ਲੱਗਾ ਹੈ ਕਿ ਵਿਭਾਗ ਦੀ ਜ਼ਮੀਨ 'ਤੇ ਬਣੀਆਂ ਸੜਕਾਂ ਅਤੇ ਇਮਾਰਤਾਂ ਦੇ 156 ਐਨਓਸੀ ਦੇ ਬਦਲੇ 50 ਲੱਖ ਤੋਂ 2.50 ਕਰੋੜ ਰੁਪਏ ਦੀ ਰਿਸ਼ਵਤ ਲਈ ਗਈ ਸੀ।

ਪ੍ਰਕਾਸ਼ ਸਿੰਘ ਬਾਦਲ ਦੀ ਹਾਲਤ ਸਥਿਰ

ਮਨੋਹਰ ਲਾਲ ਖੱਟਰ ਨੇ ਹਸਪਤਾਲ ਪਹੁੰਚ ਕੇ ਲਿਆ ਪਤਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਛਾਤੀ 'ਚ ਦਰਦ ਦੇ ਚੱਲਦਿਆਂ ਮੋਹਾਲੀ ਦੇ ਹਸਪਤਾਲ ਵਿੱਚ ਦਾਖਲ ਹਨ। ਉਨ੍ਹਾਂ ਦਾ ਹਾਲ-ਚਾਲ ਜਾਣਨ ਅੱਜ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਹਸਪਤਾਲ ਪਹੁੰਚੇ।

ਇਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਆਪਣੇ ਬੈੱਡ ਤੋਂ ਉਤਰ ਕੇ ਕੁਰਸੀ 'ਤੇ ਬੈਠੇ ਤੇ ਮਨੋਹਰ ਲਾਲ ਖੱਟਰ ਨਾਲ ਗੱਲਬਾਤ ਕੀਤੀ। ਸੀ.ਐੱਮ. ਨੇ ਵੀ ਉਨ੍ਹਾਂ ਦਾ ਪਤਾ ਲਿਆ ਤੇ ਉਨ੍ਹਾਂ ਦੇ ਛੇਤੀ ਠੀਕ ਹੋ ਕੇ ਘਰ ਜਾਣ ਦੀ ਪ੍ਰਾਰਥਨਾ ਕੀਤੀ।

ਸ. ਬਾਦਲ ਨੂੰ ਮਿਲਣ ਤੋਂ ਬਾਅਦ ਮਨੋਹਰ ਲਾਲ ਖੱਟਰ ਨੇ ਉਨ੍ਹਾਂ ਨਾਲ ਮੁਲਾਕਾਤ ਦਾ ਛੋਟਾ ਵੀਡੀਓ ਵੀ ਟਵੀਟ ਕੀਤਾ ਤੇ ਲਿਖਿਆ ਦੇ ਦੇਸ਼ ਦੇ ਸੀਨੀਅਰ ਨੇਤਾਵਾਂ ਵਿੱਚੋਂ ਇੱਕ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੀ ਦਾ ਹਾਲ ਜਾਣਨ ਲਈ ਅੱਜ ਹਸਪਤਾਲ ਪਹੁੰਚਿਆ। ਪ੍ਰਮਾਤਮਾ ਤੋਂ ਉਨ੍ਹਾਂ ਦੀ ਲੰਮੀ ਉਮਰ ਤੇ ਛੇਤੀ ਸਿਹਤਮੰਦ ਹੋਣ ਦੀ ਕਾਮਨਾ ਕਰਦਾ ਹਾਂ।

ਫੋਰਟਿਸ ਹਸਪਤਾਲ ਨੇ ਪ੍ਰਕਾਸ਼ ਸਿੰਘ ਬਾਦਲ ਦੀ ਸਿਹਤ ਬਾਰੇ ਇੱਕ ਅਪਡੇਟ ਸਾਂਝੀ ਕੀਤੀ ਹੈ। ਹਸਪਤਾਲ ਨੇ ਇਹ ਵੀ ਦੱਸਿਆ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਬਾਦਲ ਦੀ ਸਿਹਤ ਦਾ ਹਾਲ-ਚਾਲ ਪੁੱਛਣ ਲਈ ਆਏ ਸਨ। ਹਸਪਤਾਲ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਪ੍ਰਕਾਸ਼ ਸਿੰਘ ਬਾਦਲ ਦੀ ਹਾਲਤ ਸਥਿਰ ਬਣੀ ਹੋਈ ਹੈ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਉਨ੍ਹਾਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ। ਦੱਸ ਦੇਈਏ ਕਿ 95 ਸਾਲਾ ਬਾਦਲ ਨੂੰ ਗੈਸਟ੍ਰਿਕ ਨਾਲ ਤੇ ਅਸਥਮਾ ਦੀ ਸਮੱਸਿਆ ਤੋਂ ਬਾਅਦ ਹਸਪਤਾਲ ਲਿਆਂਦਾ ਗਿਆ ਸੀ।

ਪ੍ਰਕਾਸ਼ ਸਿੰਘ ਬਾਦਲ ਨੂੰ ਕੁਝ ਦਿਨ ਪਹਿਲਾਂ ਪੀਜੀਆਈ ਚੰਡੀਗੜ੍ਹ ਲਿਆਂਦਾ ਗਿਆ ਸੀ। ਪੇਟ ਅਤੇ ਛਾਤੀ 'ਚ ਦਰਦ ਤੋਂ ਬਾਅਦ ਉਸ ਦਾ ਚੈਕਅੱਪ ਕੀਤਾ ਗਿਆ। ਉਥੇ ਚੈਕਅੱਪ ਤੋਂ ਬਾਅਦ ਉਨ੍ਹਾਂ ਨੂੰ ਵਾਪਿਸ ਭੇਜ ਦਿੱਤਾ ਗਿਆ ਸੀ।

ਖ਼ਬਰ ਪੰਜਾਬ ਤੋਂ ਆਈ ਐ ਬਈ--

ਅਲਫਾ ਇੰਟਰਨੈਸ਼ਨਲ ਸਿਟੀ ਕਲੋਨੀ ਦੇ ਕਲੋਨਾਈਜ਼ਰ ਨਾਲ ਮਿੱਲ ਕੇ ਕੀਤਾ 28 ਕਰੋੜ ਦਾ ਘਪਲਾ: ਧਾਲੀਵਾਲ

ਅੰਮ੍ਰਿਤਸਰ (ਪੰਜਾਬੀ ਅਖ਼ਬਾਰ ਬਿਊਰੋ)- ਪਿੰਡ ਭਗਤੂਪੁਰਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੰਚਾਇਤੀ ਰਸਤਿਆਂ ਅਤੇ ਖਾਲਿਆਂ ਨੂੰ ਵੇਚਣ ਦੀ ਪ੍ਰਵਾਨਗੀ ਮੌਜੂਦਾ ਸਰਕਾਰ ਵਲੋਂ ਨਹੀਂ ਬਲਕਿ ਸਾਰੇ ਨੈਤਿਕਤਾ ਨੂੰ ਖ਼ਤਮ ਕਰਦੇ ਹੋਏ ਪੁਰਾਣੀ ਸਰਕਾਰ ਦੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ 11 ਮਾਰਚ 2022 ਨੂੰ ਜਾਰੀ ਕੀਤੀ ਸੀ, ਜਦਕਿ ਉਸ ਸਮੇਂ ਕੋਡ ਆਫ਼ ਕੰਡਕਟ ਲੱਗਾ ਹੋਇਆ ਸੀ ਅਤੇ 10 ਮਾਰਚ ਦੇ ਚੋਣ ਨਤੀਜਿਆਂ ਵਿੱਚ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਹਾਰ ਚੁੱਕੀ ਸੀ। ਉਸ ਸਮੇਂ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੂੰ ਮਿਸਲ ਤੇ ਪ੍ਰਵਾਨਗੀ ਦੇਣ ਦਾ ਕੋਈ ਅਧਿਕਾਰ ਨਹੀਂ ਸੀ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ: ਕੁਲਦੀਪ ਸਿੰਘ ਧਾਲੀਵਾਲ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਪੰਜਾਬ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸ: ਧਾਲੀਵਾਲ ਨੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਲਫਾ ਵਨ ਸਿਟੀ ਜੋ ਕਿ ਮਾਨਾਂਵਾਲਾ ਵਿਖੇ ਬਣਾਈ ਗਈ ਹੈ, ਵਿੱਚ ਪੰਚਾਇਤੀ ਰਸਤਿਆਂ ਅਤੇ ਖਾਲਿਆਂ ਨੂੰ ਵੇਚਣ ਸਬੰਧੀ 2015 ਵਿੱਚ ਅਕਾਲੀ ਦਲ ਦੇ ਸਰਪੰਚ ਵਲੋਂ ਮਤਾ ਪਾਇਆ ਸੀ। ਉਨ੍ਹਾਂ ਦੱਸਿਆ ਕਿ ਅਲਫਾ ਇੰਟਰਨੈਸ਼ਨਲ ਸਿਟੀ ਕਲੋਨੀ ਦਾ ਕੁੱਲ ਰਕਬਾ ਲਗਭਗ 150 ਏਕੜ ਹੈ ਅਤੇ ਇਸ ਜ਼ਮੀਨ ਵਿੱਚ ਪੰਚਾਇਤੀ ਰਸਤੇ ਅਤੇ ਖਾਲ ਪੈਂਦੇ ਸਨ, ਜੋ ਕਿ ਉਸ ਪ੍ਰੋਜੈਕਟ ਵਿੱਚ ਅੜਚਨ ਸਨ। ਉਨ੍ਹਾਂ ਦੱਸਿਆ ਕਿ ਉਸ ਸਮੇਂ ਦੇ ਮੰਤਰੀ ਸ: ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸ਼ਰੇਆਮ ਕਲੋਨਾਈਜ਼ਰ ਨਾਲ ਮਿਲੀਭੁਗਤ ਕਰਕੇ ਪੰਚਾਇਤੀ ਰਸਤਿਆਂ ਅਤੇ ਖਾਲਾਂ ਦੀ ਪ੍ਰਵਾਨਗੀ ਕੇਵਲ 43 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜਾਰੀ ਕਰ ਦਿੱਤੇ, ਜਦਕਿ ਇਸ ਦਾ ਮਾਰਕੀਟ ਰੇਟ 7.5 ਕਰੋੜ ਰੁਪਏ ਪ੍ਰਤੀ ਏਕੜ ਸੀ। ਉਨ੍ਹਾਂ ਦੱਸਿਆ ਕਿ ਰਸਤਿਆਂ ਅਤੇ ਖਾਲਿਆਂ ਦਾ ਕੁੱਲ ਰਕਬਾ 32 ਕਨਾਲ 16 ਮਰਲੇ ਬਣਦਾ ਸੀ ਅਤੇ ਇਸ ਤਰ੍ਹਾਂ ਕਰਨ ਨਾਲ ਸਰਕਾਰ ਨੂੰ 28 ਕਰੋੜ ਰੁਪਏ ਦਾ ਭਾਰੀ ਨੁਕਸਾਨ ਹੋਇਆ ਹੈ। ਸ: ਧਾਲੀਵਾਲ ਨੇ ਦੱਸਿਆ ਕਿ ਜਿਸ ਸਮੇਂ ਇਹ ਫੈਸਲਾ ਲਿਆ ਗਿਆ, ਉਸ ਸਮੇਂ ਮਾਡਲ ਕੋਡ ਆਫ਼ ਕੰਡਕਟ ਲਾਗੂ ਸੀ। ਉਨ੍ਹਾਂ ਦੱਸਿਆ ਕਿ 10 ਮਾਰਚ 2022 ਨੂੰ ਵਿਧਾਨ ਸਭਾ ਦੇ ਨਤੀਜੇ ਆ ਚੁੱਕੇ ਸਨ ਅਤੇ ਪੁਰਾਣੀ ਸਰਕਾਰ ਵਲੋਂ ਆਪਣਾ ਅਸਤੀਫ਼ਾ ਮਾਨਯੋਗ ਰਾਜਪਾਲ ਨੂੰ ਸੌਂਪ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਇਸ ਸਾਰੇ ਸਕੈਂਡਲ ਦੀ ਘੋਖ ਕਰਕੇ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ, ਜੋ ਇਕ ਹਫ਼ਤੇ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰੇਗੀ ਅਤੇ ਉਸ ਰਿਪੋਰਟ ਦੇ ਆਧਾਰ 'ਤੇ ਜੋ ਵੀ ਦੋਸ਼ੀ ਹੋਇਆ ਚਾਹੇ ਉਹ ਅਧਿਕਾਰੀ ਹੋਵੇ ਜਾਂ ਨੇਤਾ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜਾਅਲੀ ਡਿਗਰੀ ਨਾਲ ਸਰਕਾਰੀ ਨੌਕਰੀਆਂ ਕਰਨ ਵਾਲਿਆਂ 'ਤੇ ਹੋਵੇਗੀ ਕਾਰਵਾਈ: ਮੁੱਖ ਮੰਤਰੀ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਮਾਨ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਬਹੁਤ ਸਾਰੇ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਗਏ ਸਨ ਜਿਨ੍ਹਾਂ ਨੂੰ ਹੌਲੀ-ਹੌਲੀ ਮੁੱਖ ਮੰਤਰੀ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ ਤੇ ਲੋਕ ਪੱਖੀ ਫੈਸਲੇ ਲਏ ਜਾ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਚ ਮਾਫੀਆ ਰਾਜ ਨੂੰ ਖਤਮ ਕਰਨ ਦਾ ਵਾਅਦਾ ਵੀ ਲੋਕਾਂ ਨਾਲ ਕੀਤਾ ਗਿਆ ਸੀ। ਇਸੇ ਤਹਿਤ ਐਕਸ਼ਨ ਲੈਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਵੱਡਾ ਬਿਆਨ ਦਿੱਤਾ ਹੈ, ਜਿਸ ਨੂੰ ਕਿ ਉਨ੍ਹਾਂ ਨੇ ਆਪਣੇ ਫੇਸਬੁੱਕ ਪੇਜ 'ਤੇ ਸਾਂਝਾ ਕੀਤਾ ਹੈ। ਮਾਨ ਨੇ ਟਵੀਟ ਕਰਦਿਆਂ ਕਿਹਾ ਕਿ 'ਹੁਣ ਰਸੂਖਦਾਰ ਤੇ ਰਾਜਨੀਤਕ ਲੋਕਾਂ ਦੇ ਰਿਸ਼ਤੇਦਾਰ ਜੋ ਕਿ ਜਾਅਲੀ ਡਿਗਰੀਆਂ ਨਾਲ ਸਰਕਾਰੀ ਨੌਕਰੀਆਂ ਲੈ ਕੇ ਬੈਠੇ ਨੇ, ਹੁਣ ਉਨ੍ਹਾਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ ਤੇ ਜਲਦੀ ਹੀ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਇੱਕ -ਇੱਕ ਪੈਸੇ ਦਾ ਹਿਸਾਬ ਲੋਕਾਂ ਸਾਹਮਣੇ ਰੱਖਿਆ ਜਾਵੇਗਾ।'

ਇਸ ਦੇ ਨਾਲ ਹੀ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਨਵੀਂ ਐਕਸਾਈਜ਼ ਪਾਲਿਸੀ ਜਾਰੀ ਕੀਤੀ ਹੈ ਜਿਹੜੀ ਕਿ ਮਾਫੀਏ ਅਧੀਨ ਸੀ ਜਿਸ ਨੂੰ ਹੁਣ ਮਾਫੀਆ ਮੁਕਤ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਇਸ ਉਦਮ ਨਾਲ ਹੁਣ ਸੂਬੇ ਨੂੰ 40 ਫੀਸਦੀ ਵੱਧ ਆਮਦਨ ਹੋਵੇਗੀ। ਇਸ ਤੋਂ ਇਲਾਵਾ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਕੁਝ ਐੱਨ.ਆਰ.ਆਈ. ਦੋਸਤਾਂ ਨਾਲ ਗੱਲ ਹੁੰਦੀ ਸੀ ਤਾਂ ਉਨ੍ਹਾਂ ਦੀ ਸ਼ਿਕਾਇਤ ਹੁੰਦੀ ਸੀ ਕਿ ਜਦੋਂ ਅਸੀਂ ਦਿੱਲੀ ਤੋਂ ਪੰਜਾਬ ਆਉਂਦੇ ਹਾਂ ਜਾਂ ਪੰਜਾਬ ਤੋਂ ਦਿੱਲੀ ਜਾਂਦੇ ਹਾਂ ਤਾਂ ਅਸੀਂ ਪ੍ਰਾਈਵੇਟ ਬੱਸਾਂ ਵਿਚ ਸਫਰ ਕਰਦੇ ਹਾਂ ਤੇ ਉਹ ਰੇਟ ਵੀ ਆਪਣੀ ਮਰਜ਼ੀ ਨਾਲ ਲਾਉਂਦੇ ਸਨ। ਜਿਸ ਲਈ ਮਾਨ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਜਲਦ ਹੀ ਦਿੱਲੀ ਏਅਰਪੋਰਟ ਤੱਕ ਸਰਕਾਰੀ ਬੱਸਾਂ ਚਲਾਈਆਂ ਜਾਣਗੀਆਂ। ਜਿਸ ਨੂੰ ਪੂਰਾ ਕਰ ਦਿੱਤਾ ਗਿਆ ਹੈ ਤੇ 15 ਜੂਨ ਤੋਂ ਪੰਜਾਬ ਤੋਂ ਦਿੱਲੀ ਏਅਰਪੋਰਟ ਤੇ ਦਿੱਲੀ ਏਅਰਪੋਰਟ ਤੋਂ ਪੰਜਾਬ ਲਈ ਵਾਲਵੋ ਬੱਸਾਂ ਸ਼ੁਰੂ ਹੋਣ ਜਾ ਰਹੀਆਂ ਹਨ ਤੇ ਇਨ੍ਹਾਂ ਬੱਸਾਂ ਦਾ ਕਿਰਾਇਆ ਉਹ ਪ੍ਰਾਈਵੇਟ ਵਾਲਵੋ ਬੱਸ ਨਾਲੋਂ ਅੱਧੇ ਨਾਲੋਂ ਵੀ ਘੱਟ ਹੈ ਤੇ ਸਹੂਲਤਾਂ ਵਾਧੂ ਹਨ।

ਸਹਿਕਾਰੀ ਖੰਡ ਮਿੱਲਾਂ ਤੋਂ ਗੰਨਾ ਉਤਪਾਦਕਾਂ ਦਾ 331 ਕਰੋੜ ਬਕਾਇਆ ਤੁਰੰਤ ਜਾਰੀ ਕਰਵਾਇਆ ਜਾਵੇ : ਅਕਾਲੀ ਦਲ

ਪ੍ਰਾਈਵੇਟ ਖੰਡ ਮਿੱਲਾਂ ਵੀ ਕਿਸਾਨਾਂ ਦੇ ਬਕਾਏ ਜਾਰੀ ਕਰਨ, ਸਾਰੇ ਬਕਾਏ ਵਿਆਜ਼ ਸਮੇਤ ਅਦਾ ਕੀਤੇ ਜਾਣ : ਮਲੂਕਾ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਆਖਿਆ ਕਿ ਸਹਿਕਾਰੀ ਖੰਡ ਮਿੱਲਾਂ ਤੋਂ ਗੰਨਾ ਉਤਪਾਦਕ ਕਿਸਾਨਾਂ ਦੇ 331 ਕਰੋੜ ਰੁਪਏ ਦੇ ਬਕਾਏ ਤੁਰੰਤ ਜਾਰੀ ਕਰਵਾਏ ਜਾਣ। ਇਕੇ ਜਾਰੀ ਕੀਤੇ ਇਕ ਬਿਆਨ ਵਿਚ ਅਕਾਲੀ ਦਲ ਦੇ ਕਿਸਾਨ ਵਿੰਗ ਦੇ ਪ੍ਰਧਾਨ ਸਰਦਾਰ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਗੰਨਾ ਉਤਪਾਦਕਾਂ ਦਾ ਬਕਾਇਆ ਕਾਫੀ ਦੇਰ ਤੋਂ ਲਟਕ ਰਿਹਾ ਹੈ ਜਦੋਂ ਕਿਸਾਨ ਪਹਿਲਾਂ ਹੀ ਸੰਕਟ ਵਿਚ ਘਿਰੇ ਹੋਏ ਹਨ। ਉਹਨਾਂ ਕਿਹਾ ਕਿ ਪਹਿਲਾਂ ਹੀ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ ਤੇ ਜੇਕਰ ਗੰਨਾ ਉਤਪਾਦਕਾਂ ਦੇ ਬਕਾਏ ਸਮੇਂ ਸਿਰ ਅਦਾ ਨਾ ਕੀਤੇ ਗਏ ਤਾਂ ਕਿਸਾਨਾਂ ਸਿਰ ਹੋਰ ਕਰਜ਼ਾ ਚੜ੍ਹ ਜਾਵੇਗਾ। ਉਹਨਾਂ ਕਿਹਾ ਕਿ ਬਕਾਏ ਅਦਾ ਕਰਨ ਵਿਚ ਢਿੱਲ ਮੱਠ ਕਾਰਨ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਤੋਂ ਪਾਸੇ ਮੋੜ ਕੇ ਗੰਨਾ ਉਤਪਾਦਨ ਵੱਲ ਲਗਾਏ ਜਾਣ ਦੇ ਯਤਨ ਵੀ ਖੂਹ ਖਾਤੇ ਪੈ ਜਾਣਗੇ।

ਸਰਦਾਰ ਮਲੂਕਾ ਨੇ ਕਿਹਾ ਕਿ ਪ੍ਰਾਈਵੇਟ ਖੰਡ ਮਿੱਲਾਂ ਜਿਹਨਾਂ ਨੇ ਗੰਨਾ ਉਤਪਾਦਕਾਂ ਦੇ ਬਕਾਏ ਅਦਾ ਨਹੀਂ ਕੀਤੇ, ਨੂੰ ਵੀ ਕਰੜੇ ਹੱਥੀਂ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਕ ਅੰਦਾਜ਼ੇ ਮੁਤਾਬਕ ਪ੍ਰਾਈਵੇਟ ਖੰਡ ਮਿੱਲਾਂ ਨੇ ਵੀ ਕਿਸਾਨਾਂ ਦੇ 343 ਕਰੋੜ ਰੁਪਏ ਦੇਣੇ ਹਨ। ਉਹਨਾਂ ਕਿਹਾ ਕਿ ਸਹਿਕਾਰੀ ਤੇ ਪ੍ਰਾਈਵੇਟ ਦੋਵੇਂ ਖੰਡ ਮਿੱਲਾਂ ਨੂੰ ਸਪਸ਼ਟ ਹਦਾਇਤ ਹੋਣੀ ਚਾਹੀਦੀ ਹੈ ਕਿ ਗੰਨਾ ਉਤਪਾਦਕ ਕਿਸਾਨਾਂ ਦੇ ਵਿਆਜ਼ ਸਮੇਤ ਬਕਾਏ ਅਦਾ ਕੀਤੇ ਜਾਣ।

ਅਕਾਲੀ ਆਗੂ ਨੇ ਕਿਹਾ ਕਿ ਸ਼ੂਗਰਕੇਨ ਕੰਟਰੋਲ ਆਰਡਰ ਤੇ ਕਲਾਜ਼ 3 930 ਮੁਤਾਬਕ ਗੰਨੇ ਦੀ ਖਰੀਦ ਤੇ ਰੈਗੂਲੇਸ਼ਨ ਐਕਟ ਮੁਤਾਬਕ ਖੰਡ ਮਿੱਲਾਂ ਨੇ ਖਰੀਦ ਦੇ 14 ਦਿਨਾਂ ਦੇ ਅੰਦਰ ਅੰਦਰ ਅਦਾਇਗੀ ਕਰਨੀ ਹੁੰਦੀ ਹੈ ਨਹੀਂ ਤਾਂ ਵਿਆਜ਼ ਅਦਾ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੂੰ ਇਹ ਐਕਟ ਸਖ਼ਤੀ ਨਾਲ ਸਹੀ ਭਾਵਨਾ ਅਨੁਸਾਰ ਲਾਗੂ ਕਰਨਾ ਚਾਹੀਦਾ ਹੈ। ਸਰਦਾਰ ਮਲੂਕਾ ਨੇ ਗੰਨਾ ਉਤਪਾਦਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਜੋ ਬਕਾਏ ਜਾਰੀ ਨਾ ਕਰਨ 'ਤੇ ਖੰਡ ਮਿੱਲ ਮਾਲਕਾਂ ਦੇ ਖਿਲਾਫ ਰੋਸ ਮੁਜ਼ਾਹਰੇ ਕਰ ਰਹੇ ਹਨ।

ਮੁੱਖ ਚੋਣ ਅ਼ਫਸਰ ਪਾਰਟੀ ਵੱਲੋਂ ਦਿੱਤੇ ਪੋਸਟਰਾਂ ਨੂੰ ਪ੍ਰਵਾਨਗੀ ਨਾ ਦੇਣ ਦੇ ਫ਼ੈਸਲੇ ਦੀ ਮੁੜ ਸਮੀਖਿਆ ਕਰਨ : ਅਕਾਲੀ ਦਲ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਮੁੱਖ ਚੋਣ ਅਫਸਰ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਵੱਲੋਂ ਸੰਗਰੂਰ ਪਾਰਲੀਮਾਨੀ ਚੋਣ ਵਾਸਤੇ ਦਿੱਤੇ ਹੋਰਡਿੰਗਜ਼ ਤੇ ਪੋਸਟਰਾਂ ਨੂੰ ਪ੍ਰਵਾਨਗੀ ਦੇਣ ਤੋਂ ਨਾਂਹ ਕਰਨ ਦੇ ਆਪਣੇ ਫੈਸਲੇ ਦੀ ਸਮੀਖਿਆ ਕਰਨ।

ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕਮਿਸ਼ਨ ਦੀ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ ਨੇ ਅਕਾਲੀ ਦਲ ਵੱਲੋਂ ਸੌਂਪੇ ਪੋਸਟਰ ਇਹ ਕਹਿ ਕੇ ਰੱਦ ਕਰ ਦਿੱਤੇ ਹਨ ਕਿ ਇਹਨਾਂ ਨਾਲ ਲੋਕਾਂ ਨੂੰ ਪੀੜਾ ਹੋਵੇਗਾ ਤੇ ਬੇਲੋੜੀਂਦੀ ਬੇਚੈਨੀ ਵਧੇਗੀ। ਇਥੇ ਮੀਡੀਆ ਵਾਲਿਆਂ ਨੂੰ ਇਹ ਪੋਸਟਰ ਵਿਖਾਉਂਦਿਆਂ ਡਾ. ਚੀਮਾ ਨੇ ਕਿਹਾ ਕਿ ਇਹ ਸਿਰਫ ਬੰਦੀ ਸਿੰਘਾਂ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬਾ ਕਮਲਦੀਪ ਕੌਰ ਰਾਜੋਆਣਾ ਵੱਲੋਂ ਕੀਤੀ ਅਪੀਲ ਹੈ ਜਿਸ ਵਿਚ ਉਹਨਾਂ ਨੇ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਇੱਕ ਭੈਣ ਨੇ ਪੰਜਾਬੀਆਂ ਤੋਂ ਉਹਨਾਂ ਦੇ ਭਰਾ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਅਪੀਲ ਕੀਤੀ ਹੈ। ਇਹ ਉਹਨਾਂ ਦਾ ਹੱਕ ਹੈ। ਇਹ ਸੰਵਿਧਾਨ ਵਿਚ ਅੰਕਿਤ ਬੋਲਣ 'ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਮੁਤਾਬਕ ਹੈ। ਡਾ. ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਮੁੱਖ ਚੋਣ ਅਫਸਰ ਨੇ ਪੋਸਟਰਾਂ ਵਾਸਤੇ ਪ੍ਰਵਾਨਗੀ ਨਾ ਦੇ ਕੇ ਗਲਤੀ ਕੀਤੀ ਹੈ। ਉਹਨਾਂ ਕਿਹਾ ਕਿ ਇਹਨਾਂ ਪੋਸਟਰਾਂ ਨਾਲ ਸੂਬੇ ਦੀ ਸ਼ਾਂਤੀ ਕਿਸੇ ਤਰੀਕੇ ਵੀ ਭੰਗ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹਨਾਂ ਕਿਹਾ ਕਿ ਅਜਿਹੇ ਹੀ ਪੋਸਟਰ 1989 ਵਿਚ ਅਕਾਲੀ ਆਗੂਆਂ ਸਰਦਾਰ ਸਿਮਰਨਜੀਤ ਸਿੰਘ ਮਾਨ ਤੇ ਸਰਦਾਰ ਅਤਿੰਦਰਪਾਲ ਸਿੰਘ ਦੀ ਚੋਣ ਵੇਲੇ ਵੀ ਵਰਤੇ ਗਏ ਸਨ। ਅਕਾਲੀ ਆਗੂ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਇਕ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ। ਉਹਨਾਂ ਕਿਹਾ ਕਿ ਭਾਈ ਰਾਜੋਆਣਾ 28 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ ਤੇ ਉਹਨਾਂ ਨੂੰ ਪੈਰੋਲ ਵੀ ਨਹੀਂ ਦਿੱਤੀ ਗਈ। ਉਹਨਾਂ ਕਿਹਾ ਕਿ ਹੋਰ ਬੰਦੀ ਸਿੰਘਾਂ ਨੇ ਵੀ ਉਮਰ ਕੈਦ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਕਈ ਸਾਲ ਜੇਲ੍ਹਾਂ ਵਿਚ ਬਿਤਾਏ ਹਨ। ਉਹਨਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਰਾਜੋਆਣਾ ਦੀ ਸਜ਼ਾ ਮੁਆਫੀ ਲਈ 2012 ਵਿਚ ਰਾਸ਼ਟਰਪਤੀ ਕੋਲ ਰਹਿਮ ਦੀ ਪਟੀਸ਼ਨ ਦਾਇਰ ਕੀਤੀ ਸੀ ਪਰ ਹੁਣ ਤੱਕ ਉਸ 'ਤੇ ਕੋਈ ਫੈਸਲਾ ਨਹੀਂ ਲਿਆ ਗਿਆ ਹਾਲਾਂਕਿ ਕੇਂਦਰ ਸਰਕਾਰ ਨੂੰ ਸੁਪਰੀਮ ਕੋਰਟ ਨੇ ਵੀ ਮਾਮਲੇ ਵਿਚ ਛੇਤੀ ਫੈਸਲਾ ਲੈਣ ਦੀ ਹਦਾਇਤ ਕੀਤੀ ਸੀ।

ਡਾ. ਚੀਮਾ ਨੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਮਨੁੱਖੀ ਅਧਿਕਾਰਾਂ ਦਾ ਮੁਦੱਈ ਰਿਹਾ ਹੈ ਤੇ ਉਹ ਬੰਦੀ ਸਿੰਘਾਂ ਦੇ ਹੱਕਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੰਮ ਕਰਦਾ ਰਹੇਗਾ। ਉਹਨਾਂ ਕਿਹਾ ਕਿ ਪਹਿਲਾਂ ਵੀ ਤਤਕਾਲੀ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰੁਕਾਵਟਾਂ ਦਾ ਨੋਟਿਸ ਲਿਆ ਸੀ ਤੇ 2012 ਵਿਚ ਭਾਈ ਰਾਜੋਆਣਾ ਨੂੰ ਫਾਂਸੀ ਲਾਉਣ ਤੋਂ ਨਾਂਹ ਕਰ ਦਿੱਤੀ ਸੀ। ਉਹਨਾਂ ਕਿਹਾ ਕਿ ਅਕਾਲੀ ਦਲ ਦਾ ਲੋਕ ਹੱਕਾਂ ਵਾਸਤੇ ਸੰਘਰਸ਼ ਦਾ ਲੰਬਾ ਇਤਿਹਾਸ ਰਿਹਾ ਹੈ ਤੇ ਇਸਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਾਈ ਐਮਰਜੈਂਸੀ ਦਾ ਵੀ ਡੱਟ ਕੇ ਵਿਰੋਧ ਕੀਤਾ ਸੀ। ਉਹਨਾਂ ਨੇ ਐਲਾਨ ਕੀਤਾ ਕਿ ਅਕਾਲੀ ਦਲ ਮੁੱਖ ਚੋਣ ਅਫਸਰ ਕੋਲ ਫੈਸਲੇ ਦੀ ਸਮੀਖਿਆ ਲਈ ਅਰਜ਼ੀ ਦਾਇਰ ਕਰੇਗਾ।

'ਆਪ' ਉਮੀਦਵਾਰ ਗੁਰਮੇਲ ਸਿੰਘ ਨੇ ਆਰੰਭਿਆ ਚੋਣ ਪ੍ਰਚਾਰ, ਲੋਕਾਂ ਦਾ ਮਿਲਿਆ ਭਾਰੀ ਸਮਰਥਨ

ਗੁਰਮੇਲ ਸਿੰਘ ਨੇ ਵਿਧਾਇਕ ਲਾਭ ਸਿੰਘ ਉਗੋਕੇ ਨਾਲ ਭਦੌੜ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਕੀਤਾ ਦੌਰਾ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)-ਸੰਗਰੂਰ ਲੋਕ ਸਭਾ ਹਲਕੇ ਦੀ ਜਿਮਨੀ ਚੋਣ ਲਈ ਚੋਣ ਪ੍ਰਚਾਰ ਸ਼ੁਰੂ ਕਰਦਿਆਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਗੁਰਮੇਲ ਸਿੰਘ ਨੇ ਵਿਧਾਇਕ ਲਾਭ ਸਿੰਘ ਉਗੋਕੇ ਸਮੇਤ ਅੱਜ ਵਿਧਾਨ ਸਭਾ ਹਲਕਾ ਭਦੌੜ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਅਤੇ ਜਨ ਸਭਾਵਾਂ ਕੀਤੀਆਂ। ਇਸ ਦੌਰਾਨ ਗੁਰਮੇਲ ਸਿੰਘ ਨੂੰ ਪਿੰਡਾਂ ਦੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਅਤੇ ਸਮਰਥਨ ਪ੍ਰਾਪਤ ਹੋਇਆ।

ਗੁਰਮੇਲ ਸਿੰਘ ਨੇ ਪਿੰਡ ਰਜੀਆ, ਪੰਧੇਰ, ਕੋਟਦੁੰਨਾ, ਭੈਣੀ ਫੱਤਾ, ਧੂਰਕੋਟ, ਬਦਰਾ, ਕਾਹਨੇਕੇ, ਕਾਲੇਕੇ, ਭੈਣੀ ਜੱਸਾ, ਧੌਲਾ, ਤਾਜੋਕੇ, ਤਪਾ, ਢਿੱਲਵਾਂ, ਮੌੜ ਨਾਭਾ, ਸਹਿਣਾ ਅਤੇ ਭਦੌੜ ਆਦਿ 16 ਪਿੰਡਾਂ ਦਾ ਦੌਰਾ ਕੀਤਾ ਅਤੇ ਵੱਖ ਵੱਖ ਥਾਂਵਾਂ 'ਤੇ ਜਨ ਸਭਾਵਾਂ ਕਰਕੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ 'ਝਾੜੂ' 'ਤੇ ਵੋਟਾਂ ਪਾਉਣ ਦੀ ਅਪੀਲ ਕੀਤੀ।

ਹਲਕਾ ਵਿਧਾਇਕ ਲਾਭ ਸਿੰਘ ਉਗੋਕੇ ਨੇ ਲੋਕਾਂ ਨੂੰ ਗੁਰਮੇਲ ਸਿੰਘ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ, "ਗੁਰਮੇਲ ਸਿੰਘ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ ਅਤੇ ਪਿਛਲੇ ਕਈ ਸਾਲਾਂ ਤੋਂ ਸੰਗਰੂਰ ਵਾਸੀਆਂ ਦੀ ਭਲਾਈ ਲਈ ਲਗਨ ਨਾਲ ਕੰਮ ਕਰ ਰਹੇ ਹਨ।" ਉਨ੍ਹਾਂ ਕਿਹਾ ਕਿ ਗੁਰਮੇਲ ਸਿੰਘ ਨੇ ਹਿਸਾਬ 'ਚ ਗ੍ਰੈਜੂਏਸ਼ਨ ਅਤੇ ਐਮ.ਬੀ.ਏ. ਕੀਤੀ ਹੋਈ ਹੈ ਅਤੇ ਰਾਜਨੀਤੀ 'ਚ ਆਉਣ ਤੋਂ ਪਹਿਲਾਂ ਉਹ ਇੱਕ ਅਧਿਆਪਕ ਸਨ ਅਤੇ ਉਨ੍ਹਾਂ 2018 ਤੱਕ ਵੱਖ-ਵੱਖ ਸਕੂਲਾਂ 'ਚ ਬੱਚਿਆਂ ਨੂੰ ਪੜ੍ਹਾਇਆ ਹੈ।

ਉਮੀਦਵਾਰ ਗੁਰਮੇਲ ਸਿੰਘ ਨੇ ਵੱਖ-ਵੱਖ ਪਿੰਡਾਂ 'ਚ ਸੰਬੋਧਨ ਕਰਦਿਆਂ ਕਿਹਾ ਕਿ ਸੰਗਰੂਰ 'ਆਪ' ਦਾ ਗੜ੍ਹ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ 2014 ਅਤੇ 2019 'ਚ ਇਸ ਸੀਟ ਤੋਂ ਦੋ ਵਾਰ ਜਿੱਤ ਚੁੱਕੇ ਹਨ। ਇਹ ਸੀਟ ਮੁੱਖ ਮੰਤਰੀ ਮਾਨ ਵੱਲੋਂ ਧੂਰੀ ਹਲਕੇ ਤੋਂ ਜਿੱਤ ਪ੍ਰਾਪਤ ਕਾਰਨ ਤੋਂ ਬਾਅਦ ਅਸਤੀਫ਼ਾ ਦੇਣ ਕਾਰਨ ਖਾਲੀ ਹੋਈ ਹੈ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਦੇ ਪਿਆਰ ਅਤੇ ਸਮਰਥਨ ਨੂੰ ਦੇਖਦਿਆਂ ਵਿਸ਼ਵਾਸ ਹੋ ਗਿਆ ਹੈ ਕਿ ਇਸ ਚੋਣ 'ਚ ਵੀ 'ਆਪ' ਵੱਡੀ ਜਿੱਤ ਪ੍ਰਾਪਤ ਕਰੇਗੀ ਅਤੇ ਪਾਰਟੀ ਸਾਰੇ ਪੁਰਾਣੇ ਰਿਕਾਰਡ ਤੋੜੇਗੀ।

ਗੁਰਮੇਲ ਸਿੰਘ ਨੇ ਕਿਹਾ ਕਿ ਉਹ ਮੁੱਖ ਮੰਤਰੀ ਮਾਨ ਦੀ ਗਤੀਸ਼ੀਲ ਅਗਵਾਈ ਵਾਲੀ 'ਆਪ' ਸਰਕਾਰ ਦੇ ਢਾਈ ਮਹੀਨਿਆਂ ਦੇ ਸ਼ਾਨਦਾਰ ਸ਼ਾਸਨ ਅਤੇ ਕੰਮਾਂ ਦੇ ਆਧਾਰ 'ਤੇ ਚੋਣ ਲੜ ਰਹੇ ਹਨ, ਜਿਨ੍ਹਾਂ ਨੇ ਪੰਜਾਬ ਨੂੰ ਬਦਲਣ ਲਈ ਬੀੜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਸੰਗਰੂਰ ਸੀਟ ਜਿੱਤ ਕੇ ਉਹ ਮੁੱਖ ਮੰਤਰੀ ਮਾਨ ਦੇ ਮਿਸ਼ਨ ਨੂੰ ਅੱਗੇ ਵਧਾਉਣਗੇ ਅਤੇ ਸੰਗਰੂਰ ਵਾਸੀਆਂ ਦੀ ਭਲਾਈ ਲਈ ਮਿਹਨਤ ਨਾਲ ਕੰਮ ਕਰਨਗੇ।

ਜ਼ਿਕਰਯੋਗ ਹੈ ਕਿ ਗੁਰਮੇਲ ਸਿੰਘ 'ਆਪ' ਦੇ ਵਰਕਰ ਹਨ ਅਤੇ ਉਹ 2015 'ਚ ਭਵਾਨੀਗੜ੍ਹ ਬਲਾਕ ਦੇ ਪ੍ਰਧਾਨ ਬਣੇ ਸਨ। ਇਸ ਤੋਂ ਬਾਅਦ 2018 'ਚ ਉਨ੍ਹਾਂ ਨੂੰ ਘਰਾਚੋਂ ਪਿੰਡ ਦਾ ਸਰਪੰਚ ਚੁਣ ਲਿਆ ਗਿਆ ਸੀ, ਜਦੋਂ ਕਿ ਪਾਰਟੀ ਨੇ ਸਾਲ 2021 'ਚ ਗੁਰਮੇਲ ਸਿੰਘ ਨੂੰ ਸੰਗਰੂਰ ਜ਼ਿਲ੍ਹਾ ਦਾ ਪ੍ਰਧਾਨ ਨਿਯੁਕਤ ਕੀਤਾ ਸੀ।

ਕਾਂਗਰਸ ਦੇ ਕੁੱਝ ਹੋਰ ਸਾਬਕਾ ਮੰਤਰੀ ਜਲਦੀ ਹੋਣਗੇ ਸਲਾਖ਼ਾਂ ਪਿੱਛੇ

ਲੁਧਿਆਣਾ: ਪਿਛਲੇ 20 ਸਾਲਾਂ ਤੋਂ ਪੰਜਾਬ ਦੀ ਰਾਜਨੀਤੀ ਇੱਕ-ਦੂਜੇ ਨੂੰ ਦੱਬਣ-ਦਬਾਉਣ ਦੇ ਦਾਅਵੇ ਕਰਨ ਅਤੇ ਰਿਸ਼ਵਤਖੋਰੀ ਦੇ ਇਲਜ਼ਾਮ ਲਗਾ ਕੇ ਜੇਲ੍ਹ 'ਚ ਪਾਉਣ ਦੀਆਂ ਧਮਕੀਆਂ ਨਾਲ ਚੱਲ ਰਹੀ ਸੀ। ਅਸੀਂ ਜੇਕਰ ਨਜ਼ਰ ਮਾਰੀਏ ਤਾਂ 2002 ਤੋਂ 2007 ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਵਾਰ ਬਣੀ ਸਰਕਾਰ ਨੇ ਅਕਾਲੀ ਦਲ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ 'ਤੇ ਰਿਸ਼ਵਤਖੋਰੀ ਦੇ ਇਲਜ਼ਾਮ ਲਗਾ ਕੇ ਉਨ੍ਹਾਂ ਨੂੰ ਜੇਲ੍ਹ 'ਚ ਭੇਜ ਦਿੱਤਾ ਸੀ। ਉਸ ਤੋਂ ਬਾਅਦ 2006 'ਚ ਅਕਾਲੀ ਦਲ ਨੇ ਕਾਂਗਰਸ 'ਤੇ ਸਿਟੀ ਸੈਂਟਰ ਦੇ ਦੋਸ਼ ਲਾ ਕੇ ਸੱਤਾ 'ਚ ਆਉਣ 'ਤੇ ਕੈਪਟਨ ਅਮਰਿੰਦਰ ਨੂੰ ਜੇਲ੍ਹ 'ਚ ਪਾਉਣ ਦੇ ਦਾਅਵੇ ਕੀਤੇ ਸਨ ਅਤੇ ਚੋਣ ਪ੍ਰਚਾਰ 'ਚ ਡੱਟ ਕੇ ਇਸ ਗੱਲ ਦਾ ਪ੍ਰਚਾਰ ਕੀਤਾ ਪਰ 2007 'ਚ ਅਕਾਲੀ-ਭਾਜਪਾ ਦੀ ਸਰਕਾਰ ਬਣਨ 'ਤੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨੇ ਸਿਰਫ਼ ਭਰਤਇੰਦਰ ਚਹਿਲ ਨੂੰ ਹੀ ਵੱਖ-ਵੱਖ ਕੇਸਾਂ 'ਚ ਫ਼ਸਾ ਕੇ ਖਾਨਾਪੂਰਤੀ ਕੀਤੀ ਅਤੇ ਆਪਣੇ 10 ਸਾਲ ਦੀ ਸਰਕਾਰ ਨੂੰ ਕਾਰਵਾਈ ਦੇ ਨਾਂ 'ਤੇ ਗੁਜ਼ਾਰ ਦਿੱਤਾ। 2016 'ਚ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ-ਭਾਜਪਾ 'ਤੇ ਰਿਸ਼ਵਤਖੋਰੀ ਦੇ ਦੋਸ਼ ਲਾ ਕੇ ਸੱਤਾ 'ਚ ਆਉਣ 'ਤੇ ਜਾਂਚ ਕਰਵਾ ਕੇ ਮੁਲਜ਼ਮਾਂ 'ਤੇ ਕਾਰਵਾਈ ਦੀ ਗੱਲ ਕੀਤੀ, ਪਰ ਮਾੜੀ ਕਿਸਮਤ ਦੀ ਗੱਲ ਹੈ ਕਿ 2017 'ਚ ਕੈਪਟਨ ਅਮਰਿੰਦਰ ਸਰਕਾਰ ਬਣਨ ਤੋਂ ਬਾਅਦ ਆਪਣੇ ਮਹਿਲਾਂ 'ਚ ਵਿਅਸਥ ਹੋ ਗਏ ਅਤੇ ਉਨ੍ਹਾਂ ਦੇ ਮੰਤਰੀ ਉਨ੍ਹਾਂ ਦੀ ਸਹਿਮਤੀ ਨਾਲ ਆਪਣੀਆਂ ਮਨਮਾਨੀਆਂ ਕਰਨ ਲੱਗੇ ਅਤੇ ਚਹੇਤਿਆਂ ਨੂੰ ਖ਼ੁਸ਼ ਕਰਨ 'ਚ ਲੱਗੇ ਰਹੇ।

ਕੈਪਟਨ ਦੀ ਸਰਕਾਰ ਦੌਰਾਨ ਅਕਾਲੀ-ਭਾਜਪਾ ਨੇਤਾਵਾਂ ਨੇ ਵਿਸ਼ੇਸ਼ ਕਰ ਕੇ ਆਮ ਆਦਮੀ ਪਾਰਟੀ ਨੇ ਕੈਪਟਨ ਅਮਰਿੰਦਰ ਅਤੇ ਉਨ੍ਹਾਂ ਦੇ ਸਹਿਯੋਗੀਆਂ 'ਤੇ ਰਿਸ਼ਵਤਖੋਰੀ 'ਚ ਸ਼ਾਮਿਲ ਹੋਣ ਦੇ ਦੋਸ਼ ਲਾਏ, ਪਰ ਕਾਂਗਰਸ ਦੀ ਅੰਦਰੂਨੀ ਫੁੱਟ ਅਤੇ ਖ਼ੁਦ ਅਤੇ ਬੇਟੇ ਖ਼ਿਲਾਫ਼ ਕੇਂਦਰੀ ਏਜੰਸੀਆਂ ਦੀ ਚੱਲ ਰਹੀ ਜਾਂਚ ਤੋਂ ਬਚਣ ਲਈ ਕੈਪਟਨ ਨੇ ਭਾਜਪਾ ਦੇ ਗੁਣਗਾਨ ਦਾ ਰਸਤਾ ਚੁਣ ਲਿਆ। ਚਰਨਜੀਤ ਚੰਨੀ ਬੇਸ਼ੱਕ ਤਿੰਨ ਮਹੀਨੇ ਮੁੱਖ ਮੰਤਰੀ ਰਹੇ, ਉਨ੍ਹਾਂ 'ਤੇ ਵੀ ਚਹੇਤਿਆਂ ਜ਼ਰੀਏ ਨਿੱਜੀ ਪੂਰਤੀ ਦੇ ਦੋਸ਼ ਲੱਗੇ। ਆਮ ਜਨਤਾ ਇਨ੍ਹਾਂ ਸਭ ਦਲਾਂ ਕਦੇ ਕਾਂਗਰਸ, ਕਦੇ ਅਕਾਲੀ-ਭਾਜਪਾ ਦੀ ਨੀਤੀਆਂ ਅਤੇ ਉਨ੍ਹਾਂ ਦੇ ਕਾਰਜਾਂ ਤੋਂ ਤੰਗ ਆ ਚੁੱਕੀ ਸੀ ਅਤੇ ਇਹ ਸਮਝ ਚੁੱਕੀ ਸੀ ਕਿ ਇਹ ਸਭ ਮਿਲ ਕੇ ਜਨਤਾ ਨੂੰ ਲੁੱਟਣ 'ਚ ਲੱਗੇ ਹੋਏ ਹਨ। ਹਰ ਚੋਣ 'ਚ ਇੱਕ-ਦੂਜੇ ਖ਼ਿਲਾਫ਼ ਜਾਂਚ ਅਤੇ ਐਕਸ਼ਨ ਦੀ ਗੱਲ ਕਰ ਕੇ ਜਨਤਾ ਨੂੰ ਗੁੰਮਰਾਹ ਕਰਦੇ ਹਨ, ਪਰ ਸੱਤਾ 'ਚ ਆਉਣ ਤੋਂ ਬਾਅਦ ਮਿਲ-ਜੁਲ ਕੇ ਖੇਡ ਖੇਡਦੇ ਹਨ। ਉਸੇ ਗੁੱਸੇ ਨੂੰ ਲੈ ਕੇ ਜਨਤਾ ਨੇ ਇਸ ਵਾਰ ਵਿਧਾਨ ਸਭਾ ਚੋਣਾਂ 'ਚ ਇੱਕ ਨਵਾਂ ਪਰਚਮ ਲਹਿਰਾਉਂਦੇ ਹੋਏ 2022 ਮਾਰਚ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਂਦੇ ਹੋਏ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੀ ਕੁਰਸੀ ਸੌਂਪਦੇ ਹੋਏ ਪੰਜਾਬ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ।

ਭਗਵੰਤ ਮਾਨ ਨੇ ਮੁੱਖ ਮੰਤਰੀ ਬਣਦੇ ਹੀ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੀ ਨੀਤੀ ਸਪੱਸ਼ਟ ਕਰਦੇ ਹੋਏ ਆਪਣੇ ਵਿਧਾਇਕਾਂ ਅਤੇ ਮੰਤਰੀਆਂ ਨੂੰ ਵੀ ਚਿਤਾਵਨੀ ਦੇ ਦਿੱਤੀ ਸੀ, ਅਤੇ ਨਾਲ ਹੀ ਵਿਰੋਧੀ ਧਿਰ ਨੂੰ ਵੀ ਇਹ ਸੰਦੇਸ਼ ਦਿੱਤਾ ਕਿ ਉਹ ਪਹਿਲਾਂ ਦੀਆਂ ਸਰਕਾਰਾਂ ਦੀ ਤਰ੍ਹਾਂ ਕੰਮ ਨਹੀਂ ਕਰਨਗੇ ਸਗੋਂ ਕੋਈ ਵੀ ਸ਼ਿਕਾਇਤ ਮਿਲਣ 'ਤੇ ਐਕਸ਼ਨ ਮੋਡ 'ਚ ਆਉਣਗੇ ਅਤੇ ਸਰਕਾਰ ਦੇ ਦੋ ਮਹੀਨਿਆਂ ਦੇ ਕਾਰਜਕਾਲ 'ਚ ਉਨ੍ਹਾਂ ਨੇ ਆਪਣੀ ਸਰਕਾਰ ਦੇ ਸਿਹਤ ਮੰਤਰੀ ਜੇਲ੍ਹ 'ਚ ਭੇਜ ਦਿੱਤਾ ਤਾਂ ਇਸ਼ਾਰਾ ਹੋ ਗਿਆ ਸੀ।

ਹੁਣ ਅਗਲਾ ਨਿਸ਼ਾਨਾ ਵਿਰੋਧੀ ਧਿਰ ਦੇ ਸਾਬਕਾ ਮੰਤਰੀ ਹੋਣਗੇ

ਕੁੱਝ ਦਿਨ ਪਹਿਲਾਂ ਕਾਂਗਰਸ ਸਰਕਾਰ 'ਚ ਮੰਤਰੀ ਰਹੇ ਸਾਧੂ ਸਿੰਘ ਧਰਮਸੋਤ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਲਾਖ਼ਾਂ ਪਿੱਛੇ ਭੇਜ ਦਿੱਤਾ, ਉਸ ਤੋਂ ਬਾਅਦ ਕਾਂਗਰਸ ਵਲੋਂ ਮੁੱਖ ਮੰਤਰੀ ਆਵਾਸ 'ਤੇ ਦਿੱਤੇ ਧਰਨੇ ਤੋਂ ਮਾਨ ਕਾਫ਼ੀ ਖ਼ਫ਼ਾ ਹਨ ਕਿ ਕਾਂਗਰਸ ਭ੍ਰਿਸ਼ਟਾਚਾਰ 'ਚ ਸ਼ਾਮਿਲ ਨੇਤਾਵਾਂ ਨੂੰ ਬਚਾਉਣ ਦਾ ਦਬਾਅ ਬਣਾਉਂਦੀ ਹੈ। ਹੁਣ ਚਰਚਾ ਚੱਲ ਰਹੀ ਹੈ ਕਿ ਜਿਉਂ ਹੀ ਅਗਲੇ ਹਫ਼ਤੇ ਗਰਮੀ ਦਾ ਤਾਪਮਾਨ ਵਧੇਗਾ, ਉਸੇ ਤਰ੍ਹਾਂ ਇੱਕ ਹੋਰ ਸਾਬਕਾ ਕਾਂਗਰਸ ਮੰਤਰੀ, ਜਿਨ੍ਹਾਂ ਨੇ ਆਪਣੇ ਸਮੇਂ 'ਚ ਪੂਰੀ ਤਾਕਤ ਦਾ ਇਸਤੇਮਾਲ ਕਰਦੇ ਵਿਰੋਧੀਆਂ ਹੀ ਨਹੀਂ ਆਪਣੀ ਪਾਰਟੀ ਦੇ ਨੇਤਾਵਾਂ 'ਤੇ ਵੀ ਆਪਣਾ ਦਬਾ ਕੇ ਜ਼ੋਰ ਚਲਾਇਆ ਸੀ, 'ਤੇ ਐਕਸ਼ਨ ਹੋਣ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਚਹੇਤੇ ਚੇਅਰਮੈਨ ਅਤੇ ਹੋਰ ਸਹਿਯੋਗੀ ਵੀ ਸਰਕਾਰ ਦੇ ਰੇਡਾਰ 'ਤੇ ਹਨ। ਆਉਣ ਵਾਲੇ ਦਿਨਾਂ 'ਚ ਪੰਜਾਬ ਦੀਆਂ ਜੇਲ੍ਹਾਂ 'ਚ ਨਵਜੋਤ ਸਿੱਧੂ, ਬਿਕਰਮ ਮਜੀਠੀਆ, ਵਿਜੇ ਸਿੰਗਲਾ, ਸਾਧੂ ਸਿੰਘ ਧਰਮਸੋਤ ਦੇ ਨਾਲ ਨਵੇਂ ਸਾਬਕਾ ਮੰਤਰੀ ਮਹਿਮਾਨ ਬਣਨ ਜਾ ਰਹੇ ਹਨ। ਇਸ ਦੇ ਨਾਲ ਹੀ ਪਹਿਲੀ ਸਰਕਾਰ 'ਚ ਸੁੱਖ ਭੋਗਣ ਵਾਲੇ ਅਤੇ ਹੁਣ ਦੀ ਸਰਕਾਰ 'ਚ ਪਹਿਲੀ ਵਾਰ ਵਿਧਾਇਕ ਬਣਨ ਵਾਲੇ ਵੀ ਸਰਕਾਰ ਦੇ ਰੇਡਾਰ 'ਤੇ ਹਨ। ਵਿਰੋਧੀਆਂ ਦੇ ਨਾਲ-ਨਾਲ ਆਪਣੇ ਵਿਧਾਇਕਾਂ ਨੂੰ ਵੀ ਸਖ਼ਤ ਸੰਦੇਸ਼ ਦੇਣ ਦੇ ਮੂਡ 'ਚ ਹਨ ਅਤੇ ਅਗਲੇ ਹਫ਼ਤੇ ਜਨਤਾ 'ਤੇ ਨਵੇਂ ਐਕਸ਼ਨ ਨੂੰ ਦੇਖੇਗੀ ਅਤੇ ਉਸ ਨੂੰ ਲੈ ਕੇ ਹੁਣ ਤੋਂ ਸੁਗਬੁਗਾਹਟ ਸ਼ੁਰੂ ਹੋ ਗਈ ਹੈ।

ਯੂਕਰੇਨ ਜੰਗ ਦੇ ਭਿਆਨਕ ਪ੍ਰਭਾਵ ਸਾਰੇ ਸੰਸਾਰ 'ਤੇ ਪੈ ਰਹੇ ਹਨ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਕੋਈ ਜ਼ਮਾਨਾ ਸੀ ਜਦੋਂ ਦੋ ਦੇਸ਼ ਲੜ ਕੇ ਹਟ ਵੀ ਜਾਂਦੇ ਸਨ ਪਰ ਦੁਨੀਆਂ ਦੇ ਬਾਕੀ ਦੇਸ਼ਾਂ ਨੂੰ ਨਾ ਤਾਂ ਕੋਈ ਫਰਕ ਪੈਂਦਾ ਸੀ ਤੇ ਨਾ ਹੀ ਕਿਸੇ 'ਤੇ ਕੋਈ ਅਸਰ ਹੁੰਦਾ ਸੀ। ਬੱਸ ਦੋ ਚਾਰ ਦਿਨ ਅਖਬਾਰਾਂ ਦੀਆਂ ਖਬਰਾਂ ਪੜ੍ਹ ਸੁਣ ਕੇ ਸਭ ਸ਼ਾਂਤ ਹੋ ਜਾਂਦੇ ਸਨ। ਜੰਗ ਦਾ ਸੰਸਾਰ ਪੱਧਰ 'ਤੇ ਪ੍ਰਭਾਵ ਪੈਣਾ ਪਹਿਲੀ ਤੇ ਖਾਸ ਤੌਰ 'ਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਸ਼ੁਰੂ ਹੋਇਆ ਸੀ। ਦੂਸਰੀ ਸੰਸਾਰ ਜੰਗ ਤੋਂ ਪਹਿਲਾਂ ਇੰਗਲੈਂਡ ਅਤੇ ਫਰਾਂਸ ਸੁਪਰ ਪਾਵਰ ਸਨ ਤੇ ਅਮਰੀਕਾ ਅਤੇ ਰੂਸ ਦਾ ਕਿਤੇ ਨਾਮੋ ਨਿਸ਼ਾਨ ਵੀ ਨਹੀਂ ਸੀ। ਉਸ ਸਮੇਂ ਅੱਧੇ ਤੋਂ ਵੱਧ ਦੁਨੀਆਂ 'ਤੇ ਇਨ੍ਹਾਂ ਦੋਵਾਂ ਦੇਸ਼ਾਂ (ਇੰਗਲੈਂਡ ਅਤੇ ਫਰਾਂਸ) ਦਾ ਹੀ ਕਬਜ਼ਾ ਸੀ। ਅਮਰੀਕਾ ਭਾਰੀ ਮੰਦੀ ਅਤੇ ਰੂਸ ਕਮਿਊਨਿਸਟ ਰਾਜ ਕਾਰਨ (ਪੱਛਮੀ ਦੇਸ਼ਾਂ ਨੇ ਉਸ ਦਾ ਬਾਈਕਾਟ ਕੀਤਾ ਹੋਇਆ ਸੀ) ਭੁੱਖਮਰੀ ਦੀ ਕਗਾਰ 'ਤੇ ਪਹੁੰਚੇ ਹੋਏ ਸਨ। ਪਰ ਸੰਸਾਰ ਜੰਗ ਵਿੱਚ ਸ਼ਾਮਲ ਹੁੰਦੇ ਸਾਰ ਇਨ੍ਹਾਂ ਦੋਵਾਂ ਦੇਸ਼ਾਂ ਦੀ ਕਿਸਮਤ ਪਲਟ ਗਈ। ਫੌਜੀ ਸਾਜ਼ੋ ਸਮਾਨ ਅਤੇ ਹੋਰ ਉਤਪਾਦਾਂ ਦੀ ਮੰਗ ਇੱਕ ਦਮ ਸਿਖਰ 'ਤੇ ਪਹੁੰਚ ਜਾਣ ਕਾਰਨ ਦੀਵਾਲੀਆ ਹੋਣ ਕਿਨਾਰੇ ਪਹੁੰਚੀਆਂ ਅਮਰੀਕਾ ਦੀਆਂ ਫੈਕਟਰੀਆਂ ਤਿੰਨ ਤਿੰਨ ਸ਼ਿਫਟਾਂ ਵਿੱਚ ਚੱਲਣ ਲੱਗੀਆਂ ਤੇ ਰੂਸ, ਜਿਸ ਨੂੰ ਕਦੇ ਯੂਰਪ ਦਾ ਬਿਮਾਰ ਦੇਸ਼ ਕਿਹਾ ਜਾਂਦਾ ਸੀ, ਨੇ ਅੱਧੇ ਦੇ ਕਰੀਬ ਯੂਰਪ 'ਤੇ ਕਬਜ਼ਾ ਕਰ ਲਿਆ। ਦੂਸਰੇ ਪਾਸੇ ਜੰਗ ਤੋਂ ਬਾਅਦ ਆਰਥਿਕ ਅਤੇ ਸੈਨਿਕ ਪੱਖੋਂ ਬਰਬਾਦ ਹੋਏ ਇੰਗਲੈਂਡ ਅਤੇ ਫਰਾਂਸ ਨੂੰ ਆਪਣੀਆਂ ਅੱਧੇ ਤੋਂ ਵੱਧ ਬਸਤੀਆਂ ਖਾਲੀ ਕਰਨੀਆਂ ਪਈਆਂ ਸਨ।

ਦੂਸਰੀ ਸੰਸਾਰ ਜੰਗ ਤੋਂ ਬਾਅਦ ਜਿਸ ਜੰਗ ਨੇ ਸੰਸਾਰ 'ਤੇ ਸਭ ਤੋਂ ਵੱਧ ਬੁਰਾ ਪ੍ਰਭਾਵ ਪਾਇਆ ਹੈ, ਉਹ ਹੈ ਰੂਸ ਅਤੇ ਯੂਕਰੇਨ ਦੀ ਜੰਗ। ਜੰਗ ਦੀ ਸ਼ੁਰੂਆਤ ਵਿੱਚ ਤਾਂ ਇਸ ਤਰਾਂ ਲੱਗਦਾ ਸੀ ਕਿ ਇਹ ਕਰੀਮੀਆ ਵਾਂਗ ਇੱਕ ਸਥਾਨਿਕ ਝਗੜਾ ਹੈ, ਜੋ ਜਲਦੀ ਹੀ ਨਿੱਬੜ ਜਾਵੇਗਾ। ਪਰ ਜਿਵੇਂ ਜਿਵੇਂ ਇਹ ਜੰਗ ਲੰਬੀ ਖਿੱਚਦੀ ਗਈ ਤੇ ਯੂਰਪੀਨ ਦੇਸ਼ ਅਤੇ ਅਮਰੀਕਾ ਇਸ ਵਿੱਚ ਸ਼ਾਮਲ ਹੋ ਗਏ, ਇਸ ਦੇ ਤਬਾਹਕੁੰਨ ਨਤੀਜੇ ਸੰਸਾਰ ਦੇ ਸਾਹਮਣੇ ਆਉਣ ਲੱਗ ਪਏ ਹਨ। ਸਭ ਤੋਂ ਬੁਰਾ ਪ੍ਰਭਾਵ ਸੰਸਾਰ ਦੀ ਅਨਾਜ਼ ਅਤੇ ਊਰਜਾ ਦੀ ਆਪੂਰਤੀ 'ਤੇ ਪਿਆ ਹੈ। ਵਰਲਡ ਟਰੇਡ ਆਰਗੇਨਾਈਜ਼ੇਸ਼ਨ (ਡਬਲਿਊ. ਟੀ.ਉ.) ਅਨੁਸਾਰ ਰੂਸ ਯੂਕਰੇਨ ਜੰਗ ਕਾਰਨ ਮਨੁੱਖਤਾ ਨੂੰ ਦੂਸਰੀ ਸੰਸਾਰ ਜੰਗ ਤੋਂ ਬਾਅਦ ਸਭ ਤੋਂ ਵੱਡੀ ਮੁਸੀਬਤ ਸਹਿਣੀ ਪੈ ਰਹੀ ਹੈ ਕਿਉਂਕਿ ਇਸ ਨੇ ਅੰਤਰਰਾਸ਼ਟਰੀ ਵਪਾਰ ਨੂੰ ਤਬਾਹ ਕਰ ਕੇ ਰੱਖ ਦਿੱਤਾ ਹੈ। ਰੂਸ ਸੰਸਾਰ ਦਾ ਅਮਰੀਕਾ ਅਤੇ ਸਾਊਦੀ ਅਰਬ ਤੋਂ ਬਾਅਦ ਤੀਸਰਾ ਸਭ ਤੋਂ ਵੱਡਾ ਤੇਲ ਅਤੇ ਕੁਦਰਤੀ ਗੈਸ ਉਤਪਾਦਕ ਦੇਸ਼ ਹੈ। ਜਿਆਦਾਤਰ ਯੂਰਪੀਨ ਦੇਸ਼ ਊਰਜਾ ਦੀ ਪੂਰਤੀ ਲਈ ਰੂਸ 'ਤੇ ਨਿਰਭਰ ਹਨ। ਪਰ ਅਮਰੀਕਾ ਦੇ ਦਬਾਅ ਹੇਠ ਉਨ੍ਹਾਂ ਨੂੰ ਰੂਸ ਤੋਂ ਤੇਲ ਅਤੇ ਗੈਸ ਦੀ ਦਰਾਮਦ 'ਤੇ ਪਾਬੰਦੀਆਂ ਲਗਾਉਣੀਆਂ ਪੈ ਰਹੀਆਂ ਹਨ ਜਿਸ ਕਾਰਨ ਉਥੇ ਅਤੇ ਸੰਸਾਰ ਦੇ ਬਾਕੀ ਦੇਸ਼ਾਂ ਵਿੱਚ ਡੀਜ਼ਲ, ਪੈਟਰੋਲ ਅਤੇ ਕੁਦਰਤੀ ਗੈਸ ਦੇ ਰੇਟ ਛੜੱਪੇ ਮਾਰ ਕੇ ਵਧ ਰਹੇ ਹਨ। ਤੇਲ ਦੀ ਕੀਮਤ ਵਧਣ ਕਾਰਨ ਰੋਜ਼ਮਰ੍ਹਾ ਦੀਆਂ ਵਸਤਾਂ ਦੇ ਰੇਟ ਵੀ ਵਧ ਗਏ ਹਨ। ਵਿਬੰਡਨਾ ਵੇਖੋ ਕਿ ਕੁਝ ਮਹੀਨੇ ਪਹਿਲਾਂ ਤੱਕ ਵੈਨਜ਼ੁਐਲਾ ਅਤੇ ਈਰਾਨ ਯੂਰਪੀਨ ਦੇਸ਼ਾਂ ਅਤੇ ਅਮਰੀਕਾ ਵਾਸਤੇ ਸ਼ੈਤਾਨ ਦੇਸ਼ ਸਨ ਜਿਨ੍ਹਾਂ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੇ ਦੋਸ਼ ਹੇਠ ਸਖਤ ਵਪਾਰਿਕ ਪਾਬੰਦੀਆਂ ਲਗਾਈਆਂ ਗਈਆਂ ਸਨ। ਪਰ ਹੁਣ ਯੂਕਰੇਨ ਸੰਕਟ ਕਾਰਨ ਉਹ ਇਨ੍ਹਾਂ ਦੇਸ਼ਾਂ ਤੋਂ ਹੀ ਤੇਲ ਹਾਸਲ ਕਰਨ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਨ।

ਸੰਸਾਰ ਵਿੱਚ ਦੂਸਰਾ ਜਿਹੜਾ ਸਭ ਤੋਂ ਵੱਡਾ ਸੰਕਟ ਪੈਦਾ ਹੋ ਰਿਹਾ ਹੈ ਉਹ ਹੈ ਅਨਾਜ਼ ਸੰਕਟ। ਰੂਸ ਸੰਸਾਰ ਦਾ ਸਭ ਤੋਂ ਵੱਡਾ ਕਣਕ ਉਤਪਾਦਕ ਅਤੇ ਬਰਾਮਦਕਾਰ ਦੇਸ਼ ਹੈ। ਉਹ ਸੰਸਾਰ ਦੇ ਕੁੱਲ ਅਨਾਜ਼ ਦਾ 24% ਵਿਦੇਸ਼ਾਂ ਨੂੰ ਬਰਾਮਦ ਕਰਦਾ ਹੈ। ਯੂਕਰੇਨ ਵੀ ਸੰਸਾਰ ਦਾ ਪੰਜਵਾਂ ਸਭ ਤੋਂ ਵੱਡਾ ਬਰਾਮਦਕਾਰ ਦੇਸ਼ ਹੈ। ਉਸ ਨੇ 2021 ਵਿੱਚ 47 ਕਰੋੜ ਟਨ ਦੇ ਲਗਭਗ ਕਣਕ ਵਿਦੇਸ਼ਾਂ ਨੂੰ ਬਰਾਮਦ ਕੀਤੀ ਸੀ। ਇਸ ਜੰਗ ਕਾਰਨ ਅਮਰੀਕਾ ਦੇ ਦਬਾਅ ਕਾਰਨ ਬਹੁਤ ਘੱਟ ਦੇਸ਼ ਰੂਸ ਤੋਂ ਕਣਕ ਲੈ ਰਹੇ ਹਨ ਤੇ ਦੂਸਰੇ ਪਾਸੇ ਯੂਕਰੇਨ ਦੀਆਂ ਬੰਦਰਗਾਹਾਂ ਨੂੰ ਰੂਸ ਨੇ ਆਪਣੇ ਕਬਜ਼ੇ ਹੇਠ ਲੈ ਕੇ ਉਸ ਦੀ ਆਰਥਿਕ ਨਾਕਾਬੰਦੀ ਕੀਤੀ ਹੋਈ ਹੈ ਜਿਸ ਕਾਰਨ ਉਥੋਂ ਵਪਾਰਿਕ ਜ਼ਹਾਜਾਂ ਦਾ ਆਵਾਗਮਨ ਅਸੰਭਵ ਹੈ। ਰੂਸ ਪੱਛਮੀ ਦੇਸ਼ਾਂ ਅਤੇ ਯੂਕਰੇਨ ਨੂੰ ਬਰਬਾਦ ਕਰਨ ਲਈ ਅਨਾਜ਼ ਨੂੰ ਇੱਕ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ। ਦੁਨੀਆਂ ਨੂੰ ਭਾਰਤ ਤੋਂ ਉਮੀਦਾਂ ਸਨ ਪਰ ਉਸ ਨੇ ਵੀ ਆਪਣੀ ਘਰੇਲੂ ਮੰਡੀ ਵਿੱਚ ਖਾਧ ਪਦਾਰਥਾਂ ਦੇ ਰੇਟ ਵਧਣ ਦੇ ਡਰੋਂ ਕਣਕ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਕਾਰਨ ਸੰਸਾਰ ਦੀਆਂ ਮੰਡੀਆਂ ਵਿੱਚ ਹਾਹਾਕਾਰ ਮੱਚੀ ਹੋਈ ਹੈ। ਯੂਰਪ ਵਿੱਚ ਕਣਕ ਤੋਂ ਬਣਨ ਵਾਲੀ ਡਬਲਰੋਟੀ ਅਤੇ ਹੋਰ ਉਤਪਾਦ ਡੇਢ ਗੁਣਾ ਮਹਿੰਗੇ ਹੋ ਗਏ ਹਨ ਜਿਸ ਕਾਰਨ ਜਨ ਸਧਾਰਨ ਦਾ ਘਰੇਲੂ ਬਜ਼ਟ ਗੜਬੜਾ ਗਿਆ ਹੈ।

ਅਸਲ ਵਿੱਚ ਇਹ ਜੰਗ ਅਮਰੀਕਾ, ਉਸ ਦੇ ਯੂਰਪੀਨ ਸਹਿਯੋਗੀਆਂ ਅਤੇ ਰੂਸ ਦੇ ਦਰਮਿਆਨ ਚੱਲ ਰਹੀ ਹੈ। ਪਰ ਉਨ੍ਹਾਂ 'ਤੇ ਅਨਾਜ਼ ਸੰਕਟ ਦਾ ਜਿਆਦਾ ਅਸਰ ਇਸ ਲਈ ਨਹੀਂ ਹੋ ਰਿਹਾ ਕਿਉਂਕਿ ਅਮਰੀਕਾ ਖੁਦ ਵੱਡੇ ਪੱਧਰ 'ਤੇ ਕਣਕ ਪੈਦਾ ਕਰਦਾ ਹੈ ਤੇ ਯੂਰਪੀਨ ਦੇਸ਼ ਅਮੀਰ ਹੋਣ ਕਾਰਨ ਅਨਾਜ਼ ਦਰਾਮਦ ਕਰ ਸਕਦੇ ਹਨ। ਪਰ ਇਸ ਸੰਕਟ ਕਾਰਨ ਕਈ ਅਜਿਹੇ ਦੇਸ਼ ਬੁਰੀ ਤਰਾਂ ਨਾਲ ਪਿਸ ਗਏ ਹਨ, ਜਿਨ੍ਹਾਂ ਦਾ ਇਸ ਜੰਗ ਨਾਲ ਕੋਈ ਦੂਰ ਦਾ ਵੀ ਵਾਹ ਵਾਸਤਾ ਨਹੀਂ ਹੈ। ਕੁਝ ਦਿਨ ਪਹਿਲਾਂ ਅਫਰੀਕਨ ਯੂਨੀਅਨ ਦੇ ਪ੍ਰਧਾਨ ਅਤੇ ਸੈਨੇਗਾਲ ਦੇ ਰਾਸ਼ਟਰਪਤੀ ਮੈਕੀ ਸਾਲ ਨੇ ਰੂਸ ਦੇ ਰਾਸ਼ਟਰਪਤੀ ਵਾਲਾਦੀਮੀਰ ਪੂਤਿਨ ਨਾਲ ਰੂਸ ਦੇ ਸੋਚੀ ਸ਼ਹਿਰ ਵਿੱਚ ਮੀਟਿੰਗ ਕਰ ਕੇ ਰੂਸ ਅਤੇ ਯੂਕਰੇਨ ਦੀ ਕਣਕ ਦੀ ਸਪਲਾਈ ਬਹਾਲ ਕਰਨ ਦੀ ਭਾਵਪੂਰਤ ਅਪੀਲ ਕੀਤੀ ਹੈ। ਪੂਤਿਨ ਨੇ ਹਮਦਰਦੀ ਨਾਲ ਵਿਚਾਰ ਕਰਨ ਲਈ ਤਾਂ ਕਿਹਾ ਪਰ ਕੋਈ ਪੱਕਾ ਵਾਇਦਾ ਨਹੀਂ ਕੀਤਾ। ਇਸ ਜੰਗ ਕਾਰਨ ਅਫਰੀਕਾ ਦੇ ਜਿਆਦਾਤਰ ਦੇਸ਼ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਏ ਹਨ ਕਿਉਂਕਿ ਉਥੇ ਵਰਤੀ ਜਾਣ ਵਾਲੀ 40% ਕਣਕ ਰੂਸ ਅਤੇ ਯੂਕਰੇਨ ਤੋਂ ਹੀ ਦਰਾਮਦ ਕੀਤੀ ਜਾਂਦੀ ਹੈ।

ਯੂ.ਐਨ.ਉ. ਦੇ ਬੁਲਾਰੇ ਅਮੀਨ ਅੱਵਦ ਨੇ ਜਨੇਵਾ ਵਿਖੇ ਬਿਆਨ ਦਿੱਤਾ ਹੈ ਕਿ ਯੂਕਰੇਨ ਦੀ ਨਾਕਾਬੰਦੀ ਕਾਰਨ ਅਫਰੀਕਾ ਸਮੇਤ ਅਨੇਕਾਂ ਦੇਸ਼ਾਂ ਵਿੱਚ ਭੁੱਖਮਰੀ ਫੈਲ ਰਹੀ ਹੈ ਜਿਸ ਕਾਰਨ 14 ਕਰੋੜ ਅਫਰੀਕਨ ਨਾਗਰਿਕ ਪ੍ਰਭਾਵਿਤ ਹੋਣਗੇ ਤੇ ਜਿਸ ਦੇ ਫਲਸਵਰੂਪ ਦੁਨੀਆਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਹਿਜ਼ਰਤ ਸ਼ੁਰੂ ਹੋ ਸਕਦੀ ਹੈ। ਅਫਰੀਕਾ ਦਾ ਅੱਧੇ ਦੇ ਕਰੀਬ ਇਲਾਕਾ ਖੁਸ਼ਕ ਸਹਾਰਾ ਅਤੇ ਕਾਲਾਹਾਰੀ ਰੇਗਿਸਤਾਨਾਂ ਨੇ ਮੱਲਿਆ ਹੋਇਆ ਹੈ ਤੇ ਬਾਕੀ ਦੇ ਦੇਸ਼ਾਂ ਵਿੱਚ ਵੀ ਜਰੂਰਤ ਅਨੁਸਾਰ ਬਰਸਾਤ ਨਹੀਂ ਹੋ ਰਹੀ। ਅਫਰੀਕਾ ਦੇ ਦੋ ਚਾਰ ਦੇਸ਼ਾਂ ਨੂੰ ਛੱਡ ਕੇ ਬਾਕੀ ਕੋਈ ਵੀ ਆਪਣੇ ਖਾਣ ਯੋਗਾ ਅਨਾਜ਼ ਪੈਦਾ ਨਹੀਂ ਕਰਦਾ। ਯੂਕਰੇਨ ਯੁੱਧ ਤੋਂ ਬਾਅਦ ਅਫਰੀਕਾ ਦੇ ਜਿਆਦਾਤਰ ਦੇਸ਼ਾਂ ਵਿੱਚ ਅਨਾਜ਼ ਦੇ ਰੇਟ ਦੂਣੇ ਤੋਂ ਵੀ ਵਧ ਗਏ ਹਨ। ਸਹਾਰਾ ਰੇਗਿਸਤਾਨ ਵਿੱਚ ਸਥਿੱਤ ਦੇਸ਼ਾਂ ਚਾਡ, ਮਾਲੀ, ਨਾਈਜ਼ਰ, ਮਾਰੀਟਾਨੀਆਂ ਅਤੇ ਸੁਡਾਨ ਆਦਿ ਨੇ ਤਾਂ ਫੂਡ ਐਮਰਜੈਂਸੀ ਲਗਾ ਕੇ ਖਾਧ ਪਦਾਰਥਾਂ ਦੀ ਰਾਸ਼ਨਿੰਗ ਸ਼ੁਰੂ ਕਰ ਦਿੱਤੀ ਹੈ। ਮੈਕੀ ਸਾਲ ਨੇ ਪੂਤਿਨ ਨੂੰ ਦੱਸਿਆ ਕਿ ਸਾਡੇ ਦੇਸ਼, ਜਿਨ੍ਹਾਂ ਦਾ ਇਸ ਜੰਗ ਨਾਲ ਕੋਈ ਲੈਣਾ ਦੇਣਾ ਨਹੀਂ ਹੈ, ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਪਰ ਉਸ ਦੀ ਅਪੀਲ ਦੇ ਬਾਵਜੂਦ ਅਜੇ ਤੱਕ ਪੂਤਿਨ ਦਾ ਦਿਲ ਨਹੀਂ ਪਸੀਜਿਆ। ਉਸ ਨੇ ਅੱਗੋਂ ਸ਼ਰਤ ਰੱਖ ਦਿੱਤੀ ਹੈ ਕਿ ਜੇ ਅਮਰੀਕਾ ਅਤੇ ਯੂਰਪੀਨ ਦੇਸ਼ ਉਸ ਦੇ ਸਹਿਯੋਗੀ ਦੇਸ਼ ਬੈਲਾਰੂਸ ਤੋਂ ਪਾਬੰਦੀਆਂ ਹਟਾ ਲੈਣ ਤਾਂ ਉਸ ਰਸਤੇ ਅਨਾਜ਼ ਭੇਜਿਆ ਜਾ ਸਕਦਾ ਹੈ। ਰੂਸ ਅਫਰੀਕਾ ਦੀ ਭੁੱਖਮਰੀ ਤੋਂ ਰਾਜਨੀਤਕ ਫਾਇਦਾ ਉਠਾਉਣ ਦੀ ਤਾਕ ਵਿੱਚ ਹੈ। ਉਹ ਜਾਣਦਾ ਹੈ ਕਿ ਜੇ ਅਫਰੀਕਾ ਨੂੰ ਅਨਾਜ਼ ਨਹੀਂ ਮਿਲੇਗਾ ਤਾਂ ਭੁੱਖਮਰੀ ਤੋਂ ਪਰੇਸ਼ਾਨ ਲੱਖਾਂ ਅਫਰੀਕਨ ਰਫਿਊਜ਼ੀ ਲੀਬੀਆ ਅਤੇ ਮਰਾਕੋ ਦੇ ਤੱਟਾਂ ਤੋਂ ਕਿਸ਼ਤੀਆਂ ਰਾਹੀਂ ਸਮੁੰਦਰ ਪਾਰ ਕਰ ਕੇ ਯੂਰਪ ਵਿੱਚ ਘੁਸ ਜਾਣਗੇ ਅਤੇ ਯੂਰਪ ਦੀ ਪਹਿਲਾਂ ਤੋਂ ਹੀ ਚੱਲ ਰਹੀ ਰਫਿਊਜ਼ੀ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਜਾਵੇਗੀ। ਇਨ੍ਹਾਂ ਦੇਸ਼ਾਂ ਤੋਂ ਸਪੇਨ ਦਾ ਸਮੁੰਦਰੀ ਤੱਟ ਕੁਝ ਹੀ ਦੂਰੀ 'ਤੇ ਹੈ। ਤੀਸਰੀ ਵੱਡੀ ਸਮੱਸਿਆ ਰਸਾਇਣਕ ਖਾਦਾਂ ਦੀ ਸਖਤ ਘਾਟ ਦੀ ਆ ਰਹੀ ਹੈ। ਰੂਸ ਸੰਸਾਰ ਦਾ ਚੀਨ, ਭਾਰਤ ਅਤੇ ਅਮਰੀਕਾ ਤੋਂ ਬਾਅਦ ਤੀਸਰਾ ਸਭ ਤੋਂ ਵੱਡਾ ਖਾਦ ਉਤਪਾਦਕ ਅਤੇ ਨੰਬਰ ਇੱਕ ਬਰਾਮਦਕਾਰ ਹੈ। 2020 ਵਿੱਚ ਉਸ ਨੇ 760 ਕਰੋੜ ਡਾਲਰ ਮਾਲੀਅਤ ਦੀ 12 ਕਰੋੜ ਮੀਟਰਕ ਟਨ ਖਾਦ ਨਿਰਯਾਤ ਕੀਤੀ ਸੀ। ਉਸ ਦੀ ਸਭ ਤੋਂ ਵੱਡੀ ਮੰਡੀ ਯੂਰਪ, ਏਸ਼ੀਆ ਅਤੇ ਅਫਰੀਕਾ ਹੈ। ਯੂਕਰੇਨ ਨੇ ਵੀ 2021 ਵਿੱਚ 630 ਕਰੋੜ ਡਾਲਰ ਮਾਲੀਅਤ ਦੀ ਖਾਦ ਨਿਰਯਾਤ ਕੀਤੀ ਸੀ। ਨਾਕਾਬੰਦੀ ਅਤੇ ਬਾਈਕਾਟ ਕਾਰਨ ਹੁਣ ਇਨ੍ਹਾਂ ਦੇਸ਼ਾਂ ਦੀ ਖਾਦ ਗੁਦਾਮਾਂ ਵਿੱਚ ਪਈ ਸੜ ਰਹੀ ਹੈ। ਇਸ ਤੋਂ ਇਲਾਵਾ ਦੂਸਰੇ ਸੰਸਾਰ ਯੁੱਧ ਤੋਂ ਬਾਅਦ ਸ਼ਾਂਤੀ ਨਾਲ ਤਰੱਕੀ ਕਰ ਰਹੇ ਯੂਰਪੀਨ ਦੇਸ਼ਾਂ ਨੂੰ ਵੀ ਆਪਣਾ ਸੁਰੱਖਿਆ ਖਰਚਾ ਵਧਾਉਣਾ ਪੈ ਰਿਹਾ ਹੈ। ਕਲ੍ਹ ਤੱਕ ਭਾਰਤ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਨੂੰ ਜੰਗੀ ਸਾਜ਼ੋ ਸਮਾਨ ਵੇਚ ਕੇ ਮੋਟਾ ਮੁਨਾਫਾ ਕਮਾ ਰਹੇ ਪੱਛਮੀ ਦੇਸ਼ ਹੁਣ ਰੂਸ ਤੋਂ ਆਪਣੀ ਸੁਰੱਖਿਆ ਲਈ ਖਤਰਾ ਮਹਿਸੂਸ ਕਰਨ ਲੱਗ ਪਏ ਹਨ। ਖਾਸ ਤੌਰ 'ਤੇ ਜਰਮਨੀ, ਪੋਲੈਂਡ, ਫਰਾਂਸ ਅਤੇ ਇੰਗਲੈਂਡ ਨੂੰ ਆਪਣਾ ਸੈਨਿਕ ਖਰਚਾ 20 ਤੋਂ 30% ਤੱਕ ਵਧਾਉਣਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਕਿ ਵਿਸ਼ਵ 'ਤੇ ਕੋਈ ਹੋਰ ਸੰਕਟ ਆਵੇ ਜਾਂ ਇਹ ਜੰਗ ਹੋਰ ਦੇਸ਼ਾਂ ਨੂੰ ਆਪਣੀ ਚਪੇਟ ਵਿੱਚ ਲੈ ਲਵੇ, ਇਸ ਦਾ ਕੋਈ ਸਰਵ ਪ੍ਰਵਾਨਿਤ ਹੱਲ ਨਿਕਲਣਾ ਚਾਹੀਦਾ ਹੈ।

ਅਫ਼ਗਾਨਸਤਾਨ: ਕਿੰਨਾ ਔਖਾ ਹੈ ਚਿਹਰਾ ਢੱਕ ਕੇ ਟੀ.ਵੀ. 'ਤੇ ਖ਼ਬਰਾਂ ਪੜ੍ਹਨਾ

ਪ੍ਰੋ. ਕੁਲਬੀਰ ਸਿੰਘ
9417153513

ਅਫ਼ਗਾਨਸਤਾਨ ਵਿਚ ਟੈਲੀਵਿਜ਼ਨ 'ਤੇ ਖ਼ਬਰਾਂ ਪੜ੍ਹਨ ਵਾਲੀਆਂ ਲੜਕੀਆਂ ਲਈ ਸਮੇਂ-ਸਮੇਂ ਸਖ਼ਤ ਹਦਾਇਤਾਂ ਜਾਰੀ ਹੁੰਦੀਆਂ ਰਹਿੰਦੀਆਂ ਹਨ ਪਰੰਤੂ ਬੀਤੇ ਦਿਨੀਂ ਇਹ ਸਖਤੀ ਹੋਰ ਵਧਾ ਦਿੱਤੀ ਗਈ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਖ਼ਬਰਾਂ ਪੜ੍ਹਦੇ ਵੇਲੇ ਚਿਹਰਾ ਢੱਕਿਆ ਹੋਣਾ ਚਾਹੀਦਾ ਹੈ। ਇਸਦਾ ਸਿੱਧਾ ਅਸਰ ਸ਼ੋਸ਼ਲ ਮੀਡੀਆ 'ਤੇ ਵੀ ਵੇਖਣ ਨੂੰ ਮਿਲਿਆ ਹੈ।

ਅਫ਼ਗਾਨਸਤਾਨ ਦੁਨੀਆਂ ਦੇ ਬੇਹੱਦ ਗ਼ਰੀਬ ਦੇਸ਼ਾਂ ਵਿਚੋਂ ਇਕ ਹੈ। ਮਨੁੱਖਾ ਜੀਵਨ ਲਈ ਮੁੱਢਲੀਆਂ ਸਹੂਲਤਾਂ ਤੋਂ ਵੀ ਸੱਖਣੇ ਇਸ ਮੁਲਕ ਵਿਚ ਔਰਤ 'ਤੇ ਕੀਤੀ ਜਾ ਰਹੀ ਸਖਤੀ ਨੇ ਸਾਰੇ ਰਿਕਾਰਡ ਤੋੜ ਦਿੱਤਾ ਹਨ। ਘਰੋਂ ਬਾਹਰ ਨਿਕਲਣ ਦੀ ਹੀ ਮਨਾਹੀ ਹੈ। ਬਹੁਤ ਜ਼ਰੂਰੀ ਹੋਣ 'ਤੇ ਹੀ ਘਰੋਂ ਬਾਹਰ ਜਾਣਾ ਹੈ ਅਤੇ ਪੈਰਾਂ ਤੋਂ ਸਿਰ ਤੱਕ ਢੱਕ ਕੇ ਜਾਣਾ ਹੈ। ਇਨਬਿਨ ਇਹੀ ਹਦਾਇਤਾਂ ਟੈਲੀਵਿਜ਼ਨ 'ਤੇ ਬਤੌਰ ਨਿਊਜ਼ ਰੀਡਰ ਕੰਮ ਕਰਨ ਵਾਲੀਆਂ ਲੜਕੀਆਂ ਲਈ ਜਾਰੀ ਕੀਤੀਆਂ ਗਈਆਂ ਹਨ। ਬੀਤੇ ਦਿਨੀਂ ਮੂੰਹ ਸਿਰ ਢੱਕ ਕੇ ਟੈਲੀਵਿਜ਼ਨ 'ਤੇ ਖ਼ਬਰਾਂ ਪੜ੍ਹ ਰਹੀਆਂ ਲੜਕੀਆਂ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਈਆਂ ਦੁਨੀਆਂ ਨੇ ਦੇਖੀਆਂ ਹਨ। ਇਕ ਪਾਸੇ ਇਹ ਔਰਤ ਦੀ ਆਜ਼ਾਦੀ ਅਤੇ ਅਧਿਕਾਰਾਂ ਦਾ ਮਾਮਲਾ ਹੈ ਦੂਸਰੇ ਪਾਸੇ ਟੈਲੀਵਿਜ਼ਨ 'ਤੇ ਇਸ ਢੰਗ ਨਾਲ ਕਿੰਨੀ ਕੁ ਦੇਰ ਸੇਵਾਵਾਂ ਜਾਰੀ ਰੱਖੀਆਂ ਜਾ ਸਕਦੀਆਂ ਹਨ। ਭਾਵੇਂ ਅਜਿਹੀਆਂ ਹਦਾਇਤਾਂ ਸਬੰਧਤ ਮਹਿਕਮੇ ਵੱਲੋਂ ਜਾਰੀ ਨਹੀਂ ਹੋਈਆਂ ਹਨ। ਫਿਰ ਵੀ ਬਹੁਤੀਆਂ ਨਿਊਜ਼ ਰੀਡਰ ਮੂੰਹ ਸਿਰ ਢੱਕ ਕੇ ਹੀ ਖ਼ਬਰਾਂ ਪੜ੍ਹ ਰਹੀਆਂ ਹਨ। ਮਰਦ ਨਿਊਜ਼ ਰੀਡਰ ਮਾਸਕ ਪਹਿਨ ਕੇ ਖ਼ਬਰਾਂ ਪੜ੍ਹ ਰਹੇ ਹਨ। ਪੈਦਾ ਹੋਏ ਇਸ ਮਾਹੌਲ ਵਿਰੁੱਧ ਸ਼ੋਸ਼ਲ ਮੀਡੀਆ 'ਤੇ ਆਵਾਜ਼ ਉਠਾਈ ਜਾ ਰਹੀ ਹੈ। ਇਕ ਮੀਡੀਆ ਅਦਾਰੇ ਦੇ ਕਰਮਚਾਰੀਆਂ ਦੀ ਬੀਤੇ ਦਿਨੀਂ ਇਕ ਗਰੁੱਪ ਫੋਟੋ ਸਾਹਮਣੇ ਆਈ ਹੈ ਜਿਸ ਵਿਚ ਮਰਦ ਨਿਊਜ਼ ਰੀਡਰ, ਔਰਤ ਨਿਊਜ਼ ਰੀਡਰਾਂ ਦੀ ਹਮਾਇਤ ਵਿਚ ਸਾਹਮਣੇ ਆਏ ਹਨ। ਤਸਵੀਰ ਵਿਚ ਸਾਰੇ ਮਰਦ ਨਿਊਜ਼ ਰੀਡਰਾਂ ਨੇ ਮਾਸਕ ਪਹਿਨੇ ਹੋਏ ਹਨ ਜਦਕਿ ਔਰਤ ਨਿਊਜ਼ ਰੀਡਰ ਨੰਗੇ ਮੂੰਹ ਨਜ਼ਰ ਆ ਰਹੀਆਂ ਹਨ। ਨਾ ਉਨ੍ਹਾਂ ਨੇ ਚਿਹਰਾ ਢੱਕਿਆ ਹੈ ਅਤੇ ਨਾ ਮਾਸਕ ਪਹਿਨਿਆ ਹੈ। ਟੈਲੀਵਿਜ਼ਨ ਅਜਿਹਾ ਮਾਧਿਅਮ ਹੈ ਜਿੱਥੇ ਚਿਹਰਾ ਢੱਕ ਕੇ ਖ਼ਬਰਾਂ ਪੜ੍ਹਨ ਦੀ ਕੋਈ ਤੁਕ ਨਹੀਂ ਹੈ। ਇਹ ਸਮਝ ਤੋਂ ਬਾਹਰ ਹੈ।

ਔਰਤ ਪੱਤਰਕਾਰਾਂ ਦਾ ਸਵਾਲ ਹੈ ਕਿ ਕੀ ਉਹ ਇਸਤ੍ਰੀ ਅਧਿਕਾਰਾਂ ਦੇ, ਦੁਨੀਆਂ ਦੇ ਸੱਭ ਤੋਂ ਗੰਭੀਰ ਤੇ ਗਹਿਰੇ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ? ਪਰੰਤੂ ਤਾਲਿਬਾਨ ਟੱਸ ਤੋਂ ਮੱਸ ਹੋਣ ਲਈ ਤਿਆਰ ਨਹੀਂ ਹੈ। ਬਹੁਤ ਸਾਰੀਆਂ ਇਸਤ੍ਰੀ ਨਿਊਜ਼ ਰੀਡਰਾਂ ਨੇ ਇਥੋਂ ਤੱਕ ਕਹਿ ਦਿੱਤਾ ਹੈ ਕਿ ਉਹ ਚਿਹਰਾ ਢੱਕ ਕੇ ਖ਼ਬਰਾਂ ਨਹੀਂ ਪੜ੍ਹ ਸਕਦੀਆਂ। ਚਿਹਰੇ 'ਤੇ ਕੱਪੜਾ ਲਪੇਟ ਕੇ ਉਹ ਘੰਟਿਆਂ ਤੱਕ ਡਿਊਟੀ ਨਹੀਂ ਨਿਭਾ ਸਕਦੀਆਂ। ਮਾਸਕ ਜਾਂ ਕੱਪੜਾ ਬੋਲਣ ਅਤੇ ਸਾਹ ਲੈਣ ਦੀ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਾ ਹੈ। ਇਕ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਅਸੀਂ ਇਸ ਸਭ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਾਂ ਕਿ ਕੋਈ ਸਾਨੂੰ ਮੂੰਹ ਢੱਕਣ ਲਈ ਮਜ਼ਬੂਰ ਕਰੇ। ਉਹ ਪ੍ਰੈਸ ਨੋਟ ਜਾਰੀ ਕਰਕੇ ਆਪਣੀਆਂ ਨੌਕਰੀਆਂ ਦੀ ਸੁਰੱਖਿਆ ਪ੍ਰਤੀ ਸ਼ੰਕੇ ਪ੍ਰਗਟ ਕਰ ਰਹੀਆਂ ਹਨ। ਬਹੁਤ ਸਾਰੀਆਂ ਲੜਕੀਆਂ ਪਹਿਲਾਂ ਹੀ ਆਪਣੀ ਨੌਕਰੀ ਗਵਾ ਚੁੱਕੀਆਂ ਹਨ। ਅੱਧੇ ਤੋਂ ਵੱਧ ਔਰਤ ਪੱਤਰਕਾਰਾਂ ਦਾ ਕਰੀਅਰ ਬਰਬਾਦ ਹੋ ਚੁੱਕਾ ਹੈ।

ਬਹੁਤ ਸਾਰੇ ਟੈਲੀਵਿਜ਼ਨ ਪ੍ਰੋਗਰਾਮ, ਐਂਕਰ ਜਾਂ ਮਾਹਿਰ ਦੀ ਵਜ੍ਹਾ ਕਾਰਨ ਰੱਦ ਕਰਨੇ ਪੈਂਦੇ ਹਨ। ਚਿਹਰਾ ਢੱਕਣ ਵਾਲਾ ਮੁੱਦਾ ਰੁਕਾਵਟ ਬਣ ਜਾਂਦਾ ਹੈ। ਵਿਰੋਧ ਕਰਦੇ ਸਮੇਂ ਬਹੁਤੇ ਐਂਕਰ ਆਪਣੀ ਪਛਾਣ ਉਜਾਗਰ ਨਹੀਂ ਕਰਨੀ ਚਾਹੁੰਦੇ। ਬਹੁਤਿਆਂ ਦਾ ਕਹਿਣਾ ਹੈ ਕਿ ਟੈਲੀਵਿਜ਼ਨ 'ਤੇ ਚਿਹਰਾ ਢੱਕ ਕੇ ਖ਼ਬਰਾਂ ਪੜ੍ਹਨਾ ਬੇਹੱਦ ਮੁਸ਼ਕਲ ਅਤੇ ਤਕਲੀਫ਼ਦਾਇਕ ਹੈ। ਇਕ ਨਿਊਜ਼ ਰੀਡਰ ਨੇ ਕਿਹਾ ਕਿ ਇਹ ਇਵੇਂ ਹੈ ਜਿਵੇਂ ਮੇਰਾ ਗਲਾ ਕਿਸੇ ਨੇ ਦਬਾਇਆ ਹੋਵੇ ਅਤੇ ਮੈਂ ਬੋਲ ਨਾ ਸਕਦਾ ਹੋਵਾਂ। ਫਿਰ ਵੀ ਉਨ੍ਹਾਂ ਕਿਹਾ ਅਸੀਂ ਓਨੀ ਦੇਰ ਇਸੇ ਤਰ੍ਹਾਂ ਕੰਮ ਕਰਦੇ ਰਹਾਂਗੇ ਜਦ ਤੱਕ ਤਾਲਿਬਾਨ ਇਸ 'ਤੇ ਪੁਨਰ-ਵਿਚਾਰ ਨਹੀਂ ਕਰਦੇ। ਸਾਰੇ ਮਰਦ ਨਿਊਜ਼ ਰੀਡਰ ਔਰਤਾਂ ਦੀ ਹਮਾਇਤ ਵਿਚ ਮਾਸਕ ਲਾ ਕੇ ਖ਼ਬਰਾਂ ਪੜ੍ਹ ਰਹੇ ਹਨ। ਇਹ ਆਪਸੀ ਏਕੇ ਤੇ ਹਮਦਰਦੀ ਦੀ ਇਕ ਅਨੂਠੀ ਉਦਾਹਰਨ ਹੈ ਕਿਉਂਕਿ ਵਧੇਰੇ ਕਰਕੇ ਵਿਰੋਧ ਜਾਂ ਰੋਸ ਔਰਤਾਂ ਵੱਲੋਂ ਹੀ ਪ੍ਰਗਟਾਇਆ ਜਾ ਰਿਹਾ ਹੈ।

ਇਕ ਨਿਊਜ਼ ਰੀਡਰ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੇ ਹੋਏ ਕਿਹਾ- ਇਹ ਸੱਭ ਸਾਨੂੰ ਕਿਧਰ ਲੈ ਜਾਵੇਗਾ? ਸਾਰਾ ਮੁਲਕ ਬੁਰਕੇ ਅੰਦਰ ਬੰਦ ਹੈ। ਅਸੀਂ ਆਪਣੇ ਗੁੱਸੇ ਤੇ ਜਜ਼ਬਾਤਾਂ ਨੂੰ ਕਿੱਥੇ ਛੁਪਾ ਲਈਏ? ਇਕ ਹੋਰ ਨਿਊਜ਼ ਰੀਡਰ ਨੇ ਕਿਹਾ ਅਸੀਂ ਨੌਕਰੀ ਛੱਡ ਕੇ ਨਹੀਂ ਭੱਜਾਂਗੇ ਕਿਉਂਕਿ ਅਸੀਂ ਉਨ੍ਹਾਂ ਬੇਅਵਾਜ਼ਿਆਂ ਦੀ ਆਵਾਜ਼ ਹਾਂ ਜਿਨ੍ਹਾਂ ਨੂੰ ਸਕੂਲ, ਕਾਲਜ ਜਾਣ ਦੀ ਆਗਿਆ ਨਹੀਂ ਹੈ। ਜਿਹੜੇ ਆਪਣੇ ਕੰਮ 'ਤੇ ਨਹੀਂ ਜਾ ਸਕਦੇ। ਅਜੀਬ ਸਥਿਤੀ ਬਣ ਗਈ ਹੈ। ਟੈਲੀਵਿਜ਼ਨ 'ਤੇ ਖ਼ਬਰਾਂ ਪੜ੍ਹਨੀਆਂ ਹਨ ਅਤੇ ਪੜ੍ਹਨੀਆਂ ਚਿਹਰਾ ਢੱਕ ਕੇ ਹਨ। ਅਜਿਹਾ ਇਸ ਧਰਤੀ 'ਤੇ ਕੇਵਲ ਅਫ਼ਗਾਨਸਤਾਨ ਵਿਚ ਵੇਖਿਆ ਜਾ ਸਕਦਾ ਹੈ। ਨਿਊਜ਼ ਐਂਕਰ ਪ੍ਰੇਸ਼ਾਨ ਹਨ। ਸਿਰ ਫੜ੍ਹ ਕੇ ਬੈਠ ਜਾਂਦੀਆਂ ਹਨ।

ਬੀਤੇ ਸ਼ਨਿਚਰਵਾਰ ਇਹ ਫਰਮਾਨ ਜਾਰੀ ਹੋਇਆ ਸੀ। ਪਹਿਲੇ ਦਿਨ ਇਸਦਾ ਵਿਰੋਧ ਹੋਇਆ ਪਰੰਤੂ ਐਤਵਾਰ ਤੋਂ ਫ਼ਰਮਾਨ ਇਨਬਿਨ ਲਾਗੂ ਹੋ ਗਿਆ ਕਿਉਂਕਿ ਚੈਨਲਾਂ 'ਤੇ ਦਬਾਅ ਵਧ ਰਿਹਾ ਸੀ ਕਿ ਜਿਹੜੀ ਨਿਊਜ਼ ਰੀਡਰ ਚਿਹਰਾ ਢੱਕਣ ਲਈ ਸਹਿਮਤ ਨਹੀਂ ਉਸਨੂੰ ਕੋਈ ਹੋਰ ਕੰਮ ਦੇ ਦਿੱਤਾ ਜਾਵੇ।

1996 ਤੋਂ 2001 ਤੱਕ ਵੀ ਤਾਲਿਬਾਨ ਦੀ ਸਰਕਾਰ ਸੀ। ਉਦੋਂ ਵੀ ਅਜਿਹੀਆਂ ਸਖ਼ਤੀਆਂ ਸਨ ਪਰੰਤੂ ਹੁਣ ਜਦ ਅਮਰੀਕਾ ਦੀਆਂ ਫੌਜਾਂ ਅਫ਼ਗਾਨਸਤਾਨ 'ਚੋਂ ਗਈਆਂ ਤਾਂ ਤਾਲਿਬਾਨ ਕਹਿ ਰਹੇ ਸਨ ਕਿ ਉਹ ਆਪਣੀ ਪਿਛਾਂਹ- ਖਿਚੂ ਸੋਚ ਤਿਆਗ ਦੇਣਗੇ। ਇਕ ਸਾਲ ਬੀਤ ਗਿਆ ਹੈ। ਸਖ਼ਤੀਆਂ ਵਧਦੀਆਂ ਹੀ ਜਾ ਰਹੀਆਂ ਹਨ। ਚਿਹਰਾ ਢੱਕ ਕੇ ਟੀ.ਵੀ. 'ਤੇ ਖ਼ਬਰਾਂ ਪੜ੍ਹਨੀਆਂ, ਮੀਡੀਆ 'ਤੇ ਸਖ਼ਤੀਆਂ ਦਾ ਸਿਖ਼ਰ ਹੈ।

ਮਹਿੰਗਾਈ ਦੇ ਮੁੱਦੇ 'ਤੇ ਹਾਊਸ ਆਫ਼ ਕਾਮਨਜ਼ ਵਿੱਚ ਤਿੱਖੀ ਬਹਿਸ ਇਸ ਤਰਾਂ ਹੁੰਦੀ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਤੇਜ਼ੀ ਨਾਲ ਵਧ ਰਹੀ ਮਹਿੰਗਾਈ ਦਾ ਮੁੱਦਾ ਹਾਊਸ ਆਫ ਕਾਮਨਜ਼ ਵਿੱਚ ਵੀ ਰੋਜ਼ਾਨਾ ਹੀ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ ਅਤੇ ਵਿਰੋਧੀ ਧਿਰਾਂ ਵੱਲੋਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ ਜਾਂਦਾ ਹੈ। ਪ੍ਰਸ਼ਨ ਕਾਲ ਦੇ ਦੌਰਾਨ ਕੰਜ਼ਰਵੇਟਿਵ ਪਾਰਟੀ ਦੀ ਅੰਤਰਿਮ ਆਗੂ ਕੈਂਡਿਸ ਬਰਗਨ ਨੇ ਮਹਿੰਗਾਈ ਦੀ ਸਥਿਤੀ ਦੀ ਚਰਚਾ ਕਰਦਿਆਂ ਆਖਿਆ ਕਿ ਕੈਨੇਡਾ ਦੇ 38 ਫ਼ੀਸਦੀ ਲੋਕ ਅੱਜ ਆਪਣੀ ਸਿਹਤ ਬੱਚਿਆਂ ਜਾਂ ਰਿਸ਼ਤਿਆਂ ਤੋਂ ਜ਼ਿਆਦਾ ਪੈਸੇ ਨੂੰ ਲੈ ਕੇ ਚਿੰਤਤ ਹਨ। ਵੀਹ ਫ਼ੀਸਦੀ ਲੋਕ ਆਪਣਾ ਖਾਣਾ ਸਕਿੱਪ ਕਰ ਰਹੇ ਹਨ। ਕੈਂਡਿਸ ਨੇ ਆਖਿਆ ਕਿ ਇਹ ਲੋਕ ਲਿਬਰਲ ਸਰਕਾਰ ਕੋਲੋਂ ਕੋਈ ਵਾਧੂ ਚੈਕ ਨਹੀਂ ਭਾਲ ਰਹੇ ਸਗੋਂ ਉਹ ਗੈਸ ਫੂਡ ਅਤੇ ਹਾਊਸਿੰਗ ਦੀਆਂ ਕੀਮਤਾਂ ਹੇਠਾਂ ਆਈਆਂ ਵੇਖਣੀਆਂ ਚਾਹੁੰਦੇ ਹਨ। ਇਸ ਦੇ ਜਵਾਬ ਵਿੱਚ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਅਫੋਰਡੇਬਲਟੀ ਲਈ ਕੈਨੇਡਾ ਦੇ ਜ਼ਿਆਦਾਤਰ ਲੋਕ ਨੌਕਰੀਆਂ ਨੂੰ ਮਹੱਤਤਾ ਦਿੰਦੇ ਹਨ ਅਤੇ ਕੈਨੇਡਾ ਨੇ ਕੋਰੋਨਾ ਮਹਾਂਮਾਰੀ ਤੋਂ ਬਾਅਦ 115 ਫ਼ੀਸਦੀ ਨੌਕਰੀਆਂ ਰਿਕਵਰ ਕੀਤੀਆਂ ਹਨ ਜਦੋਂ ਕਿ ਅਮਰੀਕਾ ਵਿੱਚ ਇਹ ਦਰ 96 ਫ਼ੀਸਦੀ ਹੈ। ਇਸਦੇ ਨਾਲ ਹੀ ਉਨ੍ਹਾਂ ਆਖਿਆ ਕਿ ਇਸ ਵਕਤ ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 5.12 ਫ਼ੀਸਦੀ ਹੈ ਜੋ ਕਿ ਸਭ ਤੋਂ ਹੇਠਲੇ ਪੱਧਰ ਤੇ ਹੈ।



ਅੰਬ ਦਾ ਬੂਟਾ ਰਹਿੰਦਾ ਮਸਤ ਸਦਾ ਵਿੱਚ ਕੇਲਿਆਂ ਦੇ

ਅੰਬ ਦਾ ਬੂਟਾ ਰਹਿੰਦਾ ਮਸਤ ਸਦਾ ਵਿੱਚ ਕੇਲਿਆਂ ਦੇ,ਵਰਗੀਆਂ ਲਿਖਤਾਂ ਦਾ ਮਾਲਕ ਸੀ ਗਿੱਲ ਜੱਬੋਮਾਜਰੇ ਆਲਾ

ਨੀ ਪੁੱਤ ਜੱਟਾਂ ਦਾ ਹਲ਼ ਵਾਹੁੰਦਾ, ਵੱਡੇ ਤੜਕੇ ਦਾ
ਤੇਰੀ ਅੱਖਾਂ ਮੂਹਰੇ ਦਿਸਦੀ ਸੂਰਤ ਪਿਆਰੀ।
ਚਿੱਤ ਨਾ ਲਗਦਾ ਤੇਰੇ ਬਾਝੋਂ ਮੇਰੇ ਹਾਣ ਦੀਏ
ਮੈਨੂੰ ਸੁੰਨੀ ਸੁੰਨੀ ਲਗਦੀ ਦੁਨੀਆਂ ਸਾਰੀ।
ਚੱਲ ਸੱਥ ਵਿੱਚ ਚੱਲ ਵਿਖਾਵਾਂ
ਨੀ ਤੇਰਾ ਵੱਢਿਆ ਯਾਰ ਪਿਆ।

ਅੰਬ ਦਾ ਬੂਟਾ ਰਹਿੰਦਾ ਮਸਤ ਸਦਾ ਵਿੱਚ ਕੇਲਿਆਂ ਦੇ
ਗੱਭਰੂ ਮਸਤ ਰਹੇ ਵਿੱਚ ਹਾਣ ਦੀਆਂ ਮੁਟਿਆਰਾਂ।

ਨਿੱਤਰੀ ਸ਼ਰਾਬ ਵਰਗਾ
ਕੋਈ ਪੀਜੂ ਨੀ ਗੁਲਾਬੀ ਰੰਗ ਤੇਰਾ।
ਧੁੱਪੇ ਨਾ ਸੁਕਾਈਂ ਜ਼ੁਲਫ਼ਾਂ
ਹੋਜੂ ਦਿਨੇ ਮੱਸਿਆ ਦਾ ਨ੍ਹੇਰਾ।

ਅੱਖਾਂ 'ਚ ਨਜਾਇਜ਼ ਵਿਕਦੀ, ਛਾਪਾ ਮਾਰ ਲੋ ਪੁਲਸੀਓ ਜਾਕੇ।

ਪੀਣ ਵਾਲੇ ਲੱਖ ਬੋਤਲਾਂ, ਬਿਨ ਪੀਤੀਓਂ ਡਿੱਗਣ ਗਸ਼ ਖਾ ਕੇ।
ਵਕਤ ਪਏ ਤੋਂ ਪਰਖੀ ਜਾਂਦੀ ਯਾਰੀ ਯਾਰਾਂ ਦੀ
ਪੁੱਤ ਬਰਾਬਰ ਦਾ ਜਦ ਅੱਗਿਓਂ ਆ ਲਲਕਾਰਦਾ।

ਵੈਰੀ ਨੂੰ ਉਧਮ ਸਿੰਘ ਫਿਰੇ ਲੱਭਦਾ।
ਗੱਭਰੂ ਸੀ ਗੁੱਸੇ ਵਿੱਚ ਦੰਦ ਚੱਬਦਾ।
ਕਹਿੰਦਾ ਭੱਜਿਆ ਨੀ ਜਾਣ ਦਿੰਦਾ ਅੱਜ ਡਾਇਰ ਨੂੰ।
ਅੱਗ ਲਾਕੇ ਫੂਕ ਦੂੰ ਲੰਡਨ ਸ਼ਹਿਰ ਨੂੰ।

ਮੇਰਾ ਖਿਆਲ ਕਿ ਐਨੇ ਕੁ ਗੀਤਾਂ ਦੇ ਮੁੱਖੜੇ ਤਾਂ ਪੰਜਾਬੀਆਂ ਲਈ ਬਹੁਤ ਨੇ, ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਇਹਨਾਂ ਗੀਤਾਂ ਸਮੇਤ ਹੋਰ ਕਈ ਗੀਤ ਹਰ ਪੰਜਾਬੀ ਨੇ ਸੁਣੇ ਮਾਣੇ ਹੰਢਾਏ ਐ, ਮੈਂ ਗੱਲ ਕਰ ਰਿਹਾ ਹਾਂ ਇਹਨਾਂ ਗੀਤਾਂ ਦੇ ਗੀਤਕਾਰ ਗੁਰਮੁਖ ਸਿੰਘ ਗਿੱਲਫ਼ ਦੀ ਕੁਲਦੀਪ ਮਾਣਕ ਤੋਂ ਇਲਾਵਾ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦੀ ਆਵਾਜ਼ ਵਿੱਚ ;ਜੱਟੀ ਚਿੱਤਲੇ ਕਬੂਤਰ ਵਰਗੀ ਦੇ।
ਜਿੰਦ ਯਾਰ ਦੇ ਹਵਾਲੇ ਕਰਗੀ ਵੇ।
ਰਤਾ ਭੂਰੀਆਂ ਮੁੱਛਾਂ ਨੂੰ ਵੱਟ ਦੇਣ ਵਾਲਿਆਂ
ਤੇਰੇ ਰੂਪ ਤੇ ਸ਼ੌਕੀਨ ਜੱਟੀ ਮਰਗੀ ਵੇ।


ਗਿੱਲ ਜੱਬੋਮਾਜਰੇ ਵਾਲਾ

ਤੈਨੂੰ ਵੇਖ ਕੇ ਕਲੋਲਾਂ ਕਰਦੀ ਨੂੰ।
ਨਸ਼ਾ ਹੋ ਗਿਆ ਦਿਲਾਂ ਦੇ ਦਰਦੀ ਨੂੰ।
ਅੱਖਾਂ ਬਿੱਲੀਆਂ ਤੇ ਕੱਜਲੇ ਦੀ ਧਾਰ ਵਾਲੀਏ
ਜਿੰਦ ਵੇਚ ਕੇ ਬਚਾ ਲਾਂ ਤੈਨੂੰ ਮਰਦੀ ਨੂੰ।

ਕੁਲਦੀਪ ਮਾਣਕ, ਮੁਹੰਮਦ ਸਦੀਕ ਰਣਜੀਤ ਕੌਰ, ਨਰਿੰਦਰ ਬੀਬਾ,ਕਰਨੈਲ ਗਿੱਲ, ਅਨੀਤਾ ਸਮਾਣਾ , ਨਜ਼ੀਰ ਮੁਹੰਮਦ, ਸੁਰਿੰਦਰ ਸੋਨੀਆ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ ਫ਼#39;ਗੁਰਮੁਖ ਸਿੰਘ ਗਿੱਲਫ਼#39; ਦੇ ਲਿਖੇ ਗੀਤ ਪੰਜਾਬੀਆਂ ਦੇ ਦਿਲਾਂ ਵਿੱਚ ਵਸੇ ਹੋਏ ਹਨ। ਗੁਰਮੁੱਖ ਗਿੱਲ ਦਾ ਸਭ ਤੋਂ ਪਹਿਲਾ ਗੀਤ ਸਤਿੰਦਰ ਬੀਬਾ ਤੇ ਅਮੀਰ ਸਿੰਘ ਰਾਣਾ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਜਿਸਦੇ ਬੋਲ ਸਨ।

ਗੁੱਤ ਮੇਰੀ ਨਾਗ ਦਾ ਬੱਚਾ ਕਿਹੜਾ ਕੀਲ ਕੇ ਪਟਾਰੀ ਵਿੱਚ ਪਾਲੂ ਮੁੰਡਿਆ। ਗੁਰਮੁੱਖ ਦਾ ਜਨਮ 12 ਦਿਸੰਬਰ 1952 ਨੂੰ ਪਿਤਾ ਸ੍ ਇੰਦਰ ਸਿੰਘ ਗਿੱਲ ਦੇ ਘਰ ਮਾਤਾ ਹਰਦਿਆਲ ਕੌਰ ਦੀ ਕੁੱਖੋਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਜਬੋਮਾਜਰਾ ਵਿਚ ਹੋਇਆ। ਗੁਰਮੁੱਖ ਨੇ ਅੱਠਵੀਂ ਪਿੰਡ ਦੇ ਸਕੂਲ ਤੋਂ ਦਸਵੀਂ ਭੁਰਥਲਾ ਮੰਡੇਰ ਤੋਂ ਤੇ ਬੀ ਏ ਸਰਕਾਰੀ ਕਾਲਿਜ ਮਲੇਰਕੋਟਲਾ ਤੋਂ 1974 ਵਿੱਚ ਕੀਤੀ। ਗੀਤ ਝਰੀਟਣ ਦਾ ਸ਼ੌਕ ਤਾਂ ਉਸਨੂੰ ਪਿੰਡ ਦੇ ਬਨੇਰਿਆਂ ਤੇ ਵਜਦੇ ਸਪੀਕਰਾਂ ਵਾਲੇ ਗਾਣੇ ਸੁਣ ਕੇ ਪੈ ਗਿਆ ਸੀ। ਮਲੇਰਕੋਟਲੇ ਪੜ੍ਹਦੇ ਸਮੇਂ ਉਹ ਗੀਤਕਾਰ ਗੁਰਦੇਵ ਸਿੰਘ ਮਾਨ ਦੇ ਲੜ ਜਾ ਲੱਗਾ, ਮਾਨ ਦਾ ਪਿੰਡ ਭੂਮਸੀ ਬਿਲਕੁਲ ਲਾਗੇ ਹੀ ਸੀ। ਮਾਨ ਦੀ ਸ਼ਗਿਰਦੀ ਕਰਕੇ ਗੁਰਮੁਖ ਸਿੰਘ ਗਿੱਲ ਤੋਂ ਉਹ ਫ਼ਤੋਟ ਗਿੱਲ ਜਬੋਮਾਜਰੇ ਵਾਲਾ ਫ਼ਤੋਟ ਬਣ ਗਿਆ। ਮੇਰੇ ਨਾਲ ਉਸਦੀ ਨੇੜਤਾ ਉਦੋਂ ਵਧੀ ਜਦੋਂ ਮਾਨਸਾ ਦੇ ਲਾਗੇ ਹੀਰੋਂ ਪਿੰਡ ਵਿੱਚ ਉਸਨੇ ਜ਼ਮੀਨ ਲੈ ਲਈ, ਮਾੜੀ ਕਿਸਮਤ ਨੂੰ ਉਹ ਜ਼ਮੀਨ ਝਗੜੇ ਵਾਲੀ ਸੀ। ਕਈ ਸਾਲ ਉਹ ਹੀਰੋਂ ਪਿੰਡ ਹੀ ਰਿਹਾ। ਬੁੱਲੇਟ ਮੋਟਰਸਾਈਕਲ ਤੇ ਮਾਨਸਾ ਆਉਂਦਾ ਮੈਨੂੰ ਮਿਲ ਕੇ ਹੀ ਜਾਂਦਾ। ਉਹਦੇ ਨਾਲ ਉਹਦਾ ਭਤੀਜਾ ਲਾਡੀ ਪਹਿਲਵਾਨ ਹੁੰਦਾ ਸੀ। ਆਖਿਰ ਹਾਰ ਹੰਭ ਕੇ ਗਿੱਲ ਆਪਣੇ ਪਿੰਡ ਜਬੋ ਮਾਜਰੇ ਵਾਪਿਸ ਚਲਾ ਗਿਆ। ਸਿਰਫ 55 ਵਰ੍ਹਿਆਂ ਦੀ ਉਮਰ ਵਿੱਚ 19 ਜਨਵਰੀ 2008 ਨੂੰ ਗਿੱਲ ਜਬੋਮਾਜਰੇ ਵਾਲਾ ਇਸ ਜਹਾਨ ਨੂੰ ਅਲਵਿਦਾ ਆਖ ਗਿਆ, ਪਰ ਉਸਦੇ ਗੀਤ ਪੰਜਾਬ ਦੀਆਂ ਪੌਣਾਂ ਵਿੱਚ ਖ਼ੁਸ਼ਬੂ ਬਣਕੇ ਘੁਲੇ ਰਹਿਣਗੇ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

ਇੱਕ ਜਣੇ 'ਤੇ 20 ਜਣੇ ਭੇਜ ਕੇ ਮਾਰ ਦੇਣਾ ਇਹ ਸਾਡਾ ਇਤਿਹਾਸ ਨਹੀਂ

ਬਰਾੜ ਗੋਤ ਦਾ ਇਤਿਹਾਸ ਬੜਾ ਪੁਰਾਣਾ ਹੈ। ਯੋਧੇ ਦਲੇਰ ਤੇ ਅਣਖੀ ਕੌਮਾ ਵਿੱਚ ਸ਼ੁਮਾਰ ਹੈ ਇਹ ਗੋਤ । ਆਪਣੇ ਆਪ ਦੇ ਨਾਮ ਪਿੱਛੇ ਬਰਾੜ ਲਿਖਣਾ ਆਪਣੇ ਆਪ ਵਿੱਚ ਇੱਕ ਮਾਣ ਮਹਿਸੂਸ ਹੁੰਦਾ ਰਿਹਾ ।ਗਊ ਗਰੀਬ ਮਜਲੂਮਾ ਦੇ ਹੱਕ ਵਿੱਚ ਖੜਦਾ ਆਇਆ ਇਹ ਗੋਤ ਬੜੀ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ।ਜਦੋ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਮੁਗਲਾਂ ਨਾਲ ਲੋਹਾ ਲੈਂਦਿਆਂ ਮਾਲਵੇ ਦੇ ਟਿੱਬਿਆਂ ਚ ਆ ਪਹਿੰਚੇ, ਤਾਂ ਗਹਾਂ ਬਰਾੜ ਹਥਿਆਰ ਲੈਕੇ ਗੁਰੂ ਸਾਹਬ ਦੇ ਚਰਨਾ ਵਿੱਚ ਜਾ ਪਹੁੰਚੇ। ਗਹਿ ਗੱਚ ਜੰਗਾਂ ਤੋਂ ਬਾਅਦ ਜਦ ਗੁਰੂ ਸਾਹਿਬ ਹਰ ਕਿਸੇ ਨੂੰ ਮੋਹਰਾਂ ਵੰਡਣ ਲੱਗੇ। ਜਦੋ ਬਰਾੜਾਂ ਦੀ ਵਾਰੀ ਆਈ ਤਾਂ ਬਾਬਾ ਦਾਨ ਸਿੰਘ ਬਰਾੜ ਆ ਪੇਸ਼ ਹੋਏ। ਗੁਰੂ ਸਹਿਬ ਕਹਿਣ ਹਾਂ ਵੀ ਦਾਨਿਆ ਕਿੰਨੀਆ ਮੂਹਰਾਂ ਚਾਹੀ ਦੀਆਂ ਚੱਕ ਲੈ।

ਬਾਬਾ ਦਾਨ ਸਿੰਘ ਬਰਾੜ ਗੁਰੂ ਸਾਹਬ ਦੇ ਚਰਨਾ ਵਿੱਚ ਡਿੱਗ ਪਏ ਤੇ ਕਹਿਣ ਲੱਗੇ ਉਮਹਾਰਾਜ ਸਾਥੋਂ ਕੋਈ ਭੁੱਲ ਹੋ ਗਈ ਤਾਂ ਮਾਫ ਕਰ ਦਿਉ ਪਰ ਅਸੀ ਮੋਹਰਾਂ ਨਈ ਲੈਣੀਆ ਸਾਨੂੰ ਬੱਸ ਮਾਲਵੇ ਦੇ ਟਿੱਬਿਆਂ ਨੂੰ ਸਿੱਖੀ ਬਖ਼ਸ਼ ਦਿ?"

ਮਹਾਨ ਯੋਧੇ ਬਾਬਾ ਦਾਨ ਸਿੰਘ ਬਰਾੜ ਜੀ ਦਾ ਬੁੱਤ ਅੱਜ ਵੀ ਬਠਿੰਡੇ ਜਿਲੇ ਦੇ ਪਿੰਡ ਜੋ ਉਹਨਾ ਦੇ ਨਾਮ ਹੇਠ ਹੀ ਵਸਾਇਆ ਗਿਆ ਵਿਖੇ ਸੁਸੋਬਿਤ ਹੈ ।

ਜਦੋਂ ਦਮਦਮਾ ਸਾਹਬ ਵਿਖੇ ਗੁਰੂ ਸਾਹਿਬ ਪਹੁੰਚੇ ਤਾ ਇੱਕ ਡੱਲੇ ਨਾਮ ਦੇ ਬੰਦੇ ਨੇ ਦੂਰੋਂ ਆਕੇ ਇੱਕ ਬਹੁਤ ਵਧੀਆ ਰਫਲ ਭੇਂਟ ਕੀਤੀ ਕਹਿੰਦਾ ਗੁਰੂ ਜੀ ਇਹ ਰਫਲ ਬਹੁਤ ਦੂਰ ਤੱਕ ਮਾਰ ਕਰਦੀ ਹੈ। ਗੁਰੂ ਸਾਹਿਬ ਡੱਲੇ ਨੂੰ ਕਹਿਣ ਲੱਗੇ ਚੱਲ ਵੀ ਡੱਲਿਆ ਫਿਰ ਨਿਸਾਨਾ ਪਰਖ ਲੀਏ ਰਫਲ ਦਾ ਤਾਂ ਡੱਲੇ ਦੇ ਪੈਰ ਥਿੜਕ ਗਏ।

ਗੁਰੂ ਸਾਹਿਬ ਜਾਣੀਜਾਣ ਸਨ ।

ਉਹਨਾ ਆਪਣੇ ਸਿੰਘਾਂ ਨੂੰ ਵਾਜ ਮਾਰੀ ਤੇ ਬਰਾੜ ਗੋਤ ਦੇ ਦੋ ਸਿੱਖ ਇੱਕ ਦੂਜੇ ਤੋਂ ਮੂਹਰੇ ਹੋ ਹੋ ਕੇ ਕਹਿਣ ਗੁਰੂ ਜੀ ਪਹਿਲਾਂ ਮੈ-ਪਹਿਲਾਂ ਮੈਂ —

ਇਸ ਤਰਾਂ ਦੇ ਯੋਧੇ ਹੋਏ ਬਰਾੜ ਗੋਤ ਵਿੱਚ ਪਰ ਹੁਣ ਸਿੱਧੂ ਮੂਸੇਵਾਲਾ ਦੇ ਹੋਏ ਕਤਲ ਵਿੱਚ ਮਨ ਬੜਾ ਦੁਖੀ ਹੈ ਕਿ ਕੋਈ ਇੱਕ ਇਸ ਗੋਤ ਨੂੰ ਕਲੰਕ ਲਾ ਦੂ । ਇੱਕ ਜਣੇ ਤੇ 20 20 ਭੇਜ ਕੇ ਮਾਰ ਦੇਣਾ ਇਹ ਸਾਡਾ ਇਤਿਹਾਸ ਨਹੀ। ਕਿਰਪਾ ਕਰਕੇ ਬਾਬਾ ਦਾਨ ਸਿੰਘ ਦੀ ਕੁਰਬਾਨੀ ਨੂੰ ਲੀਕ ਨਾ ਲਾ? । ਮਰਦ ਬਣੋ ਜੇ ਬਦਲਾ ਲੈਣਾ ਹੀ ਹੈ ਤਾਂ ਲਲਕਾਰ ਕੇ ਲ? ।

(ਹੈਰੀ ਬਰਾੜ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)


ਬਲਵਿੰਦਰ ਕੌਰ ਬਰਾੜ
403 590 9629

ਉਹ ਵੇਲਾ ਯਾਦ ਕਰ

ਕੀ ਮੇਰੀ ਖ਼ਾਮੋਸ਼ ਨਜ਼ਰ ਚੋਂ ਤੈਨੂੰ ਕੁੱਝ ਨੀ ਸੁਣਿਆ

ਜੇ ਨਹੀਂ ਤਾਂ ਫੇਰ
ਕਿਸੇ ਨੇ ਕੁਫ਼ਰ ਕਿਉਂ ਤੋਲਿਐ ਕਿ
ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ। (ਅਗਿਆਤ)

ਅੱਜ ਉਸ ਚੁੱਪ ਦਾ ਜ਼ਿਕਰ ਛੋਹਾਂਗੇ ਜੋ ਗੱਲਾਂ ਕਰਨ ਤੋਂ ਉਲਟ ਅਜੇਹੇ ਅਰਥ ਰਖਦੀ ਹੋਵੇ ਜਿਸ ਨੂੰ ਜਾਨਣ ਅਤੇ ਮਾਨਣ ਲਈ ਮਨ ਤਾਂਘਦਾ ਹੈ। ਅਰਥ ਭਰਪੂਰ ਖ਼ਾਮੋਸ਼ੀ। ਕਹੇ ਬੋਲਾਂ ਨਾਲੋਂ ਵੀ ਵੱਧ ਦੇਰ ਤਕ ਅੰਦਰ ਅਸਰ ਕਰਦੀ ਚੁੱਪ। ਜਿੱਥੇ ਦੂਜੀ ਧਿਰ ਬੋਲਣ ਨੂੰ ਤਰਸੇ। ਸਾਡੇ ਹਾਣ ਦੀਆਂ ਫਿਲਮਾਂ ਵਿਚ ਨਾਇਕਾ ਪਲਕਾਂ ਚੁਕ ਜਦ ਨਾਇਕ ਵੱਲ ਵੇਖਦੀ ਡੂੰਘੀਆਂ ਇਬਾਰਤਾਂ ਮਨਾਂ ਅੰਦਰ ਕੇਰਦੀ ਸੀ, ਜਿੱਥੇ ਆਂਖੋਂ ਹੀ ਆਂਖੋਂ ਮੇਂ ਇਸ਼ਾਰਾ ਹੁੰਦਾ ਸੀ, ਮੱਥੇ ਦੀਆਂ ਸਿਲਵਟਾਂ ਮੂੰਹ ਦੀ ਮੁਸਕਾਨ ਗੁੱਝੇ ਅਰਥ ਸਿਰਜਦੀਆਂ ਸਨ। ਕਈ ਥਾਈਂ ਚੁੱਪ ਵੱਖਰੇ ਅਰਥਾਂ ਨਾਲ ਪਸਰੀ ਲਗਦੀ ਹੈ। ਹਰ ਖ਼ਾਮੋਸ਼ੀ ਵੱਖਰੇ ਢੰਗ ਨਾਲ ਕਿਆਸੀ ਜਾਂਦੀ ਹੈ ਜਿੱਥੇ ਕਿਤੇ ਅੰਦਾਜ਼ ਕਰ ਕੇ ਕਿਤੇ ਨਜ਼ਰ ਅੰਦਾਜ਼ ਕਰ ਕੇ ਅਸੀਂ ਕੀਲੇ ਜਾਂਦੇ ਹਾਂ। ਡੁਲ੍ਹਦੀਆਂ ਭਾਵਨਾਵਾਂ ਦੀ ਥਾਂ ਸਹਿਜ ਹੋ ਕੇ ਵਿਸਮਾਦੀ ਪਲ ਸੰਤਾਂ ਦੀ ਚੁੱਪ ਤੋਂ ਮਿਲਦੇ ਹਨ। ਆਠਰੀਆਂ ਸੋਚਾਂ ਵਾਲੇ ਸੁਨੇਹੇ ਸਿਰਜਦੀ ਚੁੱਪ ਇੱਕ ਵਧੀਆ ਸੰਸਾਰ ਦੀ ਦੱਸ ਪਾਉਂਦੀ ਹੈ। ਜਿੱਥੇ ਅਸੀਂ ਨਿੱਜੀ ਵਲਗਣਾਂ ਤੋਂ ਪਾਰ ਉਠਣ ਦੀ ਲਾਲਸਾ ਵੱਲ ਵਧਦੇ ਸਰਬੱਤ ਨਾਲ ਜੁੜਦੇ ਹਾਂ। ਗੁਰਦੁਆਰੇ ਅੰਦਰ ਅੱਖਾਂ ਮੀਚ ਕੇ ਕੀਰਤਨ ਸੁਣਦਿਆਂ ਅੰਦਰ ਵੱਲ ਉਤਰਦੇ ਚੁੱਪ ਮਾਣਦੇ ਹਾਂ। ਇਉਂ ਹੀ ਕਿਸੇ ਦੁਲਹਨ ਦੀ ਖ਼ਾਮੋਸ਼ੀ ਆ ਰਹੇ ਭਵਿੱਖੀ ਸੁਪਨਿਆਂ ਅਤੇ ਨਵੀਂ ਜ਼ਿੰਦਗੀ ਦੀ ਸਰਦਲ ਤੇ ਕਿਸੇ ਪੋਟਿਆਂ ਦੀ ਆਹਟ ਸੁਣਦੀ ਦੁਆਲੇ ਇੱਕ ਖਾਸ ਤਰ੍ਹਾਂ ਦੀ ਮਹਿਕ, ਸਰੂਰ, ਸੁਪਨੇ, ਆਸਾਂ ਅਤੇ ਨਵੇਂ ਸੰਬੰਧਾਂ ਦੀ ਸਦਾ ਉਸ ਦੇਹੀ ਦੀ ਹਰ ਹਰਕਤ ਤੋਂ ਸੁਣਦੀ ਹੈ। ਇਸ ਤੋਂ ਉਲਟ ਸਮਸ਼ਾਨ ਦੀ ਚੁੱਪ ਤੁਰ ਗਏ ਪ੍ਰਾਣੀ ਨਾਲ ਸਾਡੀ ਹੋਈ-ਬੀਤੀ ਫਰੋਲਦੀ ਉਦਾਸ ਅਤੇ ਗ਼ਮਗੀਨ ਹੋ ਜਾਂਦੀ ਹੈ। ਭਾਵਨਾਵਾਂ ਦੀ ਇੰਤਹਾ ਤੇ ਅਪੜ ਕੇ ਸ਼ਬਦ ਸਾਥ ਛਡਦੇ ਹਨ। ਬਹੁਤਾ ਡਰ ਬੋਲਤੀ ਬੰਦ ਕਰਦਾ ਹੈ। ਬਹੁਤੇ ਤਰਸ ਨਾਲ ਗੱਚ ਭਰਦਾ ਹੈ। ਅੱਖਾਂ ਦੀ ਨਮੀ ਨਜ਼ਰ ਧੁੰਧਲੀ ਕਰਦੀ ਸੰਘ ਤੋਂ ਬੋਲ ਨੱਪਦੀ ਹੈ। ਸਭ ਤੋਂ ਖ਼ਤਰਨਾਕ ਚੁੱਪ ਕਿਸੇ ਹਾਦਸੇ ਜਾਂ ਸਦਮੇ ਮਗਰੋਂ ਕਾਲਜੇ ਤੇ ਚੜ੍ਹੇ ਉਸ ਗੋਲ਼ੇ ਦੀ ਹੁੰਦੀ ਹੈ ਜੋ ਸਾਹਾਂ ਨਾਲ ਹੀ ਖੁਰਦਾ ਜਿਉਣ ਤੋਂ ਮੂੰਹ ਮੋੜਦਾ ਹੈ। ਸਭ ਤੋਂ ਔਖੀ ਚੁੱਪ ਗੁੱਸੇ ਸਮੇਂ ਇੱਕ ਚੁੱਪ ਸੌ ਸੁੱਖ ਪਾਲਣ ਦੀ ਹੈ। ਕਿਸੇ ਦੀ ਬੇ-ਰੁਖੀ ਜਰਦਿਆਂ, ਕੌੜੀ ਘੁੱਟ ਭਰਦਿਆਂ ਅੰਦਰਲਾ ਲਾਵਾ ਪੀਣਾ ਹੁੰਦਾ ਹੈ, ਜਿੱਥੇ ਦੇਖ ਕੇ ਅਣਡਿੱਠ ਕੋਈ ਵਿਰਲਾ ਹੀ ਕਰ ਸਕਦਾ ਹੈ। ਗੁੱਸੇ ਵਿਚ ਪੀਤੀ ਤਪਸ਼ ਦੇ ਅਰਥ ਤਾਂ ਹੋ ਸਕਦੇ ਹਨ ਪਰ ਸੁਨਣ ਵਾਲਾ ਹਮੇਸ਼ਾ ਅਨਰਥ ਹੀ ਕਰਦਾ ਹੈ। ਜਿਸ ਨੇ ਇਹ ਸਹਿਣਾ ਸਿੱਖ ਲਿਆ ਉਸ ਨੇ ਰਹਿਣਾ ਸਿੱਖ ਲਿਆ ਹੈ। ਮੁਆਫ਼ ਕਰਨ ਦੀ ਇਹ ਵਿਧੀ ਸਿਰਫ਼ ਰੱਬ ਕੋਲ ਹੀ ਹੈ ਜਿੱਥੇ ਕਬੋਲ ਸੁਣ ਕੇ ਅਬੋਲ ਹੋ ਜਾਵੇ। ਕਿਸੇ ਨੇ ਕਿਹਾ ਹੈ - ਮੈਂ ਕੋਈ ਰੱਬ ਹਾਂ ਜਿਹੜਾ ਦੇਖ ਕੇ ਚੁੱਪ ਰਹਾਂ।

ਸਭ ਤੋਂ ਖ਼ੂਬਸੂਰਤ, ਸੁਖਾਵੀਂ ਅਤੇ ਮਨ ਨੂੰ ਸਰਸ਼ਾਰ ਕਰਨ ਵਾਲੀ ਚੁੱਪ ਪਿਆਰ ਕਰਨ ਸਮੇ ਹੁੰਦੀ ਹੈ। ਜਦੋਂ ਪੈਰ ਦੇ ਅੰਗੂਠੇ ਨਾਲ ਧਰਤੀ ਦੀ ਹਿੱਕ ਤੇ ਪਾਏ ਘੋਰਕੰਡੇ ਵੀ ਸਮਝ ਆ ਜਾਂਦੇ ਨੇ, ਜਦੋਂ ਸਰੋਵਰ ਦੀਆਂ ਛੱਲਾਂ ਤੇ ਉਕਰੀ ਹੋਈ ਇਬਾਰਤ ਦੇ ਨੇੜੇ ਹੋ ਜਾਈਦੈ। ਅਜਿਹੇ ਸਮੇ ਸ਼ਬਦ ਬੌਣੇ ਹੋ ਜਾਂਦੇ ਨੇ। ਅੰਮ੍ਰਿਤਾ ਪ੍ਰੀਤਮ ਨੇ ਕਿਹਾ ਹੈ - ਮੁਹੱਬਤ ਸ਼ਬਦਾਂ ਦੀ ਮੁਹਤਾਜ ਕਦ ਹੁੰਦੀ ਹੈ। ਇੱਕ ਦੂਜੇ ਕੋਲ ਪਿਆਰ ਢੇਰੀ ਕਰਨ ਲਈ ਵੀ ਅੱਖਰ ਨਹੀਂ ਬਹੁੜਦੇ। ਮੁਹੱਬਤ ਹੈ ਦੋਨੋ ਮੇ, ਇਜ਼ਹਾਰ-ਏ-ਮੁਹੱਬਤ ਕੌਣ ਕਰੇ। ਜਿੱਥੇ - ਅੱਖ ਨਾਲ ਗੱਲ ਕਰਗੀ ਪੱਲਾ ਮਾਰ ਕੇ ਬੁਝਾਗੀ ਦੀਵਾ - ਅਰਥ ਦਸਦਾ ਹੈ। ਅਜੇਹੇ ਸਮੇ ਸਭ ਹਵਾ ਦੀਆਂ ਬਿੜਕਾਂ ਭੰਨਦੇ, ਡਿਗਦੇ ਪਾਣੀਆਂ ਦਾ ਰਾਗ ਮਾਣਦੇ ਹਨ। ਉਦੋਂ ਵੰਗਾਂ ਦੀ ਛਣਕਾਰ, ਪੈਰੀਂ ਝਾਂਜਰਾਂ ਦੇ ਬੋਲ ਖੌਰੂ ਪਾ ਰਹੇ ਲਗਦੇ ਨੇ। ਮਨ ਦੀ ਇੱਛਾ ਜਹੀ ਇਬਾਰਤ ਪਸਰਦੀ ਮਨ ਦੇ ਰੇਗਿਸਤਾਨ ਤੇ ਮੋਤੀਆ ਕੇਰਦੀ ਹੈ। ਕਲਾਕਾਰ ਦੀ ਚੁੱਪ ਉਸਾਰੂ ਹੁੰਦੀ ਹੈ ਜੋ ਮਨ ਦੀ ਜ਼ਰਖ਼ੇਜ਼ ਜ਼ਮੀਨ ਤੋਂ ਰਚਨਾ ਸਿਰਜਦਾ ਹੈ। ਇੱਕ ਵਾਰੀ ਮੈਨੂੰ ਮੈਡਮ ਦਲੀਪ ਕੌਰ ਟਿਵਾਣਾ ਨੇ ਆਪਣੀ ਕਿਸੇ ਸਹੇਲੀ ਦੀ ਚਿੱਠੀ ਪੜ੍ਹਾਈ ਜਿਸ ਤੇ ਲਿਖਿਆ ਸੀ - ਮੇਰੀਆਂ ਲਿਖੀਆਂ ਸਤਰਾਂ ਵਿਚ ਅਣਲਿਖਿਆ ਤੂੰ ਆਪ ਕਿਆਸ ਕਰ ਲਵੀਂ। ਇਉਂ ਹਰ ਕਲਾਕਾਰ ਅਣਕਹੇ ਨੂੰ ਵੀ ਰਚਨਾ ਵਾਂਗ ਕਿਆਸਦਾ ਹੈ। ਰਾਜੇ, ਜੱਜ, ਡਾਕਟਰ ਜਾਂ ਅਧਿਕਾਰੀ ਦੀ ਚੁੱਪ ਸਰੋਤੇ ਦੇ ਮਨ ਤੇ ਪਿਆ ਭਾਰ ਵੰਡਾਉਂਦੀ ਲਗਦੀ ਹੈ। ਮਗਰੂਰ ਜਾਂ ਹੰਕਾਰੀ ਬੰਦੇ ਦੀ ਚੁੱਪ ਚੁਭਵੀਂ ਹੁੰਦੀ ਹੈ ਜਿਸ ਨੂੰ ਅਸੀਂ -ਚਲ ਹੋਊ- ਆਖ ਕੇ ਪਾਸਾ ਵਟ ਲੈਂਦੇ ਹਾਂ। ਹਰ ਬੰਦੇ ਕੋਲ ਆਸ ਅਤੇ ਧਰਵਾਸ ਲਈ ਚੁੱਪ ਹੁੰਦੀ ਹੈ ਜੋ ਸਭ ਲਈ ਪਨਾਹ ਬਣਦੀ ਹੈ। ਜਿੱਥੇ ਬੋਲਣ ਹਾਰੀਏ ਵਾਲੀ ਥਾਂ ਹੋਵੇ ਓਥੇ ਚੁੱਪ ਆਪਣੇ ਵੱਖਰੇ ਰੰਗ ਨਾਲ ਉਘੜਦੀ ਹੈ। ਝਗੜਾ ਤਾਂ ਗੱਲ ਕਰਨ ਨਾਲ ਹੀ ਹੁੰਦਾ ਹੈ ਪਰ ਉਸਦਾ ਹੱਲ ਖ਼ਾਮੋਸ਼ੀ ਨਾਲ ਹੀ ਹੋ ਸਕਦਾ ਹੈ। ਇੱਕ ਫਿਲਮ ਵਿਚ ਦੋ ਸਹੇਲੀਆਂ ਪਿਆਰ ਦੇ ਅਰਥ ਸਿਰਜਦੀਆਂ ਦੌਲਤ ਜਾਂ ਦੁੱਖ-ਸੁੱਖ ਦੱਸ ਰਹੀਆਂ ਸਨ। ਕੋਲ ਫਿਰਦੀ ਨੌਕਰਾਣੀ ਬੋਲੀ - ਮੈਂ ਕਹੂੰ, ਜੋ ਆਪ ਕਹਿਤੇ ਹੋ ਏਕ ਕਹੇ ਔਰ ਦੂਸਰਾ ਸਮਝੇ, ਮੈਂ ਕਹਿਤੀ ਹੂੰ ਏਕ ਨਾ ਭੀ ਕਹੇ ਔਰ ਦੂਸਰਾ ਤਬ ਭੀ ਸਮਝੇ, ਬਸ ਯਹੀ ਪਿਆਰ ਹੈ -।

ਮੁਝੇ ਇਸ਼ਤਿਹਾਰ ਸੀ ਲਗਤੀ ਹੈਂ
ਯੇਹ ਮੁਹੱਬਤੋਂ ਕੀ ਕਹਾਨੀਆਂ,
ਜੋ ਕਹਾ ਨਹੀਂ ਵੋ ਸੁਨਾ ਕਰੋ
ਜੋ ਸੁਨਾ ਨਹੀਂ ਵੋ ਕਹਾ ਕਰੋ। (ਬਸ਼ੀਰ ਬਦਰ)

ਖੇਡਾਂ ਮਨੁੱਖੀ ਸਰੀਰ ਦੀ ਤੰਦਰੁਸਤੀ ਦੀ ਦਵਾਈ ਹਨ

ਗੁਰਜੀਤ ਗਿੱਲ ਰੀਜਾਇਨਾ
1 431 335 0935

ਸਿਆਣੇ ਕਹਿੰਦੇ ਹਨ ਕਿ ਤੰਦਰੁਸਤ ਸਰੀਰ ਅੰਦਰ ਹੀ ਤੰਦਰੁਸਤ ਮਨ ਦਾ ਵਾਸਾ ਹੁੰਦਾ ਹੈ। ਮਨੁੱਖੀ ਸਰੀਰ ਦੀ ਤੰਦਰੁਸਤੀ ਦੀ ਕਾਮਨਾ ਆਪਾ ਤਦ ਹੀ ਕਰ ਸਕਦੇ ਹਾਂ ਜੇਕਰ ਆਪਾ ਆਪਣੇ ਚੰਚਲ ਮਨ ਨੂੰ ਆਪਣੇ ਵਾਸੇ ਵਿੱਚ ਕਰ ਲਿਆ। ਮੇਰੇ ਕਹਿਣ ਤੋਂ ਭਾਵ ਹੈ ਕਿ ਖੇਡਾਂ ਸਾਡੇ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਹਨ । ਖੇਡ ਨੂੰ ਖੇਡਣਾ ਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਲਾਗੂ ਕਰਨ ਦਾ ਸੰਬੰਧ ਸਿੱਧਾ ਸਿੱਧਾ ਆਪਣੇ ਮਨ ਨਾਲ ਹੁੰਦਾ ਹੈ। ਕਿਉਂਕਿ ਸਭ ਤੋਂ ਪਹਿਲਾ ਕਿਸੇ ਵੀ ਕੰਮ ਨੂੰ ਕਰਨ ਜਾਂ ਨਾਂ ਕਰਨ ਦਾ ਇਸ਼ਾਰਾ ਆਪਣਾ ਮਨ ਹੀ ਕਰਦਾ ਹੈ । ਸੋ ਆਪਣੇ ਮਨ ਦੀ ਆਵਾਜ਼ ਵਿੱਚ ਖੇਡ ਭਾਵਨਾ ਨੂੰ ਲੈ ਕੇ ਆਉਣਾ ਬੜਾ ਜ਼ਰੂਰੀ ਹੈ ਜੇ ਪੁਰਾਣੇ ਸਮਿਆਂ ਦੀ ਗੱਲ ਕਰੀਏ ਤਾਂ ਸਾਡੀਆਂ ਵਿਰਾਸਤੀ ਖੇਡਾਂ ਵਿੱਚ ਕਬੱਡੀ , ਬਾਂਦਰ ਕਿੱਲਾ , ਪੀਚੋ ਪਾੜਾਂ , ਗੁੱਲੀ ਡੰਡਾ ਹੋਰ ਵੀ ਬਹੁਤ ਸਾਰੀਆਂ ਖੇਡਾਂ ਸਨ, ਜਿੰਨਾ ਵਿੱਚੋਂ ਸਿਰਫ਼ ਕਬੱਡੀ ਹੀ ਦਿਖ ਰਹੀ ਹੈ । ਬਾਕੀ ਖੇਡਾਂ ਤਾਂ ਅੱਜ ਕੱਲ ਦੇ ਇਲੈਕਟ੍ਰੌਨਿਕ ਮੀਡੀਆ ਨੇ ਦੱਬ ਲਈਆਂ ਹਨ । ਅੱਜ ਕੱਲ ਤਾਂ ਜਵਾਕ ਫ਼ੋਨ ਵਾਲੀਆਂ ਖੇਡਾਂ ਜ਼ਿਆਦਾ ਪਸੰਦ ਕਰਦੇ ਹਨ ਜਿੰਨਾ ਵਿੱਚ ਆਪਣੇ ਸਰੀਰ ਦੀ ਕਸਰਤ ਬਿਲਕੁਲ ਵੀ ਨਹੀਂ ਹੁੰਦੀ । ਇਹਨਾਂ ਖੇਡਾਂ ਵਿੱਚ ਪੱਬਜੀ ,ਕੈਂਡੀ ਕਰੱਸ਼, ਟੈਂਪਲ ਰੰਨ ਹੋਰ ਪਤਾ ਨੀ ਇੰਦਾਂ ਦੀਆਂ ਬਹੁਨਾਂਵੀ ਖੇਡਾਂ ਹਨ ਜੋ ਅਜੋਕੇ ਸਮੇਂ ਵਿੱਚ ਮਨੁੱਖੀ ਮਨ ਤੇ ਭਾਰੂ ਪਈਆਂ ਹੋਈਆਂ ਹਨ ।

ਪੁਰਾਣੇ ਸਮਿਆਂ ਵਿੱਚ ਲੋਕ ਸਵੇਰੇ ਸੈਰ ਕਰਨ ਜਾਂਦੇ ਸਨ ਨਾਲ ਨਾਲ ਹੋਰ ਵੀ ਕਸਰਤ ਕਰਦੇ ਸਨ ਜਿਸ ਨਾਲ ਸਰੀਰ ਦੀ ਹਿੱਲ ਜੁੱਲ ਹੁੰਦੀ ਸੀ ਤੇ ਮਨੁੱਖ ਬੀਮਾਰੀਆਂ ਤੋਂ ਬਚਿਆ ਰਹਿੰਦਾ ਸੀ । ਇਹ ਸਭ ਚੀਜ਼ਾਂ ਉਹਨਾਂ ਦੇ ਰੋਜ਼ਾਨਾ ਜੀਵਨ ਦੇ ਨਿੱਤਨੇਮ ਵਿੱਚ ਦਰਜ ਸਨ । ਉਹਨਾਂ ਸਮਿਆਂ ਵਿੱਚ ਖਾਦ ਖੁਰਾਕਾਂ ਵੀ ਚੰਗੀਆਂ ਹੁੰਦੀਆਂ ਸਨ ਤੇ ਕਸਰਤ ਕਰਨ ਤੋਂ ਬਾਅਦ ਵੀ ਮਨੁੱਖ ਸਾਰਾ ਸਾਰਾ ਦਿਨ ਆਪਣੇ ਖੇਤਾਂ ਵਿੱਚ ਕੰਮ ਕਰਦੇ ਸਨ । ਇੱਕ ਵਧੀਆ ਖਿਡਾਰੀ ਦੀ ਜੇ ਆਪਾ ਗੱਲ ਕਰੀਏ ਤਾਂ ਉਹਦਾ ਕੋਈ ਮਿਣਿਆ ਚੁਣਿਆ ਘੇਰਾ (ਬੌਂਨਦਅਰੇ) ਨਹੀਂ ਹੁੰਦਾ , ਉਹਦੀ ਖੇਡ ਵਿੱਚ ਉਮਰ ਦੀ ਕੋਈ ਸੀਮਾ ਨਹੀਂ ਹੁੰਦੀ , ਉਹਦੀ ਕੋਈ ਜਾਤ ਪਾਤ ਨਹੀਂ ਹੁੰਦੀ । ਇਹ ਇੱਕ ਵਧੀਆ ਖਿਡਾਰੀ (ਸਪੋਰਟਸਮਅਨਸਹਿਪ) ਦੀਆਂ ਨਿਸ਼ਾਨੀਆਂ ਹਨ । ਜੋ ਅੱਜ ਕੱਲ ਦੇ ਖਿਡਾਰੀਆਂ ਵਿੱਚ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ । ਪਿੱਛੇ ਜੇ ਮੈਂ ਇੱਕ ਵਜਨੀ ਕਬੱਡੀ ਦਾ ਪੋਸਟਰ ਦੇਖਿਆ ਜਿਸ ਵਿੱਚ ਉਹਨਾਂ ਨੇ ਮੋਟੇ ਅੱਖਰਾਂ ਵਿੱਚ ਬਾਕਾਇਦਾ ਲਿਖੀਆਂ ਸੀ ਕਿ ਇਹ ਟੂਰਨਾਮੈਂਟ ਕਿਸੇ ...। ਖਾਸ ਭਾਈਚਾਰੇ ਨਾਲ ਸੰਬੰਧਤ ਹੈ ਇਸ ਵਿੱਚ ਸਿਰਫ ਉਸੇ ...।। ਭਾਈਚਾਰੇ ਨਾਲ ਸਬੰਧਤ ਖਿਡਾਰੀ ਹੀ ਹਿੱਸਾ ਲੈ ਸਕਦੇ ਹਨ । ਜੋ ਕਿ ਇੱਕ ਅਤਿ ਨਿੰਦਣਯੋਗ ਗੱਲ ਹੈ। ਧਰਮਾਂ ਤੇ ਜਾਤਾਂ ਦੇ ਨਾਮ ਤੇ ਤਾਂ ਆਪਣਾ ਸਮਾਜ ਪਹਿਲਾ ਹੀ ਬਹੁਤ ਵੰਡਿਆ ਪਿਆ ਹੈ ਹੁਣ ਆਪਾ ਖੇਡਾਂ ਵਿੱਚ ਵੀ ਜਾਤ ਪਾਤ ਨੂੰ ਵਾੜਣ ਲੱਗ ਗਏ । ਕਈ ਵਾਰ ਕੀ ਹੁੰਦਾ ਟੂਰਨਾਮੈਂਟ ਕਮੇਟੀਆਂ ਨਵੀਆਂ ਹੁੰਦੀਆਂ ਹਨ , ਉਹਨਾ ਨੂੰ ਨਹੀਂ ਪਤਾ ਹੁੰਦਾ ਕਿ ਪੋਸਟਰ ਵਿੱਚ ਕੀ ਛਪਵਾਉਣਾ ਹੈ ਉਦੋਂ ਫਿਰ ਉਹ ਖਿਡਾਰੀਆਂ ਦੀ ਰਾਇ ਨਾਲ ਹੀ ਪੋਸਟਰ ਛਪਵਾਉਂਦੇ ਹਨ । ਮੇਰੇ ਸਾਰੇ ਖਿਡਾਰੀ ਵੀਰਾਂ ਤੇ ਟੂਰਨਾਮੈਂਟ ਪ੍ਰਬੰਧਕ ਕਮੇਟੀਆਂ ਨੂੰ ਹੱਥ ਜੋੜ ਕਿ ਬੇਨਤੀ ਹੈ ਕਿ ਆਪਾ ਖੇਡ ਭਾਵਨਾ ਦੀ ਕਦਰ ਕਰੀਏ ਤੇ ਖੇਡ ਜਾ ਗਰਾਊਂਡ ਵਿੱਚ ਜਾਤ ਪਾਤ ਨਾ ਲੈ ਕਿ ਆਈਏ । ਅਸਲ ਵਿੱਚ ਖਿਡਾਰੀ ਲਈ ਗਰਾਊਂਡ ਬਿਲਕੁਲ ਉਸ ਗੁਰੂਘਰ ਦੀ ਤਰਾਂ ਹੈ ਜਿੱਥੇ ਅਸੀਂ ਹਰ ਰੋਜ ਮੱਥਾ ਟੇਕਣ ਜਾਂਦੇ ਹਾਂ । ਉੱਥੇ ਕੋਈ ਮਰਜ਼ੀ ਕਿਸੇ ਧਰਮ ਜਾ ਜਾਤ ਨਾਲ ਸਬੰਧਤ ਬੰਦਾ ਮੱਥਾ ਟੇਕਣ ਆ ਸਕਦਾ ਹੈ ।

ਖੇਡਾਂ ਜਿਵੇਂ ਆਪਾ ਉੱਪਰ ਲਿਖਿਆ ਕਿ ਤੰਦਰੁਸਤੀ ਦੀ ਇੱਕ ਦਵਾਈ ਹਨ , ਜਿਸ ਨੂੰ ਆਪਾ ਆਪਣੇ ਰੋਜ਼ਾਨਾ ਜੀਵਨ ਵਿੱਚੋਂ ਖਰੀਦ ਸਕਦੇ ਹਾਂ । ਆਉ ਸਾਰੇ ਪ੍ਰਣ ਕਰੀਏ ਕਿ ਆਪਣੇ ਲਈ ਤੇ ਆਪਣੇ ਸਰੀਰ ਦੀ ਤੰਦਰੁਸਤੀ ਲਈ ਹਰ ਰੋਜ ਬਾਹਲਾ ਨਹੀਂ ਤਾਂ ਇੱਕ ਘੰਟਾ ਆਪਣੀ ਸਰੀਰਕ ਕਸਰਤ ਲਈ ਕੱਢਿਆ ਕਰੀਏ ਤੇ ਆਪਣੇ ਸਰੀਰ ਨੂੰ ਆਰੋਗ ਬਣਾਈਏ । ਇਸ ਤਰਾਂ ਕਰਨ ਨਾਲ ਕਈ ਬੀਮਾਰੀਆਂ ਦਾ ਇਲਾਜ ਤੁਸੀਂ ਬਿਨਾ ਡਾਕਟਰ ਕੋਲ ਜਾਏ ਘਰ ਬੈਠੇ ਹੀ ਕਰ ਸਕਦੇ ਹੋ । ਇਸ ਨੂੰ ਆਪਣੇ ਜੀਵਨ ਵਿੱਚ ਪੱਕੇ ਤੌਰ ਤੇ ਲਾਗੂ ਕਰਨ ਤੋਂ ਬਾਅਦ ਤੁਹਾਡਾ ਦਿਮਾਗ਼ ਵੀ ਤੰਦਰੁਸਤ ਰਹੇਗਾ , ਸਰੀਰ ਵੀ ਮਜ਼ਬੂਤ ਹੋਵੇਗਾ ਤੇ ਮਨ ਵੀ ਖੇੜੇ ਵਿੱਚ ਰਹੇਗਾ ।ਆਖ਼ੀਰ ਵਿੱਚ ਮੈਂ ਇਹੀ ਆਸ ਕਰਦਾ ਕਿ ਤੁਸੀਂ ਸਾਰੇ ਆਪਣੇ ਰੋਜ਼ਾਨਾ ਭੱਜ-ਦੌੜ ਦੀ ਜ਼ਿੰਦਗੀ ਵਿੱਚੋਂ ਥੋੜ੍ਹੇ ਚੋਂ ਥੋੜਾ ਟਾਈਮ ਜ਼ਰੂਰ ਆਪਣੇ ਸਰੀਰ ਨੂੰ ਦੇਵੋਗੇ ਤੇ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਆਪੋ ਆਪਣਾ ਯੋਗਦਾਨ ਪਾਵੋਗੇ ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ

ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।

ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।

ਕਾਲ ਕਰੋ:
1 250 319 7263

ਕਾਗਜ਼ੀ ਵਿਚੋਲਪੁਣਾ

ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਪੂਰਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***203***

ਲੜਕੇ ਦੀ ਲੋੜ

ਇੰਡੀਆ ਤੋਂ ਇੰਗਲੈਂਡ (ਲੰਡਨ) ਵਿੱਚ ਪੜ੍ਹਨ ਲਈ ਆਈ ਹਿੰਦੂ ਅਰੋੜਾ ਪਰਿਵਾਰ ਦੀ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮੰਗਲੀਕ ਨਹੀ ਅਤੇ ਉਸਦੀ ਉਮਰ 31 ਸਾਲ ਹੈ। ਲੜਕੀ ਦੀ ਪੜ੍ਹਾਈ ਪੂਰੀ ਹੋ ਚੁੱਕੀ ਹੈ ਅਤੇ ਹੁਣ ਵਾਪਿਸ ਜਾਕੇ ਵਿਆਹ ਇੰਡੀਆ ਵਿੱਚ ਕਰਨਾ ਹੈ। ਪਰਿਵਾਰ ਵਿੱਚ ਲੜਕੀ ਦੀ ਮਾਂ ਹੈ ਅਤੇ ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਸੈਟਲ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਵਰਕ ਪਰਮਿਟ ਉੱਪਰ ਆਏ ਲੜਕੇ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 780 257 2020 ***203***

ਲੜਕੀ ਦੀ ਲੋੜ

Looking for a suitable girl for Canadian citizen Ramgharia boy, age 29 years, height - 5'9. Education - Diploma in business - finance 2 years, Red seal autobody technician 4 years. Work - autobody refinisher in an autobody Shop. Living in Canada for 10 years. Contact: 403-880-4806, 403-607-0413 ***203***

ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***200***

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਵਿੱਲੋਂ ਪਰਿਵਾਰ Well known Dhillon family in Bathinda city, Upper Middle Class ਦੇ ਸੋਹਣੇ ਸੁਨੱਖੇ ਸਰਕਾਰੀ ਜੌਬ ਕਰਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 298 5591***198***

ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 35 ਸਾਲ ,ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਡਿਵੋਰਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 778 682 4844 ਜਾਂ 1 431 998 0513 ***201***

ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਆਟੋਮੋਬਾਇਲ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:403 466 6317 ਜਾਂ 403 402 7511***201***

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਬਡਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਮ ਟੈਕਨੀਸ਼ਨ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 639 999 2726 ***201***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਜਲੰਧਰ ਜਿਲੇ ਨਾਲ ਸਬੰਧਿਤ ਹਿੰਦੂ ਖੱਤਰੀ ਪਰਿਵਾਰ ਦੀ ਵਿਧਵਾ ਲੜਕੀ ,ਉਮਰ 34 ਸਾਲ, ਵਿਦਿਅਕ ਯੋਗਤਾ :ਸੀ ਏ , ਸੀ ਐਫ ਏ ਲੈਵਲ ਵਨ ਅਤੇ ਬੀ ਕਾਮ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਰਿਸ਼ਤਾ ਹਿੰਦੂ ਜਾਂ ਸਿੱਖ ਖੱਤਰੀ ਪਰਿਵਾਰ ਦਾ ਹੀ ਵਿਚਾਰਿਆ ਜਾਵੇਗਾ ਪਰ ਕਨੇਡੀਅਨ ਰਿਸ਼ਤੇ ਨੂੰ ਪਹਿਲ ਹੋਵੇਗੀ।ਲੜਕੀ ਕੋਲ ਇੱਕ ਬੇਟਾ ਹੈ ਜਿਸ ਦੀ ਉਮਰ 7 ਸਾਲ ਹੈ। ਸੰਪਰਕ: 587 830 6511 ਜਾਂ 919417327521 ***201***

ਜੀਵਨ ਸਾਥਣ ਦੀ ਲੋੜ

ਕਨੇਡਾ ਵਿਜਟਿਰ ਵੀਜਾ ਉੱਪਰ ਆਏ ਆਹਲੂਵਾਲੀਆਂ ਪਰਿਵਾਰ ਦੇ ਹਾਲੇ ਤੱਕ ਅਨਮੈਰਿਡ ,ਉਮਰ 55 ਸਾਲ,ਕੱਦ 5 ਫੁੱਟ 9 ਇੰਚ, ਇੰਗਲਿਸ਼ ਐਜੂਕੇਟਿਡ,ਡਿਪਲੋਮਾਂ ਇਨ ਇਲੈਕਟਰੋਨਿਕਸ, ਜਿਹਨਾਂ ਨੂੰ ਥੋੜੀ ਬੋਲਣ ਅਤੇ ਸੁਣਨ ਦੀ ਸਮੱਸਿਆ ਹੈ, ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੀ ਲੋੜ ਹੈ। ਮੌਜੂਦਾ ਸਮੇਂ ਉਹ ਗੁੜਗਾਉਂ ਇਲੈਟਰੋਨਿਕਸ ਇੰਡਸਟਰੀ ਵਿੱਚ ਜੌਬ ਕਰਦੇ ਹਨ। ਉਹਨਾਂ ਦੇ ਮਾਤਾ ਪਿਤਾ ਅਤੇ ਭਰਾ ਕਨੇਡਾ ਹੀ ਸੈਟਲ ਹਨ। ਤਲਾਕ ਸ਼ੁਦਾ ਜਾਂ ਵਿਧਵਾ, ਸਰੀਰਕ ਤੌਰ ਤੇ ਡਿਸਐਵਿਲਿਟੀ ਵਾਲੀ ਔਰਤ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 613 619 6419 **200**

ਲੜਕੇ ਦੀ ਲੋੜ

Respectable well educated simple Sikh Saini family seeking a suitable match for their beautiful daughter birth 89,5'5"tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***201***

ਲੜਕੇ ਦੀ ਲੋੜ

ਆਸਟਰੇਲੀਆ ਪੱਕੀ, ਜੱਟ ਸਿੱਖ, ਜਨਵਰੀ 1987, ਕੱਦ 5 ਫੁੱਟ 6 ਇੰਚ, ਆਰ ਐਨ ਦੀ ਜੌਬ ਕਰਦੀ ਲੜਕੀ ਲਈ ਪੜ੍ਹੇ ਲਿਖੇ ਕਲੀਨਸ਼ੇਵ,ਚੰਗੀ ਜਾਇਦਾਦ ਵਾਲੇ,ਆਸਟਰੇਲੀਆ ਵਿੱਚ ਕੱਚੇ ਜਾਂ ਕਨੇਡੀਅਨ ਪੀ ਆਰ ਲੜਕੇ ਦੇ ਰਿਸਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਵਟਸਅੱਪ ਕਾਲ ਜਾਂ ਮੈਸੇਜ ਕਰ ਸਕਦੇ ਹੋ । ਸੰਪਰਕ: 1 306 850 7047 ਜਾਂ 9815514808 ***200***

ਲੜਕੀ ਦੀ ਲੋੜ

ਖ਼ਾਨਦਾਨੀ , ਇਮਾਨਦਾਰ ਪਰੀਵਾਰ ਦੇ ਟਾਂਕ ਕਸ਼ਤਰੀਆ ਸਰਾਂ ਦਰਜੀ "ਸਿੱਖ ,ਨਸ਼ਿਆਂ ਤੋ ਰਹਿਤ, ਵਿਦਿਅਕ ਯੋਗਤਾ : M. Sc. - ਬਾਗਬਾਨੀ (HORTICULTURE) ਕੱਦ 6 ਫੁੱਟ, ਇੰਡੀਆ ਰਹਿੰਦੇ ਮਿਹਨਤੀ ਇੱਕਲੋਤੇ ਲੜਕੇ ਲਈ ਕਨੇਡੀਅਨ ਇੰਮੀਗਰਾਟ ਜਾਂ ਸਿਟੀਜਨ ਲੜਕੀ ਦੀ ਜ਼ਰੂਰਤ ਹੈ ।ਲੜਕੇ ਦਾ ਦਾਦਕਾ ਪਰੀਵਾਰ ਕਨੇਡਾ ਵਿੱਚ ਵੈਲ ਸ਼ੈਟਲਡ ਹਨ; ਸੰਪਰਕ : 1- 416-509-6200 +917696774832 ***200***

ਲੜਕੀ ਦੀ ਲੋੜ

ਇੰਡੀਆ ਰਹਿੰਦੇ ਮਠਾੜੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ B.tech (IT) ਮੌਜੂਦਾ ਸਮੇ Quality Analyst (Software tester) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 835 1983 ***200***

ਲੜਕੀ ਦੀ ਲੋੜ

ਇੰਡੀਆ ਰਹਿੰਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਰਾਮਗੜੀਆ ਰੀਹਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 1994, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਕੰਪਿਊਟਿਰ ਐਪਲੀਕੇਸ਼ਨ,,ਸੀ ਐਨ ਸੀ ਪਲੱਸ ਆਟੋ ਕਾਰਡ, ਐਮ ਬੀ ਏ (ਐਚ ਆਰ ਐਂਡ ਮਾਰਕੀਟਿੰਗ) ਅਤੇ ਮੌਜੂਦਾ ਸਮੇ ਆਈ ਸੀ ਆਈ ਸੀ ਆਈ ਬੈਂਕ ਵਿੱਚ ਅਸਿੱਸਟੈਂਟ ਮੈਨਜਰ ਦੀ ਜੌਬ ਕਰ ਰਹੇ ਲਈ , ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 403 479 0616 ਜਾਂ 98145 65265 ***200***

ਲੜਕੀ ਦੀ ਲੋੜ

ਰਾਮਗੜੀਆ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਆਟੋਮੋਬਾਈਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜ਼ੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਆਪਣੇ ਮਾਪਿਆਂ ਕੋਲ ਐਡਮਿੰਟਨ ਵਿਖੇ ਰਹਿੰਦਾ ਅਤੇ ਕੰਮ ਕਰਦਾ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ ਵਟਸਐਪ: 9876783675 ਜਾਂ 587 568 9846 **199**

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ,,ਉੱਚ ਤਕਨੀਕੀ ਯੋਗਤਾ ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***199***

ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਆਏ ਲੜਕੇ, ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਹੌਸਪਿਟਲਟੀ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਫੈਡਰਲ ਇੰਮੀਗ੍ਰੇਸ਼ਨ ਫਾਈਲ ਸਬਮਿਟ ਕੀਤੀ ਹੋਈ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 825 735 0059 ***199***

ਲੜਕੇ ਦੀ ਲੋੜ

Jatt Sikh parents seeking suitable match for their daughter Indian born, Canadian citizen, 35 years old, 5' 1" feet, B.TECH, working in a highly reputed Telecom company on a technical position. Boy should be well educated of decent values and belong to a good family. Cell No./WhatsApp +1 825-365-3677 ***199***

ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਚੰਗੀ ਜਾਇਦਾਦ ਦੇ ਮਾਲਕ ਸੋਹਣੇ ਸੁਨੱਖੇ ਲੜਕੇ ਜਨਮ 1996,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਯੁਟੀਕਲ ਸਾਇੰਸ,ਮਰਚੈਂਟ ਨੇਵੀ ਵਿੱਚ ਅਫਸਰ ਰੈਂਕ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 781 1959 ਈ ਮੇਲ: jasvirsidhu1988 @gmail.com ***198**

ਲੜਕੀਆਂ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਗਰੈਜੂਏਟ ਵੈੱਲ ਸੈਟਲਡ ਸਕੇ ਭਰਾ, ਇੱਕ ਕਨੇਡੀਅਨ ਪੀ ਆਰ ਉਮਰ 29 ਸਾਲ ਕੱਦ 5 ਫੁੱਟ 8 ਇੰਚ ,ਅਤੇ ਦੂਸਰੇ ਉਮਰ 31 ਸਾਲ ਕੱਦ 6 ਫੁੱਟ ਵਿਜਟਿਰ ਵੀਜੇ ਉੱਪਰ ਆਏ ,ਇਹਨਾਂ ਦੋਵੇਂ ਲੜਕਿਆਂ ਲਈ 2 ਪੜੀਆਂ ਲਿਖੀਆਂ ਹੋਣਹਾਰ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 6503 ਜਾਂ 1 431 374 4686 ***198**

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਠ ਪਰਿਵਾਰ ਦੇ ਲੜਕੇ ਉਮਰ 32 ਸਾਲ ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਆਈ ਟੀ ਆਈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 780 803 4575 ਜਾਂ 587 532 9019 ***198**

ਲੜਕੇ ਦੀ ਲੋੜ

Jatt sikh family seek a suitable match for their 5ft. 8 inch tall 28 years old daughter, Engineering Graduate from Canadian University and working with a reputed company. The Boy should be born or raised in Canada and well settled professional. Please send your recent pictures and bio-data to acheema8811@ gmail.com Or call 1 403 828 7973 ***198***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਜਨਮ 1996, ਕੱਦ 5 ਫੁੱਟ 2 ਇੰਚ, ਹਸਪਤਾਲ ਵਿੱਚ ਫੁੱਲ ਟਾਈਮ ਮੈਡੀਕਲ ਅਸਿੱਸਟੈਂਟ ਦੀ ਜੌਬ ਕਰਦੀ, ਵਿਦਿਅਕ ਯੋਗਤਾ :ਆਈਲੈਟਸ ਸਾਢੇ ਛੇ ਬੈਂਡ, ਮੈਡੀਕਲ ਆਫਿਸ ਅਸਿੱਸਟੈਂਟ ਡਿਪਲੋਮਾਂ ਹੋਲਡਰ ਲਈ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦੇ ਨਾਨਕੇ ਦਾਦਕੇ ਸਭ ਕਨੇਡਾ ਹੀ ਸੈਟਲ ਹਨ। ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 1 204 952 2504 ***198***

ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸ਼ਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***210***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।
ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।
ਅੱਜ ਹੀ ਕਾਲ ਕਰੋ: 403 680 0436

ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

Hiring !
Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract
Email: dclogistics4@gmail.com
Phone : 204-396-1696 , 204-891-0031

Hiring
Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ
A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615
ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

Name change

I GURPREET KAUR D/O KAMALJEET SINGH, holder of Indian Passport No.# S1753878, issued at CHANDIGARH, on 09/04/2018, Permanent resident, VILL: AKALGARH,PO: NOORPUR, DISTT: PATIALA, PIN: 147202,PUNJAB, INDIA and presently residing at 331 SADDLECREEK PT NE; Calgary (AB) T3J4R9 Canada, do hereby change my name from GURPREET KAUR to GURPREET KAUR GILL with immediate effect. Cont. 587 436 3403 Date: 06/JUNE/ 2022

ਜਗਮੀਤ ਸਿੰਘ ਨੇ ਕਾਰਪੋਰੇਟ ਕੰਪਨੀਆਂ ਉੱਪਰ ਟੈਕਸ ਲਗਾ ਕੇ ਲੋਕਾਂ ਦੀ ਮਦਦ ਕਰਨ ਦੀ ਕੀਤੀ ਮੰਗ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਨਡੀਪੀ ਲੀਡਰ ਜਗਮੀਤ ਸਿੰਘ ਨੇ ਆਖਿਆ ਹੈ ਕਿ ਲਿਬਰਲ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ ਦੋਵੇਂ ਹੀ ਮਹਿੰਗਾਈ ਲਈ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਕਾਰਪੋਰੇਟ ਕੰਪਨੀਆਂ ਨੂੰ ਬੇਤਹਾਸ਼ਾ ਮੁਨਾਫ਼ਾ ਕਮਾਉਣ ਦੀ ਆਗਿਆ ਦਿੱਤੀ ਹੈ। ਇਹੀ ਕਾਰਨ ਹੈ ਕਿ ਅੱਜ ਇਹ ਕੰਪਨੀਆਂ ਤਾਂ ਰਿਕਾਰਡ ਮੁਨਾਫਾ ਕਮਾ ਰਹੀਆਂ ਹਨ ਪਰ ਕੈਨੇਡਾ ਦੇ ਆਮ ਲੋਕ ਮਹਿੰਗਾਈ ਦੀ ਚੱਕੀ ਵਿੱਚ ਪਿਸ ਰਹੇ ਹਨ। ਉਨ੍ਹਾਂ ਆਖਿਆ ਕਿ ਜਾਰੀ ਹੋਈਆਂ ਰਿਪੋਰਟਾਂ ਵਿੱਚ ਗੰਭੀਰ ਹਾਲਾਤ ਦਾ ਪਤਾ ਇੱਥੋਂ ਹੀ ਲੱਗਦਾ ਹੈ ਕਿ ਕੈਨੇਡਾ ਦਾ ਹਰੇਕ ਚੌਥਾ ਪਰਿਵਾਰ ਅੱਜ ਖਾਣ ਪੀਣ ਦੀਆਂ ਵਸਤਾਂ ਖ਼ਰੀਦਣ ਤੋਂ ਵੀ ਤੰਗ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਅੱਜ ਲੋੜ ਹੈ ਕਿ ਇਨ੍ਹਾਂ ਕਾਰਪੋਰੇਟ ਕੰਪਨੀਆਂ ਦੇ ਵਾਧੂ ਮੁਨਾਫੇ ਉੱਪਰ ਟੈਕਸ ਲਗਾ ਕੇ ਉਹ ਪੈਸਾ ਲੋਕਾਂ ਦੀ ਜੇਬ ਵਿੱਚ ਪਾਇਆ ਜਾਵੇ ਤਾਂ ਕਿ ਉਨ੍ਹਾਂ ਨੂੰ ਕੁਝ ਰਾਹਤ ਮਿਲ ਸਕੇ ।

ਐਵੇਂ ਈ ਪਹਿਲਾਂ ਈ ਲੜੀ ਜਾਂਦੇ ਐ ਵੋਟਾਂ ਉਪਰੰਤ ਸਭ ਕੁੱਝ ਸਾਹਮਣੇ ਆ ਜਾਊ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ 'ਚ ਸ਼ਾਮਿਲ ਜੀਨ ਚਾਰੈਸਟ ਵੱਲੋਂ ਪਿਏਰ ਪੌਲੀਏਵਰ ਖਿਲਾਫ ਦੋਸ਼ ਲਾਏ ਗਏ ਹਨ ਕਿ ਉਨ੍ਹਾਂ ਵੱਲੋਂ ਆਪਣੀ ਮੈਂਬਰਸ਼ਿਪ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਜਾ ਰਹੀ ਹੈ। ਕਿਊਬੈਕ ਦੇ ਸਾਬਕਾ ਪ੍ਰੀਮੀਅਰ ਦਾ ਕਹਿਣਾ ਹੈ ਕਿ ਪੌਲੀਏਵਰ ਦੀ ਕੈਂਪੇਨ ਵੱਲੋਂ 311,958 ਸਮਰਥਕਾਂ ਨੂੰ ਸਾਈਨ ਕਰਨ ਦਾ ਕੀਤਾ ਜਾ ਰਿਹਾ ਦਾਅਵਾ ਖੋਖਲਾ ਹੈ। ਉਨ੍ਹਾਂ ਆਖਿਆ ਕਿ ਪੌਲੀਏਵਰ ਵੱਲੋਂ ਸਾਈਨ ਕੀਤੇ ਗਏ ਮੈਂਬਰਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਜਾ ਰਹੀ ਹੈ ਤੇ ਕੋਈ ਇਸ ਵਿੱਚ ਯਕੀਨ ਨਹੀਂ ਕਰਦਾ। ਹਾਲਾਂਕਿ ਚਾਰੈਸਟ ਵੱਲੋਂ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਵੱਲੋਂ ਕਿੰਨੇ ਮੈਂਬਰਾਂ ਨੂੰ ਸਾਈਨ ਕੀਤਾ ਗਿਆ ਹੈ ਪਰ ਇਸ ਦੌੜ ਵਿੱਚ ਸ਼ਾਮਲ ਪੈਟ੍ਰਿਕ ਬ੍ਰਾਊਨ ਹੀ ਅਜਿਹੇ ਦੂਜੇ ਉਮੀਦਵਾਰ ਹਨ ਜਿਨ੍ਹਾਂ ਵੱਲੋਂ ਆਪਣੇ ਮੈਂਬਰਾਂ ਦੀ ਗਿਣਤੀ, ਡੇਢ ਲੱਖ ਦੱਸੀ ਗਈ ਹੈ।

ਅਮਰੀਕੀ ਈਵੈਂਟ ਮੌਕੇ ਕਤਲੇਆਮ ਦੀ ਧਮਕੀ ਦੇਣ ਵਾਲਾ 17 ਸਾਲਾ ਗੱਭਰੇਟ ਕਨੇਡਾ ਵਿੱਚੋਂ ਫੜਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫਲੋਰਿਡਾ ਵਿੱਚ ਪ੍ਰਾਈਡ ਈਵੈਂਟ ਦੌਰਾਨ ਵੱਡੀ ਪੱਧਰ ਉੱਤੇ ਕਤਲੇਆਮ ਦੀ ਧਮਕੀ ਦੇਣ ਵਾਲੇ ਕੈਨੇਡਾ ਦੇ 17 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵੈੱਸਟ ਪਾਮ ਬੀਚ ਪੁਲਿਸ ਡਿਪਾਰਟਮੈਂਟ ਅਨੁਸਾਰ ਇਸ ਟੀਨੇਜਰ ਨੂੰ ਟੋਰਾਂਟੋ, ਪੀਲ ਰੀਜਨਲ ਪੁਲਿਸ ਦੇ ਨਾਲ ਨਾਲ ਐਫਬੀਆਈ ਸਮੇਤ ਕੌਮਾਂਤਰੀ ਜਾਂਚ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ। ਇਹ ਟੀਨੇਜਰ ਓਮੇਗਲ ਨਾਂ ਦੀ ਵੀਡੀਓ ਚੈਟ ਉੱਤੇ ਸੀ ਤੇ ਇਸ ਨੇ ਪ੍ਰਾਈਡ ਈਵੈਂਟ ਵਿੱਚ ਲੋਕਾਂ ਨੂੰ ਗੋਲੀਆਂ ਨਾਲ ਉਡਾਉਣ ਦੀ ਧਮਕੀ ਦੇਣ ਤੋਂ ਇਲਾਵਾ ਹੈਂਡਗੰਨ ਵਾਲੀ ਆਪਣੀ ਫੋਟੋ ਵੀ ਪਾਈ ਸੀ। ਪੁਲਿਸ ਅਨੁਸਾਰ ਕਿ ਇਸ ਟੀਨੇਜਰ ਨੂੰ ਓਨਟਾਰੀਓ ਵਿੱਚ ਗ੍ਰਿਫਤਾਰ ਕਰਨ ਸਮੇਂ ਇਹ ਗੰਨ ਵੀ ਬਰਾਮਦ ਕਰ ਲਈ ਗਈ। ਕੈਨੇਡੀਅਨ ਅਧਿਕਾਰੀਆਂ ਵੱਲੋਂ ਇਸ ਟੀਨੇਜਰ ਖਿਲਾਫ ਵੱਡੀ ਪੱਧਰ ਉੱਤੇ ਸ਼ੂਟਿੰਗ ਕਰਕੇ ਲੋਕਾਂ ਦੀ ਜਾਣ ਲੈਣ ਲਈ ਦਿੱਤੀ ਧਮਕੀ ਦੇ ਸਬੰਧ ਵਿੱਚ ਇਸ ਨੂੰ ਚਾਰਜ ਕੀਤਾ ਗਿਆ ਹੈ ਅਤੇ ਸੰਭਾਵਨਾ ਹੈ ਕਿ ਅਮਰੀਕਾ ਵੱਲੋਂ ਇਸ ਦੀ ਹਵਾਲਗੀ ਮੰਗੀ ਜਾਵੇਗੀ।

ਏਅਰਪੋਰਟਾਂ ਦੀ ਹਾਲਾਤ ਸੁਧਾਰਣ ਲਈ ਹੋਰ 850 ਏਜੰਟ ਭਰਤੀ ਗਏ ਹਨ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਮੁੱਖ ਹਵਾਈ ਅੱਡਿਆਂ ਤੇ ਅਜੇ ਵੀ ਯਾਤਰੀਆਂ ਨੂੰ ਦੇਰੀ ਨਾਲ ਉੱਡ ਰਹੀਆਂ ਫਲਾਈਟਾਂ ਅਤੇ ਇੱਥੋਂ ਤੱਕ ਰੱਦ ਹੁੰਦੀਆਂ ਫਲਾਈਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਦੇ ਚਲਦਿਆਂ ਫੈੱਡਰਲ ਸਰਕਾਰ ਵੱਲੋਂ ਆਖਿਆ ਗਿਆ ਹੈ ਕਿ ਸਮੱਸਿਆ ਨੂੰ ਹੱਲ ਕਰਨ ਲਈ ਹੋਰ ਵਸੀਲੇ ਜੁਟਾਏ ਜਾ ਰਹੇ ਹਨ। ਕੈਨੇਡੀਅਨ ਏਅਰ ਟਰਾਂਸਪੋਰਟ ਸਕਿਓਰਿਟੀ ਅਥਾਰਟੀ ਵੱਲੋਂ ਬੀਤੇ ਹਫਤਿਆਂ ਦੌਰਾਨ ਸਕ੍ਰੀਨਿੰਗ ਲਈ ਹੋਰ 850 ਏਜੰਟਾਂ ਦੀ ਭਰਤੀ ਕੀਤੀ ਗਈ ਹੈ । ਉਧਰ ਟਰਾਂਸਪੋਰਟ ਮੰਤਰੀ ਓਮਰ ਅਲਗਬਰਾ ਨੇ ਆਖਿਆ ਹੈ ਕਿ ਇਸ ਸਮੱਸਿਆ ਦੇ ਹੱਲ ਲਈ ਹੋਰ ਯਤਨ ਕੀਤੇ ਜਾ ਰਹੇ ਹਨ ਹਾਲਾਂਕਿ ਉਨ੍ਹਾਂ ਨੇ ਇਸ ਵਾਸਤੇ ਕੋਈ ਸਮਾਂ ਨਿਰਧਾਰਤ ਕਰਨ ਬਾਰੇ ਸੂਚਨਾ ਸਾਂਝੀ ਨਹੀਂ ਕੀਤੀ ।

ਰੂਸ ਦਿਵਸ ਦੇ ਮੌਕੇ ਤੇ ਕੈਨੇਡੀਅਨ ਅਧਿਕਾਰੀ ਦੇ ਸ਼ਾਮਿਲ ਹੋਣ ਦਾ ਮਾਮਲਾ ਹਰ ਪਾਸਿਓਂ ਨਿੰਦਿਆ ਜਾ ਰਿਹਾ ਹੈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ)24 ਫਰਵਰੀ ਤੋਂ ਸ਼ੁਰੂ ਹੋਏ ਰੂਸ ਯੂਕਰੇਨ ਯੁੱਧ ਦੇ ਦੌਰਾਨ ਬੀਤੇ ਦਿਨੀਂ ?ਟਵਾ ਵਿਖੇ ਰੂਸੀ ਦੂਤਘਰ ਵੱਲੋਂ ਰਸ਼ੀਆ ਡੇਅ ਦੇ ਸੰਬੰਧ ਵਿੱਚ ਇੱਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਕੈਨੇਡਾ ਦੇ ਗਲੋਬਲ ਅਫੇਅਰਜ਼ ਡਿਪਾਰਟਮੈਂਟ ਦੇ ਡਿਪਟੀ ਚੀਫ ਆਫ ਪ੍ਰੋਟੋਕੋਲ ਵੱਲੋਂ ਸ਼ਿਰਕਤ ਕੀਤੀ ਗਈ, ਜਿਸ ਤੋਂ ਬਾਅਦ ਚਾਰੇ ਪਾਸਿ?' ਸਰਕਾਰ ਦੀ ਆਲੋਚਨਾ ਹੋਣੀ ਸ਼ੁਰੂ ਹੋ ਗਈ ਹੈ। ਵਿਰੋਧੀ ਧਿਰ ਵੱਲੋਂ ਵੀ ਇਸ ਸਬੰਧੀ ਹੋ ਰਹੀ ਆਲੋਚਨਾ ਉਪਰੰਤ ਵਿਦੇਸ਼ ਮੰਤਰੀ ਮਿਲੇਨੀ ਜੌਲੀ ਨੇ ਆਖਿਆ ਕਿ ਇਹ ਸਹਿਣ ਯੋਗ ਨਹੀਂ ਹੈ ਅਤੇ ਨਾਲ ਹੀ ਉਨ੍ਹਾਂ ਵਾਅਦਾ ਕੀਤਾ ਕਿ ਭਵਿੱਖ ਵਿਚ ਫਿਰ ਤੋਂ ਅਜਿਹਾ ਕੁੱਝ ਵੀ ਨਹੀਂ ਵਾਪਰੇਗਾ

ਕੈਨੇਡਾ ਹਰੇਕ ਸਿਗਰਟ ਉੱਪਰ ਸਿਹਤ ਸਬੰਧੀ ਚਿਤਾਵਨੀ ਜਾਰੀ ਕਰਨ ਵਾਲਾ ਪਹਿਲਾ ਦੇਸ਼ ਬਣੇਗਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸਿਗਰਟਨੋਸ਼ੀ ਕਾਰਨ ਹਰ ਸਾਲ ਕੈਨੇਡਾ ਵਿੱਚ 48 ਹਜ਼ਾਰ ਦੇ ਕਰੀਬ ਮੌਤਾਂ ਹੁੰਦੀਆਂ ਹਨ ਭਾਵੇਂ ਕਿ ਸਿਗਰੇਟ ਵਾਲੀ ਡੱਬੀ ਉੱਪਰ ਸਿਗਰਟਨੋਸ਼ੀ ਨਾਲ ਸਿਹਤ ਉੱਪਰ ਪੈਣ ਵਾਲੇ ਪ੍ਰਭਾਵ ਸਬੰਧੀ ਚਿਤਾਵਨੀ ਤਾਂ ਜਾਰੀ ਕੀਤੀ ਹੁੰਦੀ ਹੈ ਪਰ ਸਿਗਰੇਟ ਪੀਣ ਵਾਲੇ ਡੱਬੀ ਚੋਂ ਸਿਗਰੇਟ ਕੱਢਣ ਉਪਰੰਤ ਇਸ ਚਿਤਾਵਨੀ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਪਰ ਹੁਣ ਕੈਨੇਡਾ ਦੁਨੀਆਂ ਦਾ ਅਜਿਹਾ ਪਹਿਲਾ ਮੁਲਕ ਬਣਨ ਜਾ ਰਿਹਾ ਹੈ ਜਿੱਥੇ ਸਿਰਫ ਸਿਗਰੇਟ ਵਾਲੀ ਡੱਬੀ ਉੱਪਰ ਹੀ ਨਹੀਂ ਬਲਕਿ ਹਰੇਕ ਸਿਗਰੇਟ ਉੱਪਰ ਚੇਤਾਵਨੀ ਛਾਪੀ ਜਾਵੇਗੀ। ਇਹ ਐਲਾਨ ਮੈਂਟਲ ਹੈਲਥ ਐਂਡ ਅਡਿਕਸ਼ਨ ਮਿਨਿਸਟਰ ਕੈਰੋਲਿਨ ਬੈਨੇਟ ਵੱਲੋਂ ਕੀਤਾ ਗਿਆ।

ਕੁੱਤਿਆਂ ਦੇ ਹਮਲੇ ਵਾਲੀ ਘਟਨਾ ਨੇ ਐਂਬੂਲੈਂਸ ਸੇਵਾਵਾਂ ਉਪਰੋਂ ਪਰਦਾ ਚੁੱਕ ਦਿੱਤਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਬੀਤੇ ਦਿਨੀਂ ਤਿੰਨ ਕੁੱਤਿਆਂ ਦੇ ਹਮਲੇ ਕਾਰਨ ਹੋਈ ਬਜ਼ੁਰਗ ਮਹਿਲਾ ਦੀ ਮੌਤ ਦਾ ਮਾਮਲਾ ਠੰਢਾ ਪੈਣ ਦੀ ਬਜਾਏ ਦਿਨੋਂ ਦਿਨ ਹੋਰ ਗਰਮਾਉਂਦਾ ਜਾ ਰਿਹਾ ਹੈ । ਇਹ ਮਾਮਲਾ ਗਰਮਾਉਣ ਦਾ ਕਾਰਨ ਕੁੱਤਿਆਂ ਦੇ ਹਮਲੇ ਉਪਰੰਤ ਬਜ਼ੁਰਗ ਮਹਿਲਾ ਨੂੰ ਸਮੇਂ ਸਿਰ ਐਂਬੂਲੈਂਸ ਸੇਵਾ ਮੁਹੱਈਆ ਨਾ ਹੋਣਾ ਹੈ । ਅਲਬਰਟਾ ਵਿੱਚ ਐਮਰਜੈਂਸੀ ਦੀ ਹਾਲਤ ਵਿੱਚ ਕਿਸੇ ਮਰੀਜ਼ ਨੂੰ ਸਮੇਂ ਸਿਰ ਐਂਬੂਲੈਂਸ ਸੇਵਾ ਮਿਲਣ ਦਾ ਕੋਈ ਇਹ ਪਹਿਲਾ ਮਾਮਲਾ ਨਹੀਂ ਸਗੋਂ ਅਜਿਹੀਆਂ ਕਈ ਖ਼ਬਰਾਂ ਰੋਜ਼ਾਨਾ ਹੀ ਚਰਚਾ ਦਾ ਵਿਸ਼ਾ ਬਣ ਰਹੀਆਂ ਹਨ ਅਤੇ ਐਂਬੂਲੈਂਸ ਸੇਵਾ ਵਿੱਚ ਸੁਧਾਰ ਦੀ ਮੰਗ ਉੱਠ ਰਹੀ ਹੈ।

ਇਰਾਨ ਵਿੱਚ ਰੇਲ ਗੱਡੀ ਦੇ ਡੱਬੇ ਲੀਹੋਂ ਲੱਥਣ ਕਾਰਨ 17 ਜਣਿਆਂ ਦੀ ਮੌਤ ਹੋਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪੂਰਬੀ ਇਰਾਨ ਵਿੱਚ ਇੱਕ ਰੇਲ ਗੱਡੀ ਲੀਹੋਂ ਲੱਥਣ ਕਾਰਨ 17 ਵਿਅਕਤੀਆਂ ਦੀ ਮੌਤ ਹੋ ਗਈ ਅਤੇ 50 ਹੋਰ ਜ਼ਖ਼ਮੀ ਹੋ ਗਏ ਹਨ। ਅਧਿਕਾਰੀਆਂ ਅਨੁਸਾਰ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਰੇਲ ਵਿੱਚ ਕੁੱਲ 350 ਯਾਤਰੀ ਸਵਾਰ ਸਨ। ਜਾਣਕਾਰੀ ਅਨੁਸਾਰ ਤਬਸ ਸ਼ਹਿਰ ਨੇੜੇ ਰੇਲ ਦੇ ਸੱਤ ਡੱਬਿਆਂ 'ਚੋਂ ਚਾਰ ਲੀਹੋਂ ਲੱਥ ਗਏ। ਸੂਚਨਾ ਮਿਲਦਿਆਂ ਹੀ ਪ੍ਰਸ਼ਾਸਨ ਨੇ ਐਂਬੂਲੈਂਸਾਂ ਅਤੇ ਤਿੰਨ ਹੈਲੀਕਾਪਟਰਾਂ ਦੀ ਮਦਦ ਨਾਲ ਉਥੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਇਸ ਦੌਰਾਨ 12 ਤੋਂ ਵੱਧ ਲੋਕ ਗੰਭੀਰ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਨੇੜਲੇ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਟਿੱਲੇ ਵਾਲੇ 'ਸਾਧ' ਨੂੰ ਚੇਤੇ ਕਰਦਿਆਂ —

ਕੁਲਦੀਪ ਸਿੰਘ ਦੀਪ
0091-9876820600
ਫੇਸ 2, ਅਰਬਨ ਅਸਟੇਟ
ਪਟਿਆਲਾ

ਜਦ ਬੰਦੇ ਨੂੰ ਇਸ਼ਕ ਦਾ ਝੱਲ ਵੱਜਦਾ ਹੈ ਤਾਂ ਕੋਈ 'ਧੀਦੋ' ਤਖ਼ਤ ਹਜਾਰਾ ਛੱਡ 'ਚਾਕ' ਬਣ ਜਾਂਦਾ ਹੈ ਅਤੇ 12 ਸਾਲ ਬੇਲਿਆਂ ਵਿੱਚ ਬੰਸਰੀ ਵਜਾਉਂਦਾ ਹੋਇਆ ਮਹਿਬੂਬ ਦੇ ਮੰਗੂ ਚਾਰਦਾ ਹੈ। ਫੇਰ ਜਦ ਇਹ ਇਸ਼ਕ ਸਾਣ ਤੇ ਚੜ੍ਹਦਾ ਹੈ ਤਾਂ ਉਹੀ 'ਚਾਕ' ਬਾਲ ਨਾਥ ਦੇ ਟਿੱਲੇ ਤੇ ਪਹੁੰਚ ਜਾਂਦਾ ਹੈ ਤੇ ਕੰਨ ਪੜਵਾ ਕੇ, ਧੂਣੀ ਲਾ ਕੇ ਅਤੇ ਅੰਗ ਵਿਭੂਤ ਰਮਾ ਕੇ 'ਜੋਗੀੜਾ' ਬਣ ਜਾਂਦਾ ਹੈ। ਪਰ ਇਹ ਵੀ ਇੱਕ ਸੱਚ ਹੈ ਕਿ ਜੋਗੀ ਲੱਖ ਜੋਗੀ ਹੋਣ, ਕੁਦਰਤ ਵੱਲੋਂ ਦਿੱਤੇ ਜਜ਼ਬੇ ਉਹਨਾਂ ਨੂੰ ਫੇਰ ਜ਼ਿੰਦਗੀ ਵੱਲ ਖਿੱਚ ਲਿਆਉਂਦੇ ਹਨ। ਸਾਡੀ ਲੋਕਧਾਰਾ ਕਹਿੰਦੀ ਹੈ ਕਿ :

ਜੋਗੀ ਉੱਤਰ ਪਹਾੜੋਂ ਆਏ, ਚਰਖੇ ਦੀ ਘੂਕ ਸੁਣਕੇ

ਸੱਚਮੁੱਚ ਇੱਕ ਨਾ ਇੱਕ ਦਿਨ ਜੋਗੀਆਂ ਨੂੰ ਫਿਰ ਚਰਖਿਆਂ ਦੀ ਘੂਕਾਂ ਬੁਲਾ ਲੈਂਦੀਆਂ ਹਨ ਅਤੇ ਉਹੀ ਜੋਗੀ ਫਿਰ ਜ਼ਿੰਦਗੀ ਦੇ ਭੋਗੀ ਬਣ ਕੇ ਜੀਵਨ ਦੀ ਮੁੱਖਧਾਰਾ ਵਿੱਚ ਸ਼ਾਮਿਲ ਹੋ ਜਾਂਦੇ ਹਨ ਤੇ ਗੁਰਬਾਣੀ ਦਾ ਇਹ ਕਥਨ ਸਾਕਾਰ ਹੋ ਜਾਂਦਾ ਹੈ : ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆ ਵਿਚੇ ਹੋਵੈ ਮੁਕਤਿ। ਪ੍ਰੋ: ਅਜਮੇਰ ਸਿੰਘ ਔਲਖ ਮੈਨੂੰ 'ਅੰਜਨਿ' ਵਿੱਚ ਰਹਿਣ ਵਾਲੇ 'ਨਿਰੰਜਨਿ' ਲੱਗਦੇ ਹਨ।।ਕਿਰਤ ਅਤੇ ਸਿਰਜਣਾ ਦੀ ਤਪਸਿਆ ਵਿੱਚ ਤਪ ਕੇ ਕੁੰਦਨ ਹੋਏ ਜ਼ਿੰਦਗੀ ਦੇ ਜੋਗੀ। ਉਹਨਾਂ ਨਾਲ ਮੇਰਾ ਮੁੱਢਲਾ ਵਾਹ ਵੀ ਕੁੱਝ ਇਸੇ ਤਰ੍ਹਾਂ ਪਿਆ। ਡਾ: ਸਤੀਸ਼ ਕੁਮਾਰ ਵਰਮਾ ਨਾਲ ਪੀ-ਐਚ ਡੀ ਕਰਦਿਆਂ ਜਦ ਮੈਂ ਸੰਗੀਤ ਨਾਟਕਾਂ ਦੀ ਤਲਾਸ਼ ਵਿੱਚ ਨਿਕਲਿਆ ਤਾਂ ਮੈਂ ਚਲਦਾ-ਚਲਦਾ ਅਜਮੇਰ ਸਿੰਘ ਔਲਖ ਦੇ 'ਬਾਲ ਨਾਥ ਦੇ ਟਿੱਲੇ' ਤੱਕ ਪਹੁੰਚ ਗਿਆ। ਉਹਨਾਂ ਦੇ ਆਪਾਂ ਬਹੁਤ ਸਾਰੇ ਨਾਟਕ ਪੜ੍ਹੇ ਤੇ ਦੇਖੇ ਹੋਣਗੇ, ਪਰ 'ਬਾਲਨਾਥ ਦੇ ਟਿੱਲੇ ਤੋਂ —ਨਾਟਕ ਸ਼ਾਇਦ ਹੀ ਸਾਡੇ 'ਚੋਂ ਬਹੁਤਿਆਂ ਨੇ ਪੜ੍ਹਿਆ ਹੋਵੇ ਤੇ ਮੇਰਾ ਵਾਹ ਕੁਦਰਤਨ ਇਸ 'ਬਾਲ ਨਾਥ ਦੇ ਟਿੱਲੇ' ਨਾਲ ਹੀ ਪੈ ਗਿਆ।

ਇਸ ਨਾਟਕ (ਬਾਲ ਨਾਥ ਦੇ ਟਿੱਲੇ ਤੋਂ) ਨੂੰ ਪੜ੍ਹਦਿਆਂ ਮੇਰੇ ਅੰਦਰ ਵਾਰਿਸ ਸ਼ਾਹ, ਪ੍ਰੋ: ਔਲਖ, ਬਾਲਨਾਥ ਦਾ ਟਿੱਲਾ, ਰਾਂਝਾ ਜੋਗੀ ਤੇ ਮੈਂ ਖ਼ੁਦ, ਇਕਮਿਕ ਹੋ ਗਏ। ਇਸ ਸੰਗੀਤ ਨਾਟਕ ਦੀਆਂ ਮੁੱਢਲੀਆਂ ਸਤਰਾਂ ਪੜ੍ਹਦਿਆਂ ਮੈਨੂੰ ਸਮਝ ਨਹੀਂ ਆ ਰਹੀ ਸੀ, ਕੌਣ ਕਿਸ ਨੂੰ ਮੁਖ਼ਾਤਬ ਹੈ। ਪਹਿਲੀਆਂ ਲਾਈਨਾਂ ਸਨ :

ਧੁਖਦੀ ਇਸ਼ਕ ਦੀ ਅੱਗ ਨੂੰ ਵਾ- ਲੱਗੀ
ਸਮਾਂ ਆਇਆ ਏ ਸ਼ੌਕ ਜਗਾਵਣੇ ਦਾ
ਬਾਲ ਨਾਥ ਦੇ ਟਿੱਲੇ ਦਾ ਰਾਹ ਫੜ੍ਹਿਆ
ਮਤਾ ਜਾਗਿਆ ਕੰਨ ਪੜਵਾਵਣੇ ਦਾ

ਕਦੇ ਮੈਨੂੰ ਲੱਗਦਾ ਸੀ ਕਿ ਇਹ 'ਸ਼ੌਕ ਜਗਾਵਣੇ ਦਾ ਮਤਾ', ਵਾਰਿਸ ਸ਼ਾਹ ਨੂੰ ਜਾਗਿਆ ਸੀ ਜਿਸ ਨੇ ਹੀਰ ਲਿਖ ਮਾਰੀ।।ਜਾਂ ਇਹ 'ਸ਼ੌਕ ਜਗਾਵਣੇ ਦਾ ਮਤਾ' ਰਾਂਝੇ ਨੂੰ ਜਾਗਿਆ ਸੀ ਜਿਸ ਨੇ ਹੀਰ ਨੂੰ ਪ੍ਰਾਪਤ ਕਰਨ ਲਈ ਦੇਹ ਤੇ ਰਾਖ ਮਲ਼ ਲਈ । ਜਾਂ ਇਹ 'ਸ਼ੌਕ ਜਗਾਵਣੇ ਦਾ ਮਤਾ' ਔਲਖ ਨੂੰ ਜਾਗਿਆ ਸੀ ਜਿਸ ਨੇ 'ਨਾਟਕ ਵਰਗੀ ਅੱਖੜ ਅਤੇ ਔਝੜ ਰਾਹਾਂ ਵਾਲੀ ਵਿਧਾ ਨੂੰ 'ਕੀਲਣ' ਦਾ ਮਨ ਬਣਾ ਲਿਆ ਜਾਂ ਇਹ 'ਸ਼ੌਕ ਜਗਾਵਣੇ ਦਾ ਮਤਾ' ਮੇਰੇ ਅੰਦਰ ਜਾਗਿਆ ਸੀ ਜਿਸ ਨੇ ਉਪੇਰਾ ਵਰਗੀ ਔਖੀ ਵਿਧਾ ਤੇ ਪੀ-ਐਚ ਡੀ ਕਰਨ ਦਾ ਮਨ ਬਣਾਇਆ, ਜਿਸ ਦਾ ਨਾ ਕੋਈ ਮੂੰਹ ਸੀ ਤੇ ਨਾ ਕੋਈ ਸਿਰ ਸੀ। ਅਸਲ ਵਿੱਚ ਜਦ ਅੰਦਰ ਕਿਸੇ ਵੀ ਪ੍ਰਕਾਰ ਦੀ 'ਧੁਖਦੀ ਅੱਗ' ਨੂੰ 'ਵਾ-' ਲਗਦੀ ਹੈ ਤਾਂ ਬੰਦਾ ਕੁੱਝ ਨਾ ਕੁੱਝ ਤਾਂ 'ਹੂਲ਼ਾ ਫੱਕਦਾ' ਹੀ ਹੈ ਤੇ ਰਾਹਾਂ ਤੇ ਮੰਜਿਲਾਂ ਦੀ ਤਲਾਸ਼ ਵਿੱਚ ਨਿਕਲ ਤੁਰਦਾ ਹੈ। ਔਲਖ ਸਾਹਿਬ ਦੇ ਇਸ ਨਾਟਕ ਦੇ ਦੂਜੇ ਸੰਵਾਦ ਦੀ ਤਰ੍ਹਾਂ :

ਤੇਰੇ ਟਿੱਲੇ ਦੀ ਅਸਾਂ ਹਾਂ ਸ਼ਰਨ ਆਏ
ਸਾਨੂੰ ਆਪਣਾ ਕਰੋ ਫਕੀਰ ਸਾਈਂ
ਬਿਨਾ ਮੁਰਸ਼ਦਾਂ ਰਾਹ ਨਾ ਹੱਥ ਆਉਣ
ਦੁੱਧਾਂ ਬਾਝ ਨਾ ਰਿਝਦੀ ਖੀਰ ਸਾਈਂ

ਇਹੀ ਸੁਆਲ ਲੈ ਕੇ ਮੈਂ ਔਲਖ ਸਾਹਿਬ ਕੋਲ ਗਿਆ ਸਾਂ।

ਸਵਾਲ ਸੀ : ਔਲਖ ਸਾਹਿਬ ਚੰਗੇ-ਭਲੇ ਨਿਮਨ ਕਿਸਾਨੀ ਦੇ ਨਾਟਕ ਲਿਖਦੇ ਲਿਖਦੇ 'ਬਾਲ ਨਾਥ ਦੇ ਟਿੱਲੇ' ਤੇ ਕਿਵੇਂ ਪਹੁੰਚ ਗਏ?

ਔਲਖ ਸਾਹਿਬ ਆਪਣੇ ਰੂੜ੍ਹ ਹੋ ਚੁੱਕੇ ਅੰਦਾਜ਼ ਵਿਚ ਦਾੜ੍ਹੀ ਖੁਰਕਦੇ ਹੋਏ ਬੋਲਨ ਲੱਗੇ : ਦੀਪ ਗਿਆ ਕਿਤੇ ਨਹੀਂ ਮੈਂ।।ਹੈ ਤਾਂ ਉਥੇ ਈ ਆਂ।।।ਬਸ ਗੱਲ ਕਹਿਣ ਦਾ ਮੁਹਾਵਰਾ ਬਦਲਤਾ ਥੋੜਾ ਜਾ।

ਕਿਵੇਂ?

ਕਿਵੇਂ ਤਾਂ ਐਂ ਸੀ ਦੀਪ— ਮੈਨੂੰ ਰਾਂਝਾ ਵੀ ਨਾ, ਕਿਰਤ ਦਾ ਮੈਟਾਫਰ ਈ ਲੱਗਦਾ ਹੁੰਦੈ।

ਮੇਰੇ ਮਨ ਦੀ ਉਲਝਣ ਹੋਰ ਡੂੰਘੀ ਹੋ ਗਈ ਤੇ ਮੂੰਹ ਇੱਕ ਵਾਰ ਫੇਰ ਸੁਆਲੀਆ ਚਿੰਨ ਬਣ ਗਿਆ : ਜੀ?

ਫੇਰ ਉਹਨਾਂ ਆਪ ਹੀ ਗੱਲ ਅੱਗੇ ਤੋਰੀ। ਦਰਅਸਲ ਦੀਪ, ਬਾਬੇ ਨਾਨਕ ਨੇ ਜਿਹੜਾ ਕਿਰਤ ਦਾ ਫ਼ਲਸਫ਼ਾ ਦਿੱਤਾ ਸੀ ਨਾ, ਜੋਗੀਆਂ ਦਾ ਰਾਹ ਉਸ ਦੇ ਉਲਟ ਸੀ। ਤੇ ਇਹ ਜਿਹੜਾ ਰਾਂਝੈ ਨਾ।।ਇਹ ਜੱਟਕੇ ਤਰੀਕੇ ਨਾਲ ਬਾਲਨਾਥ ਦੇ ਭਗੌੜੇ ਹੋਣ ਨੂੰ ਰੱਦ ਕਰ ਦਿੰਦਾ ਹੈ ਤੇ ਸਾਰੇ ਚੇਲੇ ਚਾਟੜਿਆਂ ਨੂੰ ਆਪਣੇ ਨਾਲ ਖਿੱਚ ਕੇ ਜ਼ਿੰਦਗੀ ਵੱਲ ਲੈ ਆਉਂਦਾ। ਉਹ ਬਿਲਕਲ ਜੱਟੂ ਤਰੀਕੇ ਨਾਲ ਬਾਲਨਾਥ ਨੂੰ ਕਹਿੰਦੈ :

ਨਾਥਾ ਜਿਉਂਦਿਆ ਮਰਨ ਹੈ ਬੜਾ ਔਖਾ
ਸਾਥੋਂ ਐਡ ਨਾ ਵਾਇਦੇ ਹੋਵਣੇ ਨੇ
ਹੱਸਣਾ ਖੇਡਣਾ ਤੁਸਾਂ ਨੇ ਬੰਦ ਕੀਤਾ
ਅਸੀਂ ਧੂੰਏ ਦੇ ਗੋਹੇ ਨਾ ਢੋਵਣੇ ਨੇ
ਜਿਹੜੇ ਗੁਰੂ ਨੇ ਵਰਜਦੇ ਤੀਵੀਆਂ ਤੋਂ
ਐਸੇ ਗੁਰੂ ਕੀ ਬੰਨ੍ਹ ਕੇ ਚੋਵਣੇ ਨੇ

ਦੀਪ, ਰਾਂਝੇ ਦੀ ਆਹ ਬਗਾਵਤ ਨੇ ਨਾਟਕ ਲਿਖਵਾਇਆ ਇਹ ਮੇਰੇ ਤੋਂ।।ਮੇਰੇ ਬਾਕੀ ਸਾਰੇ ਨਾਟਕਾਂ ਵਿੱਚ ਵੀ ਇਹ 'ਤੀਮੀਂ-ਮਾਨੀ' ਵਾਰ ਵਾਰ ਆਉਂਦੀ ਹੈ। ਧਿੰਦੀ ਨਾਹਰੀ, ਕਰਮਾ। ਭੈਂਗਾ ਇਹ ਸਾਰੇ ਇਹਨਾਂ 'ਤੀਮੀਆਂ ਮਾਨੀਆਂ' ਤੋਂ ਬਿਨਾ ਅਧੂਰੇ ਨੇ ਤੇ ਭਟਕਦੇ ਫਿਰਦੇ ਨੇ ਤੇ ਰਾਂਝਾ ਆਪਣੀ ਗੱਲ ਤੇ ਅੜਦੈ ਤੇ ਬਾਲ ਨਾਥ ਦਾ ਤਖ਼ਤ ਹਿਲਾ ਦਿੰਦੈ। ਤੂੰ ਤਾਂ ਪੜ੍ਹਿਆ ਈ ਐ।।ਨਾਟਕ ਦੇ ਅਖੀਰ ਤੇ ਬਾਕੀ ਵੀ ਸਾਰੇ ਚੇਲੇ ਚਾਟੜੇ ਸਿੱਪੀ, ਸੰਖ, ਚਿਮਟਾ ਤੇ ਧੂਣੀਆਂ ਛੱਡ ਕੇ ਬਾਲਨਾਥ ਦੇ ਜੋਗ ਨੂੰ 'ਤਿਆਗ-ਪੱਤਰ' ਦੇ ਕੇ ਭੱਜ ਆਉਂਦੇ ਨੇ। ਤੈਨੂੰ ਤਾਂ ਪਤੈ ਉਹਦਾ ਅਖੀਰਲਾ ਸੰਵਾਦ, ਜੀਹਦੇ 'ਚ ਉਹ ਸਾਰੇ ਕਹਿੰਦੇ ਨੇ :

ਆਹ ਚੱਕ ਸਿੱਪੀ, ਆਹ ਚੱਕ ਚਿਮਟਾ
ਅਸਾਂ ਭੇਸ ਤੇਰਾ ਕੀ ਚੱਟਣਾ ਏ
ਜੋਗ ਮਿਲੇ ਜੇ ਰੰਨਾਂ ਨੂੰ ਪੂਜਿਆਂ ਤੋਂ
ਤੇਰੀ ਧੂਣੀ ਤੋਂ ਅਸਾਂ ਕੀ ਖੱਟਣਾ ਏ
ਇਹ ਅੱਜ ਆਇਆ, ਪਾਇਆ ਜੋਗ ਝੋਲੀ
ਅਸੀਂ ਸੰਖ ਵਜਾਉਣ ਤੇ ਲਾ ਰੱਖੇ
ਗੋਹੇ ਕੱਠੇ ਕਰਵਾ ਕੇ ਜੰਗਲਾਂ 'ਚੋਂ
ਬੁੱਧੂ ਧੂੰਈਆਂ ਧੁਖਾਉਣ ਤੇ ਲਾ ਰੱਖੇ

ਉਸ ਤੋਂ ਬਾਅਦ ਮੈਂ ਜਦ ਵੀ ਔਲਖ ਸਾਹਿਬ ਦੇ ਘਰ ਜਾਂਦਾ ਮੈਨੂੰ ਉਹਨਾਂ ਦਾ ਘਰ ਗ੍ਰਹਿਸਤ ਵਰਗਾ ਲੱਗਦਾ ਅਤੇ ਉਸ ਘਰ ਦੇ ਇੱਕ ਖੂੰਜੇ ਵਿੱਚ ਬਣਿਆ ਕਮਰਾ ਬਾਲਨਾਥ ਦਾ ਟਿੱਲਾ ਲੱਗਦਾ ਜਿੱਥੇ ਪਰਿਵਾਰ, ਸਮਾਜ ਅਤੇ ਅਦਬ ਦੀ ਤ੍ਰਿਵੇਣੀ ਨੂੰ ਸਾਂਭੀ ਸਾਡਾ ਇਹ 'ਟਿੱਲੇ ਵਾਲਾ ਜੋਗੀ' ਬੈਠਾ ਹੁੰਦਾ ਅਤੇ ਸੰਗਤਾਂ ਆਉਂਦੀਆਂ ਅਤੇ ਇਹ ਸੰਗਤਾਂ ਨੂੰ ਤਾਰਦਾ ਰਹਿੰਦਾ।।ਕਿੰਨਾ ਕੁੱਝ ਸਿਰਜਿਆ ਗਿਆ ਇਸ ਟਿੱਲੇ ਦੇ ਉੱਤੇ।।ਕਿੰਨਾ ਕੁੱਝ ਵੰਡਿਆ ਗਿਆ ਇਸ ਟਿੱਲੇ ਦੇ ਉਤੋਂ।।।ਇਹ ਟਿੱਲਾ 'ਸਾਡੇ ਵਰਗੇ ਕਿੰਨੇ ਹੀ ਚੇਲੇ-ਚਾਟੜਿਆਂ' ਲਈ ਆਧਾਰ ਬਣਿਆ ਜਿਹੜੇ ਕਿਰਤ ਦੇ ਇਸ ਜੋਗੀ ਤੋਂ 'ਚੁਟਕੀ ਰਾਖ' ਦੀ ਲੈ ਕੇ ਆਪੋ ਆਪਣੇ ਖੇਤਰਾਂ ਦੇ 'ਸਿੱਧ' ਅਖਵਾਉਣ ਲੱਗ ਪਏ।

ਉਂਝ ਔਲਖ ਸਾਹਿਬ ਨੂੰ ਮਿਲਣ ਦਾ ਸਿਲਸਿਲਾ ਇਸ ਟਿੱਲੇ ਤੋਂ ਕਾਫੀ ਪਹਿਲਾਂ ਸ਼ੁਰੂ ਹੋ ਗਿਆ ਸੀ। ਇਹ ਵੀ ਕਮਾਲ ਹੈ ਕਿ ਪਹਿਲੀ ਵਾਰ ਜਦ ਮੈਂ ਔਲਖ ਸਾਹਿਬ ਨੂੰ ਮਿਲਿਆ ਸੀ, ਉਦੋਂ 'ਮਿਲਿਆ' ਨਹੀਂ ਸੀ, ਬਸ 'ਬਿਨ ਮਿਲਿਆ' ਹੀ ਮਿਲਿਆ ਸੀ। ਮੈਂ ਉਦੋਂ ਪੜ੍ਹਦਾ ਸੀ। ਡਾ: ਸੁਭਾਸ਼ ਮਾਨਸਾ ਇੰਦਰਾ ਗਾਂਧੀ ਸਰਕਾਰੀ ਕਾਲਜ ਟੋਹਾਣਾ ਵਿੱਚ ਮੇਰੇ ਅਧਿਆਪਕ ਸੀ ਤੇ ਉਹਨਾਂ ਦੀ ਅਗਵਾਈ ਵਿੱਚ ਉਥੇ 'ਭੱਜੀਆਂ ਬਾਹੀਂ' ਅਤੇ 'ਅੰਨ੍ਹੇ ਨਿਸ਼ਾਨਚੀ' ਨਾਟਕ ਦਾ ਸ਼ੋਅ ਕਰਵਾਇਆ ਸੀ।

ਸੁਭਾਸ਼ ਮਾਨਸਾ ਨੇ ਕਿਹਾ, ਮਿੱਤਰੋ।।ਤੁਹਾਨੂੰ ਨਾਟਕ ਦਿਖਾਉਣੇ ਨੇ।।ਕਮਾਲ ਦੇ ਨਾਟਕ।।ਤੁਸੀਂ ਬੱਸ ਦੇਖਦੇ ਰਹਿ ਜਾ-ਗੇ।।।। ਮੈਂ ਬਚਪਨ ਵਿੱਚ ਕਾਮਰੇਡਾਂ ਦੇ ਬਹੁਤ ਨਾਟਕ ਦੇਖੇ ਸਨ।।ਉਹ ਸਿੱਧੇ ਸਾਦੇ ਉਪੇਰੇ, ਜਿੰਨ੍ਹਾਂ ਵਿਚ ਮੁੱਛਫੁੱਟ ਜਿਹੇ ਮੁੰਡੇ ਹੀ ਔਰਤ ਦਾ ਕਿਰਦਾਰ ਨਿਭਾਉਂਦੇ ਸੀ। ਉਦੋਂ ਉਹ ਨਾਟਕ ਹੀ ਅੱਲੋਕਾਰੀ ਚੀਜ਼ ਲਗਦੇ ਸੀ। ਜਦ ਉਹ ਮੰਡਲੀਆਂ ਨਾਟਕ ਕਰਕੇ ਤੁਰ ਜਾਂਦੀਆਂ ਸਨ ਤਾਂ ਅਸੀਂ ਨਿਆਣੇ 'ਮੀਨ੍ਹਾ-ਮੀਨ੍ਹਾ' ਕਿਸੇ ਸੋਟੀ ਨੂੰ ਜ਼ਮੀਨ ਵਿਚ ਗੱਡ ਕੇ, ਉਸ ਨੂੰ ਮਾਈਕ ਬਣਾ ਕੇ ਥੋੜੇ-ਬਹੁਤੇ ਯਾਦ ਹੋਏ ਟੁੱਟੇ-ਫੁੱਟੇ ਗੀਤਾਂ ਦੇ ਟੁਕੜਿਆਂ ਨੂੰ ਗਾ ਕੇ ਨਾਟਕ ਦਾ ਝੱਸ ਪੂਰਾ ਕਰ ਲੈਂਦੇ ਹੁੰਦੇ ਸੀ। ਸੁਭਾਸ਼ ਮਾਨਸਾ ਦੁਆਰਾ ਦਿੱਤੀ ਸੂਚਨਾ ਸੁਣਨ ਤੋਂ ਬਾਅਦ ਮੈਂ ਆਪਣੇ ਮਨ ਹੀ ਮਨ ਵਿਚ ਉਹਨਾਂ ਨਾਟਕਾਂ ਨਾਲ ਹੁਣ ਹੋਣ ਵਾਲੇ ਨਾਟਕਾਂ ਨੂੰ ਕੰਪੇਅਰ ਕਰਨ ਲੱਗ ਪਿਆ, ਕਿ ਔਲਖ ਸਾਹਿਬ ਦੇ ਨਾਟਕ ਵੀ ਉਹਨਾਂ ਵਰਗੇ ਹੋਣੇ।।'ਕਮਾਲ' ਦੇ। ਪਰ ਜਦ ਉਹ ਦਿਨ ਆਇਆ ਤਾਂ ਗੱਲ ਹੀ ਕੋਈ ਹੋਰ ਸੀ। ਇੱਥੇ ਤਾਂ ਵੱਡੀ ਸਾਰੀ ਟੀਮ ਅਤੇ ਮੰਚ ਤੇ ਪੂਰੀ ਜ਼ਿੰਦਗੀ ਹੀ ਵਿਚਰਦੀ ਦਿਖਾਈ ਦਿੱਤੀ। ਇੰਝ ਲਗਦਾ ਸੀ ਕਿ ਕੋਈ ਮੈਗਾ ਨਾਟਕ ਸ਼ੋਅ ਦੇਖ ਰਹੇ ਹੋਈਏ।

ਅੱਜ ਤੋਂ 32 ਸਾਲ ਪਹਿਲਾਂ ਦਾ ਦੇਖਿਆ ਨਾਟਕ 'ਭੱਜੀਆਂ ਬਾਹਾਂ' ਦੇ ਜਮ੍ਹਾਂ ਪੇਂਡੂ ਰੰਗ ਵਿਚ ਗੜੁੱਚ ਸੀਨ।—ਕਮਾਲ ਦੀ ਪਾਤਰ ਉਸਾਰੀ ਅਤੇ ਭੱਠੇ ਦੀਆਂ ਇੱਟਾਂ ਵਾਂਗ ਖੜਕਦੇ ਡਾਇਲਾਗ ਅੰਦਰ ਉਤਰਦੇ ਜਾਂਦੇ ਸੀ।

ਦੂਜੀ ਵਾਰ ਫੇਰ ਸਤੀਸ਼ ਕੁਮਾਰ ਵਰਮਾ ਸਰ ਨਾਲ ਪੀ ਐਚ ਡੀ ਕਰਦਿਆਂ 1999 ਵਿੱਚ ਸ਼ਾਇਦ।।।ਉਹਨਾਂ ਕੁਝ ਸਵਾਲ ਦੇ ਕੇ ਭੇਜਿਆ ਇੰਟਰਵਿਊ ਲਈ।।

ਉਦੋਂ ਔਲਖ ਸਾਹਿਬ ਨੂੰ ਪਹਿਲੀ ਵਾਰ ਆਹਮੋ-ਸਾਮ੍ਹਣੇ ਬਹਿ ਕੇ ਮਿਲਿਆ ਸੀ।।ਕਈ ਸਵਾਲਾਂ ਦੇ ਜੁਆਬ ਤਾਂ ਔਲਖ ਸਾਹਿਬ ਨੇ ਪੰਡਾਂ ਭਰ ਭਰ ਦਿੱਤੇ ਅਤੇ ਕਿਤੇ ਕਿਤੇ ਜਮ੍ਹਾਂ ਈ ਨਿੱਕੇ ਨਿੱਕੇ ਜੁਆਬ।।ਟਵੰਟੀ-ਟੰਵਟੀ ਕ੍ਰਿਕੇਟ ਵਾਂਗ। ਮੈਂ ਨਾਲੇ ਹੈਰਾਨ ਹੋਈ ਜਾਵਾਂ ਤੇ ਨਾਲੇ ਉਹਨਾਂ ਨੇ ਮੂੰਹ ਵੱਲ ਦੇਖੀ ਜਾਵਾਂ।

ਸੁਆਲ : ਜੀਵਨ ਦੀ ਕੋਈ ਇੱਛਾ?

ਜੁਆਬ : ਮੇਰੇ ਮਰਨ ਤੋਂ ਬਾਅਦ ਮੇਰੀਆਂ ਧੀਆਂ ਵਿੱਚੋਂ ਕੋਈ ਮਿਰਤਕ ਦੇਹ ਨੂੰ ਅਗਨੀ ਦੇਵੇ

ਸੁਆਲ : ਬਚਪਨ ਦੀ ਕੋਈ ਸੁਆਦਲੀ ਗੱਲ

ਜੁਆਬ : ਬਚਪਨ ਆਪਣੇ ਆਪ ਈ ਸੁਆਦਲਾ ਹੁੰਦੈ

ਸੁਆਲ : ਅਗਲੇ ਜਨਮ 'ਚ ਕੀ ਬਣਨਾ ਚਾਹੋਗੇ

ਜੁਆਬ : ਵਿਸ਼ਵਾਸ ਈ ਨੀ ਅਗਲੇ ਜਨਮ 'ਚ

ਸੁਆਲ : ਜਿੰਦਗੀ ਵਿਚ ਕੋਈ ਅਹਿਮ ਵਿਅਕਤੀ

ਜੁਆਬ : ਮੇਰੀ ਬੇਬੇ ਹਰਨਾਮ ਕੁਰ

ਸੁਆਲ : ਕੋਈ ਪੁਰਾਣੀ ਕਵਿਤਾ ਸੁਣਾ ਦਿ-

ਜੁਆਬ : ਊਹੂੰ ।।ਯਾਦ ਨੀ

ਸੁਆਲ : ਭਵਿੱਖ ਦੀ ਯੋਜਨਾ

ਜੁਆਬ : ਘਾਹੀਆਂ ਦੇ ਮੁੰਡੇ ਨੇ ਘਾਹ ਈ ਖੋਤਣਾ।।।ਬਸ ਚਾਰ ਨਾਟਕ ਹੋਰ ਵੱਧ ਕਰ ਲਾਂਗੇ।

ਇਸ ਤੋਂ ਬਾਅਦ ਅਗਲੀਆਂ ਜਿੰਨੀਆਂ ਮੁਲਕਾਤਾਂ ਹੋਈਆਂ ਉਹ ਸਾਰੀਆਂ ਬਾਲ ਨਾਥ ਦੇ ਟਿੱਲੇ ਤੇ ਹੋਈਆਂ। ਕਦੇ ਬੈੱਲ ਮਾਰਨ ਦੀ ਲੋੜ ਨਹੀਂ ਪਈ।।ਬਸ ਦਰਵਾਜ਼ਾ ਖੋਲੋ ਤੇ ਜਾ- ਬਾਲਨਾਥ ਦੇ ਟਿੱਲੇ ਤੇ -ਤੇ ਸੁਣੋ ਬਾਬਿਆਂ ਦੇ ਉਪਦੇਸ਼।

ਫੇਰ ਤਾਂ ਜਦ ਵੀ ਮਾਨਸਾ ਜਾਣਾ, ਬਾਲਨਾਥ ਦੇ ਟਿੱਲੇ ਤੋਂ ਬਿਨਾ ਚੈਨ ਈ ਨਾ ਆਉਣੀ।

ਕਿੰਨੀਆਂ ਹੀ ਮੀਟਿੰਗਾਂ, ਡਿਸਕਸਾਂ, ਪ੍ਰੋਗਰਾਮ ਉਥੇ ਉਲੀਕੇ ਗਏ। ਮਾਨਸਾ ਦਾ ਚਾਰ ਰੋਜ਼ਾ ਪੁਸਤਕ ਮੇਲਾ, ਸ਼ਹੀਦ ਭਗਤ ਸਿੰਘ ਕਲਾ ਮੰਚ ਦੀ ਸਰਪ੍ਰਸਤੀ ਤੋਂ ਬਰਨਾਲੇ ਵਾਲੇ ਸਨਮਾਨ ਤੱਕ।

ਇੱਕ ਦਿਨ ਇੱਕ ਪ੍ਰੋਗਰਾਮ ਸੀ ਫਤਿਆਬਾਦ। ਰਾਮ ਸਰੂਪ ਰਿਖੀ ਦੇ ਨਾਵਲਾਂ ਤੇ।।। ਪ੍ਰੋ: ਅਮਰਜੀਤ ਸਿੰਘ ਹੋਰਾਂ ਦਾ ਦੋ ਕੁ ਦਿਨ ਪਹਿਲਾਂ ਫੋਨ ਆਇਆ ਸੀ ਕਿ ਤੁਸੀਂ ਆਉਣਾ ਹੈ। ਪਰ ਮੈਂ ਜ਼ਰੂਰੀ ਕੰਮ ਕਹਿ ਕੇ ਟਾਲਾ ਵੱਟ ਗਿਆ। ਅਸਲ ਗੱਲ ਇਹ ਸੀ ਕਿ ਐਵੇਂ ਕਿਤੇ ਕਿਤੇ ਈਰਖਾ ਜਿਹੀ ਹੋ ਗਈ ਸੀ। ਉਸ ਪ੍ਰੋਗਰਾਮ ਦੀ ਪ੍ਰਧਾਨਗੀ ਔਲਖ ਸਾਹਿਬ ਨੇ ਕਰਨੀ ਸੀ। ਪਰਚਾ ਨਿਰੰਜਨ ਬੋਹਾ ਨੇ ਪੜ੍ਹਨਾ ਸੀ।।ਮੈਨੂੰ ਲੱਗਾ ਮੈਂ ਤਿੰਨਾਂ 'ਚ ਨਾ ਤੇਰਾਂ 'ਚ।।ਆਪਾਂ ਉਥੇ ਜਾ ਕੇ ਕੀ ਕਰਨਾ? ਇਸ ਲਈ 'ਘੇਸਲ' ਮਾਰ ਗਿਆ। ਪਰ ਹੋਣੀ ਤਾਂ ਹੋ ਕੇ ਰਹਿੰਦੀ ਐ।

ਪ੍ਰੋ: ਔਲਖ ਸਾਹਿਬ ਨੇ ਮਾਨਸਾ ਤੋਂ ਆਪਣੀ ਕਾਰ ਵਿੱਚ ਰਾਮ ਸਰੂਪ ਰਿਖੀ ਨੂੰ ਨਾਲ ਬਿਠਾ ਕੇ ਤੁਰਨਾ ਸੀ ਤੇ ਬੋਹਾ ਤੋਂ ਨਿਰੰਜਨ ਬੋਹਾ ਨੂੰ ਚੁੱਕਣਾ ਸੀ ਤੇ ਮੇਰੇ ਪਿੰਡ ਵਿੱਚ ਦੀ ਹੋ ਕੇ ਫਤਿਆਬਾਦ ਜਾਣਾ ਸੀ। ਦਸ ਕੁ ਵਜੇ ਫੋਨ ਖੜ੍ਹਕਦਾ ਹੈ :

ਦੀਪ, ਕੀ ਹੈ ਹਾਲ।।।ਮੈਂ ਔਲਖ ਬੋਲਦਾਂ

ਮੈਂ ਕਿਹਾ-ਸਰ 'ਕੀ ਹੈ ਹਾਲ' ਕਹਿਣ ਤੋਂ ਬਾਅਦ ਇਹ ਦੱਸਣ ਦੀ ਲੋੜ ਨਹੀਂ ਰਹਿੰਦੀ ਕਿ ਤੁਸੀਂ ਔਲਖ ਬੋਲਦੇ -।।

ਇਹ ਉਹਨਾਂ ਦਾ ਜਾਣਿਆ ਪਛਾਣਿਆ ਤਕੀਆ ਕਲਾਮ ਸੀ, ਜਿਵੇਂ ਦਰਸ਼ਨ ਮਿਤਵਾ ਦੁਆਰਾ 'ਭਾਈ ਜਾਨ' ਕਹਿਣ ਤੋਂ ਹੀ ਉਸ ਦੀ ਪਛਾਣ ਆ ਜਾਂਦੀ ਸੀ।

ਹੱਸ ਕੇ ਕਹਿੰਦੇ : ਦੀਪ- ਤੇਰੇ ਘਰ ਦੇ ਮੂਹਰੇ ਪਹੁੰਚਣ ਆਲੇ ਆਂ। 15 ਕੁ ਮਿੰਟ 'ਚ।।ਆ ਜੀਂ ਬਾਹਰ

ਮੈਂ ਕਿਹਾ ਜੀ ਮੈਂ ਤਾਂ ਜਾਣਾ ਨੀ।।ਕੋਈ ਕੰਮ ਐ

ਕਹਿੰਦੇ ਹੱਦ ਐ ਯਾਰ।।ਅਸੀਂ ਤਿੰਨ ਬੰਦੇ ਆਖੀਂ ਜਾਨੇ ਆਂ।।। ਆਹ ਮੇਰੇ ਨਾਲ ਰਿਖੀ ਤੇ ਬੋਹਾ ਬੈਠੇ ਨੇ।।।ਆਪਾਂ ਜਾਣੈ।।।

ਮੈਨੂੰ ਪਤਾ ਲੱਗ ਗਿਆ ਕਿ ਬੋਹਾ ਨੇ ਪ੍ਰੋ: ਔਲਖ ਸਾਹਿਬ ਦੇ ਮੋਢੇ 'ਤੇ ਰੱਖ ਕੇ ਚਲਾ ਤੀ।।

ਮੈਂ ਆਖਰੀ ਤਰਲਾ ਜਿਹਾ ਮਾਰਿਆ।—ਔਲਖ ਸਾਹਿਬ ਮੈਂ ਤਾਂ।।ਨਾਤ੍ਹਾ-ਨੂਤ੍ਹਾ ਨੀ

ਪਰ ਕਿੱਥੇ ਕੋਈ ਦਲੀਲ ਚਲਦੀ ਐ।।ਕਹਿੰਦੇ-ਯਾਰ ਐਂ ਕੀ ਹੁੰਦਾ।।ਮੈਂ ਤਾਂ ਆਪ ਕਈ-ਕਈ ਦਿਨ ਨੀਂ ਨਹਾਉਂਦਾ। ਤੂੰ ਮੂੰਹ ਹੱਥ ਧੋ ਕੇ ।।ਅਹੋ-ਕੋਈ ਫਸਾ ਲੈ ਝੁੱਗਾ-ਝਾਗਾ ਜਾ।।ਬਸ ਅਸੀਂ ਨਾਲੇ ਦੇ ਪੁਲ ਤੇ ਆ ਗਏ।।

ਹੁਣ ਸਾਰੇ ਹਥਿਆਰ ਚੱਲ ਚੁੱਕੇ ਸੀ ਤੇ ਮੇਰੀ ਕੀ ਮਜ਼ਾਲ ਸੀ ਕਿ ਮੈਂ ਨਾਂਹ ਕਰ ਦਿਆਂ।।ਬਸ ਮੇਰੇ ਝੁੱਗਾ ਫਸਾਉਂਦੇ-ਫਸਾਉਂਦੇ ਕਾਰ ਬੈਠਕ ਦੇ ਬਾਰ ਮੂਹਰੇ ਰੁੱਕ ਗਈ।।ਤੇ ਇਸ ਬਹਾਨੇ 'ਟਿੱਲੇ ਵਾਲੇ ਸਾਧ' ਦੇ ਘਰ ਵਿੱਚ ਚਰਨ ਪੈ ਗਏ ਤੇ ਮੈਂ ਪੂਰਾ ਦਿਨ ਬਾਬਿਆਂ ਤੋਂ 'ਜੋਗ' ਧਾਰਨ ਕਰਦਾ ਰਿਹਾ।

ਉਸ ਤੋਂ ਬਾਅਦ ਤਾ ਉਸ ਬਾਲਨਾਥ ਦੇ ਟਿੱਲੇ ਦੇ ਬਹੁਤ ਸਾਰੇ ਰੰਗ ਦੇਖੇ। ਉਸੇ ਕਮਰੇ ਵਿੱਚ ਪਹਿਲਾਂ ਗੱਜਣ ਸਿੰਘ ਵਰਗਾ ਡਾਂਗ ਵਰਗਾ ਔਲਖ ਦੇਖਿਆ।।ਫਿਰ ਕੰਪਿਊਟਰ ਤੇ ਟਾਈਪ ਕਰਦਾ ਔਲਖ ਦੇਖਿਆ।।।ਫਿਰ ਖੂੰਡੀ ਵਾਲਾ ਔਲਖ ਦੇਖਿਆ।।ਫਿਰ ਮੰਜੇ ਤੇ ਢੋਹ ਲਾ ਕੇ ਪਿਆ ਔਲਖ ਦੇਖਿਆ।।ਫਿਰ ਲੇਟਿਆ ਔਲਖ ਦੇਖਿਆ।।ਪਰ ਕਦੇ ਵੀ ਉਦਾਸ ਤੇ ਨਿਰਾਸ਼ ਔਲਖ ਨਹੀਂ ਦੇਖਿਆ।।ਫਿਰ ਜਦ ਚੰਡੀਗੜ੍ਹ ਫੋਰਟਿਸ ਤੋਂ ਵਾਪਿਸ ਆਇਆ ।।ਤੇ ਉਸ ਦੇ ਤੁਰ ਜਾਣ ਦੀ ਮਨਹੂਸ ਖਬਰ ਸੁਣੀ ਤਾਂ ਉਸੇ ਨੁੱਕਰ ਵਾਲੇ ਕਮਰੇ ਦੇ ਬਾਹਰ ਸ਼ੀਸ਼ਿਆਂ ਵਾਲੇ ਡੱਬੇ ਵਿਚ ਪਿਆ ਔਲਖ ਦੇਖਿਆ।।ਪਰ ਉਦੋਂ ਵੀ ਇੰਝ ਹੀ ਲਗਦਾ ਸੀ ਕਿ ਉਸ ਨੂੰ ਆਖਾਂ।।

ਪ੍ਰੋ: ਸਾਹਿਬ ਸਾਸਰੀਕਾਲ

ਤੇ ਉਹ ਉਵੇਂ ਆਪਣੇ ਸਟਾਈਲ ਵਿੱਚ ਰਿਦਮ ਬਣਾ ਕੇ ਜੁਆਬ ਦੇਵੇ।।। ਸਾਸਰੀਕਾਲ।।ਹਾਂ ਦੀਪ।।ਕੀ ਹੈ ਹਾਲ।।। ਕੀ ਹੈ ਚਾਲ।।

ਉਸ ਦਿਨ ਇਹ ਟਿੱਲਾ ਸੁੰਨਾ ਹੋ ਗਿਆ, ਜਿਸ ਦਿਨ ਇਹ ਮਨਹੂਸ ਖ਼ਬਰ ਆਈ ਕਿ ਪ੍ਰੋ: ਸਾਹਿਬ ਇਸ ਦੁਨੀਆ ਤੋਂ ਚਲੇ ਗਏ। ਭਾਵੇਂ 'ਮਨੀਰਾਮ' ਤਾਂ ਇਹ ਖ਼ਬਰ ਸੁਣਨ ਲਈ ਤਿਆਰ ਹੀ ਸੀ ਕਿਉਂਕਿ ਜਿਸ ਤਰ੍ਹਾਂ ਦੇ ਹਾਲਾਤ ਸੀ, ਉਥੇ ਲਗਭਗ ਸਾਰਿਆਂ ਨੇ ਮਨ ਸਮਝਾ ਲਿਆ ਸੀ ਕਿ ਹੁਣ ਇਹ ਜੋਗੀ 'ਮੁਕਤ' ਹੋਣ ਲੱਗਿਆ ਹੈ। ਫੇਰ ਵੀ ਮਨ ਕਹਿੰਦਾ ਸੀ ਕਿ ਕਾਸ਼ ! ਇੰਝ ਨਾ ਹੋਵੇ।।ਪਰ ਜੇ ਸਾਰੇ 'ਕਾਸ਼' ਪੂਰੇ ਹੋ ਜਾਣ ਤਾਂ ਕਾਹਦੀਆਂ ਗੱਲਾਂ ਨੇ। ਇਹ 'ਕਾਸ਼' ਵੀ ਪੂਰਾ ਨਾ ਹੋ ਸਕਿਆ।

ਸੰਸਕਾਰ ਵਾਲੇ ਦਿਨ ਮੈਂ ਬਹੁਤ ਸਾਝਰੇ ਹੀ ਘਰ ਪਹੁੰਚ ਗਿਆ ਸੀ। ਸ਼ੀਸ਼ਿਆਂ ਦੇ ਨਿੱਕੇ ਜਿਹੇ 'ਘਰ' ਵਿੱਚ ਪਏ ਸੀ ਔਲਖ ਸਾਹਿਬ।।ਆਪਣਾ ਏਨਾ ਵੱਡਾ ਟਿੱਲਾ ਛੱਡ ਕੇ। ਮੇਰੀ ਭੁੱਬ ਨਿਕਲ ਗਈ।।ਮੈਂ ਕੁੱਝ ਦੇਰ ਬੈਠਾ ਰਿਹਾ ਤੇ ਫੇਰ ਉੱਠ ਕੇ ਔਲਖ ਸਾਹਿਬ ਦੇ ਟਿੱਲੇ 'ਤੇ (ਕਮਰੇ ਵਿੱਚ) ਪਹੁੰਚ ਗਿਆ। ਹਰ ਚੀਜ਼ ਗਹੁ ਨਾਲ ਦੇਖੀ। ਬਹੁਤ ਕੁੱਝ ਯਾਦ ਆਇਆ।

ਉਹ ਪੱਲ ਚੇਤੇ ਆਏ ਜਦ ਔਲਖ ਸਾਹਿਬ ਬਹੁਤ ਬੀਮਾਰ ਸੀ। ਪੂਰੀ ਤਰ੍ਹਾਂ ਲੇਟ ਵੀ ਨਹੀਂ ਸਕਦੇ ਸੀ ਅਤੇ ਕਦੇ ਇਸ ਪਾਸੇ ਤੇ ਕਦੇ ਉਸ ਪਾਸੇ ਹੋ ਕੇ ਟਾਈਮਪਾਸ ਕਰਦੇ ਸੀ। ਪਰ ਉਸ ਸਮੇਂ ਵੀ ਡੋਲੇ ਨਹੀਂ ਸੀ। ਹਮੇਸ਼ਾ ਚੜ੍ਹਦੀਆਂ ਕਲਾ ਵਿੱਚ ਸੀ। ਸ਼ਹੀਦ ਭਗਤ ਸਿੰਘ ਕਲਾ ਮੰਚ ਦੇ ਉਸ ਸਾਲ ਦੇ ਮੇਲੇ ਵਿੱਚ ਅਸੀਂ ਫੈਸਲਾ ਕੀਤਾ ਸੀ ਕਿ ਔਲਖ ਸਾਹਿਬ ਦੇ ਜਿਉਂਦੇ ਜੀ ਉਹਨਾਂ ਦੇ ਸਾਮ੍ਹਣੇ ਉਹਨਾਂ ਦੀ ਜ਼ਿੰਦਗੀ ਤੇ ਲਿਖਿਆ ਫੀਚਰ ਦਿਖਾਉਣਾ ਹੈ। ਫੀਚਰ ਲਿਖਿਆ ਗਿਆ। ਰਿਕਾਰਡਿੰਗ ਹੋ ਗਈ। ਅਸੀਂ ਚਾਹੁੰਦੇ ਸੀ ਫੀਚਰ ਖ਼ਤਮ ਹੋਣ ਸਾਰ ਔਲਖ ਸਾਹਿਬ ਮੰਚ ਤੇ ਆਉਣ ਤੇ ਕੁੱਝ ਬੋਲਣ, ਪਰ ਉਸ ਵੇਲੇ ਔਲਖ ਸਾਹਿਬ ਮੰਚ ਤੇ ਆਉਣ ਵਾਲੀ ਸਥਿਤੀ ਵਿੱਚ ਨਹੀਂ ਸੀ। ਕੁੱਝ ਦਿਨ ਸ਼ਸ਼ੋਪੰਜ ਵਿੱਚ ਰਹੇ। ਫਿਰ ਇਹ ਫੈਸਲਾ ਕੀਤਾ ਕਿ ਔਲਖ ਸਾਹਿਬ ਦੇ ਕੁੱਝ ਸ਼ਬਦ ਰਿਕਾਰਡ ਕਰਕੇ ਫੀਚਰ ਦੇ ਵਿੱਚ ਹੀ ਵੀਡੀ- ਦਾ ਪੀਸ ਐਡਿਟ ਕਰ ਕੇ ਜੋੜ ਦਿੱਤਾ ਜਾਵੇ। ਗੁਰਨੈਬ, ਸੰਤੋਖ ਅਤੇ ਗੁਲਾਬ ਨੂੰ ਨਾਲ ਲੈ ਕੇ ਟਿੱਲੇ ਤੇ ਪਹੁੰਚ ਗਏ ਅਤੇ ਔਲਖ ਸਾਹਿਬ ਨੂੰ ਸਾਰੀ ਗੱਲ ਸਮਝਾਈ ਅਤੇ ਔਲਖ ਸਾਹਿਬ ਪਰਨਾ ਠੀਕ ਕਰਕੇ ਬੈਡ ਦਾ ਢਾਸਣਾ ਲਾ ਕੇ ਬੈਠ ਗਏ। ਕਹਿੰਦੇ ਦੀਪ ਸੁਆਲ ਪੁੱਛ ਲੈ, ਫੇਰ ਮੈਂ ਉਹਦਾ ਜੁਆਬ ਦੇ ਦੂੰ।

ਕੈਮਰਾ ਉਹਨਾਂ ਤੇ ਫੋਕਸ ਕੀਤਾ ਅਤੇ ਮੈਂ ਕੈਮਰੇ ਤੋਂ ਪਰ੍ਹੇ ਰਹਿ ਕੇ ਸੁਆਲ ਪੁੱਛਿਆ : ਔਲਖ ਸਾਹਿਬ ਉਮਰ ਦੀ ਇਸ ਸਟੇਜ ਤੇ ਜਦ ਤੁਸੀਂ ਬਹੁਤ ਬਿਮਾਰ ਹੋ, ਕੀ ਮਹਿਸੂਸ ਕਰਦੇ ਹੋ ਤੇ ਮੇਲੇ ਦੇ ਦਰਸ਼ਕਾਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ?

ਔਲਖ ਸਾਹਿਬ ਨੇ ਖੰਘੂਰਾ ਮਾਰ ਕੇ ਜੁਆਬ ਦੇਣਾ ਸ਼ੁਰੂ ਕੀਤਾ :

ਇਸ ਵਕਤ ਭਾਵੇਂ ਮੈਨੂੰ ਇੱਕ ਅਜਿਹੀ ਬਿਮਾਰੀ ਕਾਰਨ ਪਿਛਲੇ ਡੇਢ ਸਾਲ ਤੋਂ ਮੰਜੇ ਤੇ ਪੈਣਾ ਪੈ ਗਿਆ ਹੈ। ਮੇਰੇ ਡਾਕਟਰਾਂ ਨੇ ਵੀ ਮੈਨੂੰ ਸਲਾਹ ਦਿੱਤੀ ਹੈ ਕਿ ਮੈਂ ਆਪਣੇ ਸਰੀਰ ਨੂੰ ਵੱਧ ਤੋਂ ਵੱਧ ਬਚਾ ਕੇ ਰੱਖਾਂ। ਪਰ ਪਿਛਲੇ 40 ਸਾਲਾਂ ਤੋਂ ਰੰਗਮੰਚ ਨਾਲ ਜੁੜਿਆ ਹੋਣ ਕਰਕੇ ਮੇਰੇ ਅੰਦਰ ਹਮੇਸ਼ਾ ਇਸ ਤਰ੍ਹਾਂ ਦਾ ਖਿਆਲ ਪੈਦਾ ਹੁੰਦਾ ਰਹਿੰਦਾ ਕਿ ਮੈਂ ਜਲਦੀ ਤੋਂ ਜਲਦੀ ਤਕੜਾ ਹੋਵਾਂ, ਤਿਆਰ ਹੋਵਾਂ, ਤੇ ਆਪਣਾ ਰੰਗਮੰਚ ਦਾ ਕੰਮ ਸ਼ੁਰੂ ਕਰ ਸਕਾਂ। ਪਿਆ ਪਿਆ ਵੀ ਸੋਚਦਾ ਰਹਿੰਦਾ।।ਕਦੇ ਕਿਸੇ ਨਾਟਕ ਦਾ ਪਲਾਟ ਦਿਮਾਗ ਵਿੱਚ ਆਉਂਦੈ, ਕਦੇ ਕਿਸੇ ਲਿਖੇ ਹੋਏ ਨਾਟਕ ਨੂੰ ਕਰ ਲਵਾਂ ਤੇ ਫਲਾਣਾ ਨਾਟਕ ਤਿਆਰ ਕਰਾਂ।।ਕਿਹੜੇ ਕਿਹੜੇ ਕਲਾਕਾਰਾਂ ਨੂੰ ਲਿਆਵਾਂ।।ਇਸ ਤਰ੍ਹਾਂ ਦੀਆਂ ਗੱਲਾਂ ਮੇਰੇ ਦਿਮਾਗ ਵਿੱਚ ਆਉਂਦੀਆਂ।।ਔਰ ਇਹ ਗੱਲਾਂ ਮੈਨੂੰ ਤਾਕਤ ਬਖ਼ਸ਼ਦੀਆਂ ਨੇ।।ਔਰ ਮੈਂ ਮਾਨਸਿਕ ਤੌਰ ਤੇ ਏਨਾ ਮਜ਼ਬੂਤ ਹੋ ਜਾਨਾ ਕਿ ਮੈਨੂੰ ਲਗਦੈ ਕਿ ਮੈਂ ਜ਼ਰੂਰ ਠੀਕ ਹੋ ਜਾਵਾਂਗਾ। ਥੋੜੇ ਸਮੇਂ ਵਿੱਚ ਹੀ ਮੈਂ ਮੁੜ ਕੇ ਆਪਣੇ ਲੋਕਾਂ ਦੇ ਸਾਮ੍ਹਣੇ।।ਲੋਕਾਂ ਦੇ ਵਿੱਚ ਜਾ ਸਕਾਂਗਾ, ਆਪਣੇ ਨਾਟਕਾਂ ਰਾਹੀਂ, ਆਪਣੇ ਰੰਗਮੰਚ ਰਾਹੀਂ।।ਕਿਉਂਕਿ ਰੰਗਮੰਚ ਹੀ ਮੇਰੀ ਤਾਕਤ ਹੈ।

ਰੰਗਮੰਚ ਰਾਹੀਂ ਜਦੋਂ ਮੈਂ ਕੁੱਝ ਕਰਦਾ ਹਾਂ।।ਆਪਣੇ ਲੋਕਾਂ ਦੇ ਦੁੱਖ ਸੁੱਖਾਂ ਦੀ ਗੱਲ ਕਰਦਾਂ।।ਲੋਕਾਂ ਦੀ ਤਕਦੀਰ ਬਦਲਣ ਦੀ ਗੱਲ ਕਰਦਾਂ ਤਾਂ ਸੱਚਮੁੱਚ ਮੈਨੂੰ ਡਾਕਟਰਾਂ ਦੀਆਂ ਦਵਾਈਆਂ ਨਾਲੋਂ ਇਹ ਸੋਚ ਵੱਧ ਤਕੜਾ ਕਰਦੀ ਐ।।ਔਰ ਮੇਰਾ ਵਿਸ਼ਵਾਸ ਵਧਦੈ ਕਿ ਮੈਂ ਜਲਦੀ ਹੀ ਤਕੜਾ ਹੋਵਾਂ ਤੇ ਮੇਰਾ ਜੋ ਪਹਿਲਾ ਕੰਮ ਹੈ।। ਜੋ ਕੰਮ ਕੁਦਰਤ ਨੇ ਮੇਰੇ ਜ਼ਿੰਮੇ ਲਾਇਆ ਜਾਂ ਮੇਰੀ ਮਾਨਸਿਕਤਾ ਕਰਕੇ ਮੈਂ ਆਪ ਉਸ ਨਾਲ ਜੁੜਿਆ।।।ਰੰਗਮੰਚ ਦਾ ਕੰਮ।।।।ਰੰਗਮੰਚ ਰਾਹੀਂ ਲੋਕਾਂ ਦੀਆਂ ਗੱਲਾਂ ਕਰਨੀਆਂ, ਰੰਗਮੰਚ ਰਾਹੀਂ ਲੋਕਾਂ ਅੰਦਰ ਚੇਤਨਤਾ ਪੈਦਾ ਕਰਨੀ।।ਕਿਰਤੀਆਂ ਪ੍ਰਤੀ, ਮਜ਼ਦੂਰਾਂ ਪ੍ਰਤੀ, ਕਿਸਾਨਾਂ ਪ੍ਰਤੀ ਮੇਰੀ ਜ਼ਿੰਮੇਵਾਰੀ ਨੂੰ ਫੇਰ ਉਸੇ ਤਰ੍ਹਾਂ ਠੀਕ ਢੰਗ ਨਾਲ ਨਿਭਾਅ ਸਕਾਂ ਤੇ ਮੇਰਾ ਵਿਸ਼ਵਾਸ ਹੈ ਕਿ ਮੈਂ ਜ਼ਰੂਰ ਨਿਭਾਉਣ ਲੱਗ ਜਾਵਾਂਗਾ।'

ਔਲਖ ਸਾਹਿਬ ਦੇ ਇਹ ਬੋਲ ਅਮਰ ਬੋਲ ਹਨ।।ਜੋ ਉਸ ਦੀ ਆਤਮਕ ਮਜ਼ਬੂਤੀ ਅਤੇ ਆਪਣੇ ਲੋਕਾਂ ਪ੍ਰਤੀ ਪ੍ਰਤੀਬੱਧਤਾ ਦਾ ਮੂੰਹ ਬੋਲਦਾ ਪ੍ਰਮਾਣ ਹਨ।

ਮੈਂ ਕਮਰੇ 'ਚੋਂ ਫਿਰ ਬਾਹਰ ਆ ਜਾਂਦਾ ਹਾਂ। ਹੌਲੀ ਹੌਲੀ ਲੋਕਾਂ ਦੀ ਭੀੜ ਵਧਦੀ ਹੈ।।ਕਿਸਾਨ।।ਮਜ਼ਦੂਰ।।।ਮੁਲਾਜ਼ਮ।।। ਸਾਹਿਤਕਾਰ।।। ਨਾਟਕਕਾਰ।।। ਰੰਗਕਰਮੀ।।। ਦੁਕਾਨਦਾਰ।।। ਮਿੱਤਰ।। ਦੋਸਤ।।ਰਿਸ਼ਤੇਦਾਰ।।। ਇਕ ਵਿਸ਼ਾਲ ਕਾਫਿਲਾ ਬਣ ਜਾਂਦਾ ਹੈ ਅਤੇ ਅਸੀਂ ਆਪਣੇ ਨਾਇਕ ਨੂੰ ਅੰਤਮ ਵਿਦਾਇਗੀ ਦੇ ਆਉਂਦੇ ਹਾਂ।

ਹੁਣ ਵੀ ਕਦੇ ਕਦਾਈ ਜਦ ਜਾਈਦਾ ਤਾਂ ਸਭ ਤੋਂ ਪਹਿਲਾਂ ਸਿੱਧਾ ਟਿੱਲੇ ਵੱਲ ਹੀ ਜਾਈਦਾ ਤੇ ਲੱਗਦਾ ਹੁੰਦਾ ਹੈ ਕਿ ਟਿੱਲੇ ਵਾਲਾ ਬਾਬਾ ਉਥੇ ਉਂਝ ਹੀ ਪਿਆ ਹੋਏਗਾ।।ਸਾਡੇ ਜਾਣ ਤੇ ਢਾਸਣਾ ਲਾ ਕੇ ਬੈਠੇਗਾ।।ਤੇ ਚੜ੍ਹਦੀ ਕਲਾ ਵਿੱਚ ਬੋਲੇਗਾ।।ਦੀਪ।।ਕੀ ਹੈ ਹਾਲ।।ਕੀ ਹੈ ਚਾਲ।।ਜਾਂ ਫਿਰ ਕੰਬਦੇ ਹੱਥਾਂ ਨਾਲ ਕੋਈ ਨਾਟਕ ਲਿਖ ਰਿਹਾ ਹੋਵੇਗਾ।।ਜਾਂ ਕੋਈ ਮੈਗਜ਼ੀਨ ਪੜ੍ਹ ਰਿਹਾ ਹੋਵੇਗਾ।।ਜਾਂ ਫਿਰ ਟਿੱਲੇ ਵਾਲੇ ਬਾਬੇ ਦੇ ਦੁਆਲੇ ਕੋਈ ਨਾ ਕੋਈ ਮਹਿਫਲ ਲੱਗੀ ਹੋਏਗੀ ਤੇ।।।!!!

ਅੱਜ ਵੀ ਸਾਰਾ ਕੁੱਝ ਉਵੇਂ ਹੈ। ਸਾਡਾ ਟਿੱਲੇ ਵਾਲਾ ਜੋਗੀ ਉਵੇ ਹੀ ਸਾਡੇ ਮਨਾਂ ਵਿਚ ਹੈ ਤੇ ਇਹ ਸਦਾ ਰਹੇਗਾ।।

ਭਲਾ ਟਿੱਲੇ ਵੀ ਕਿਤੇ ਖਤਮ ਹੁੰਦੇ ਨੇ।।?

ਅੱਜ ਉਸ 'ਟਿੱਲੇ ਵਾਲੇ ਸਾਧ' ਨੂੰ ਯਾਦ ਕਰਦਿਆਂ ਮੇਰੇ ਮਨ ਵਿੱਚ ਉਸੱਰਿਆ ਟਿੱਲਾ ਹੋਰ ਉੱਚਾ ਹੋ ਗਿਆ ਹੈ।

ਪੁਰਾਣੀ ਯਾਦਗਾਰੀ ਤਸਵੀਰ: ਕਨੇਡਾ ਦੇ ਸਹਿਰ ਐਡਮੰਟਨ ਵਿਖੇ ਖੱਬੇ ਤੋਂ ਸੱਜੇਂ, ਸਵ: ਇਕਬਾਲ ਰਾਮੂੰਵਾਲੀਆ,ਸਵ: ਅਜਮੇਰ ਔਲਖ, ਡਾਕਟਰ ਸੁਰਿੰਦਰ ਧੰਜਲ ਕੈਮਲੂਪਸ ਅਤੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਹਰਬੰਸ ਬੁੱਟਰ

ਬਾਇਡੇਨ ਦੀ ਆਪਣੀ ਪਾਰਟੀ 'ਚ ਲੋਕਪ੍ਰਿਯਤਾ ਘਟੀ, 2024 ਲਈ ਨਵੇਂ ਚਿਹਰੇ ਦੀ ਭਾਲ

ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ 'ਚ ਨਵੰਬਰ 'ਚ ਹੋਣ ਵਾਲੀਆਂ ਅਹਿਮ ਮੱਧਕਾਲੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਕਿੰਗ ਮੇਕਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤੂਫ਼ਾਨੀ ਮੁਹਿੰਮ ਸਾਹਮਣੇ ਜੋਅ ਬਾਇਡੇਨ ਕਮਜ਼ੋਰ ਸਾਬਤ ਹੋ ਰਹੇ ਹਨ। ਅਮਰੀਕੀ ਰਾਸ਼ਟਰਪਤੀ ਬਾਇਡੇਨ ਦੀ ਡੈਮੋਕ੍ਰੇਟਿਕ ਪਾਰਟੀ ਦੇ 50 ਤੋਂ ਵੱਧ ਸੈਨੇਟਰਾਂ ਅਤੇ ਕਾਊਂਟੀ ਨੇਤਾਵਾਂ ਨਾਲ ਗੱਲਬਾਤ ਵਿੱਚ ਇਹ ਉਭਰ ਕੇ ਸਾਹਮਣੇ ਆਇਆ ਕਿ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਉਨ੍ਹਾਂ ਦੀ ਉਮੀਦਵਾਰੀ ਨੂੰ ਪਾਰਟੀ ਦੇ ਅੰਦਰ ਹੀ ਸਵੀਕਾਰ ਕਰਨਾ ਮੁਸ਼ਕਿਲ ਜਾਪਦਾ ਹੈ। ਮਈ 2022 ਵਿੱਚ ਬਾਇਡੇਨ ਦੀ ਆਪਣੀ ਪਾਰਟੀ ਵਿੱਚ ਪ੍ਰਵਾਨਗੀ ਰੇਟਿੰਗ 9% ਤੋਂ ਘੱਟ ਕੇ ਸਿਰਫ਼ 73% ਰਹਿ ਗਈ। ਅਜਿਹੇ 'ਚ ਪਾਰਟੀ 'ਚ ਨਵੇਂ ਚਿਹਰੇ ਦੀ ਤਲਾਸ਼ ਸ਼ੁਰੂ ਹੋ ਗਈ ਹੈ।

ਡੈਮੋਕਰੇਟਿਕ ਕਮੇਟੀ ਦੇ ਮੈਂਬਰ ਸਟੀਵ ਸਿਮੋਨਾਈਡਜ਼ ਦਾ ਕਹਿਣਾ ਹੈ ਕਿ ਬਾਇਡੇਨ ਨੂੰ ਮੱਧਕਾਲੀ ਚੋਣਾਂ ਤੋਂ ਬਾਅਦ ਹੀ 2024 ਦੀ ਚੋਣ ਨਾ ਲੜਨ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਬਾਇਡੇਨ ਦੇ ਜ਼ਿਆਦਾਤਰ ਫ਼ੈਸਲਿਆਂ 'ਤੇ ਸਵਾਲ ਉਠਾਏ ਜਾ ਰਹੇ ਹਨ। ਚਾਹੇ ਇਹ ਵੱਧ ਟੈਕਸ ਵਸੂਲੀ ਦਾ ਮੁੱਦਾ ਹੋਵੇ, ਕੋਵਿਡ ਕੰਟਰੋਲ ਜਾਂ ਅਫ਼ਗਾਨਿਸਤਾਨ ਦਾ ਮੁੱਦਾ ਹੋਵੇ। ਡੈਮੋਕਰੇਟਿਕ ਕਮੇਟੀ ਦੇ ਬਹੁਤ ਸਾਰੇ ਮੈਂਬਰਾਂ ਦਾ ਮੰਨਣਾ ਹੈ ਕਿ ਬਾਇਡੇਨ ਕੋਲ ਟਰੰਪ ਜਿਹਾ ਜੁਝਾਰੂਪਣ ਨਹੀਂ ਹੈ। ਬਾਇਡੇਨ ਸਾਹਮਣੇ 4 ਮੁੱਖ ਚੁਣੌਤੀਆਂ ਹਨ। ਇਨ੍ਹਾਂ ਵਿੱਚ ਮਹਿੰਗਾਈ ਦਾ ਮੁੱਦਾ ਮੁੱਖ ਹੈ ਜੋ ਪਿਛਲੇ 40 ਸਾਲਾਂ ਵਿੱਚ ਸਭ ਤੋਂ ਵਧ ਹੈ। ਇਸ ਕਾਰਨ ਈਂਧਣ, ਖਾਧ ਸਮੱਗਰੀ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਦੂਜਾ ਕੋਰੋਨਾ ਕਾਰਨ ਵਿਗੜੀ ਅਰਥ-ਵਿਵਸਥਾ ਹੈ। ਤੀਜਾ ਮਾਸ ਸ਼ੂਟਿੰਗ ਦੇ ਮਾਮਲੇ ਵੱਧਣਾ ਹੈ ਕਿਉਂਕਿ ਸਾਰੇ ਰਾਜ ਗੰਨ ਕੰਟਰੋਲ ਮੰਨਣ ਨੂੰ ਤਿਆਰ ਨਹੀਂ। ਚੌਥੀ ਚੁਣੌਤੀ ਗਰਭਪਾਤ ਕਾਨੂੰਨ ਖ਼ਤਮ ਕਰਨਾ ਹੈ ਜਿਸ ਨਾਲ ਵੋਟ ਬੈਂਕ ਖਿਸਕੇਗਾ ਅਤੇ ਲੈਟਿਨੋ-ਗੈਰ ਗੋਰੇ ਵੋਟਰਾਂ ਵਿੱਚ ਨਾਰਾਜ਼ਗੀ ਵਧੇਗੀ।

ਅਗਲੀਆਂ ਚੋਣਾਂ ਤਕ 82 ਸਾਲ ਦੇ ਹੋ ਜਾਣਗੇ ਬਾਇਡੇਨ

ਅਗਲੀਆਂ ਰਾਸ਼ਟਰਪਤੀ ਚੋਣਾਂ ਤਕ ਬਾਇਡੇਨ 82 ਸਾਲ ਦੇ ਹੋ ਜਾਣਗੇ। ਬਾਇਡੇਨ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਉਮਰ 'ਚ ਉਨ੍ਹਾਂ ਲਈ ਟਰੰਪ ਵਰਗੇ ਨੇਤਾ ਖ਼ਿਲਾਫ਼ ਚੋਣ ਲੜਨਾ ਮੁਸ਼ਕਿਲ ਹੋਵੇਗਾ। ਉਂਝ ਬਾਇਡੇਨ ਆਪਣੀ ਉਮੀਦਵਾਰੀ 'ਤੇ ਆਸਾਵਾਦੀ ਬਿਆਨ ਦਿੰਦੇ ਰਹੇ ਹਨ।





ਨਵਾਂ ਚਿਹਰਾ- ਜੈਸਮੀਨ ਕ੍ਰੋਕੇਟ ਦੇ ਸਕਦੀ ਹੈ ਚੁਣੌਤੀ

ਟੈਕਸਾਸ ਦੀ ਪ੍ਰਤੀਨਿੱਧੀ ਜੈਸਮੀਨ ਕ੍ਰੋਕੇਟ (41) ਇੱਕ ਨੌਜਵਾਨ ਕਾਲੇ ਚਿਹਰੇ ਵਜੋਂ ਬਾਇਡੇਨ ਨੂੰ ਚੁਣੌਤੀ ਦੇ ਸਕਦੀ ਹੈ। ਉਹ ਡੈਮੋਕਰੇਟਿਕ ਪਾਰਟੀ ਵਿੱਚ ਨੌਜਵਾਨਾਂ ਦੀ ਭੂਮਿਕਾ ਵਧਾਉਣ ਦੇ ਹੱਕ ਵਿੱਚ ਹੈ। ਉਸ ਦਾ ਕਹਿਣਾ ਹੈ ਕਿ ਨੌਜਵਾਨ ਉਤਸ਼ਾਹ ਨਾਲ ਟਰੰਪ ਦਾ ਮੁਕਾਬਲਾ ਕਰ ਸਕਦੇ ਹਨ।

ਕਮਲਾ ਦੇ ਵਿਰੋਧ 'ਚ ਪਾਰਟੀ ਦੇ ਦਿੱਗਜ਼

ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਕੁਝ ਲੋਕ ਬਾਇਡੇਨ ਦਾ ਉੱਤਰਾਧਿਕਾਰੀ ਮੰਨਦੇ ਹਨ ਪਰ ਉਨ੍ਹਾਂ 'ਤੇ ਕੋਰੋਨਾ ਅਤੇ ਵਿਦੇਸ਼ ਯਾਤਰਾ ਦੌਰਾਨ ਸਰਕਾਰ ਦਾ ਸਹੀ ਸਟੈਂਡ ਨਾ ਦੱਸਣ ਦਾ ਦਸ਼ ਹੈ। ਮਿਨੇਸੋਟਾ ਦੇ ਸੈਨੇਟਰ ਐਮੀ ਕਲੋਬੁਕਰ, ਵਰਮਾਂਟ ਦੇ ਸੈਨੇਟਰ ਬਰਨੀ ਸੈਂਡਰਸ, ਐਲਿਜ਼ਾਬੈੱਥ ਵਾਰੇਨ ਅਤੇ ਕੋਰੀ ਬੁਕਰ ਵਲੋਂ ਕਮਲਾ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਹ ਸਾਰੇ ਆਗੂ ਪਿਛਲੀਆਂ ਚੋਣਾਂ ਵਿੱਚ ਬਾਇਡੇਨ ਦੀ ਉਮੀਦਵਾਰੀ ਦੀ ਦੌੜ ਵਿੱਚ ਹਾਰ ਗਏ ਸਨ। ਉਹ 2024 ਵਿੱਚ ਪਾਰਟੀ ਦੀ ਤਰਫ਼ੋਂ ਦਾਅਵਾ ਕਰਨਗੇ।

ਰਾਸ਼ਟਰਪਤੀ ਬਣਨ ਦੇ ਸ਼ੁਰੂਆਤੀ 6 ਮਹੀਨਿਆਂ ਤਕ ਮਤਲਬ ਪਿਛਲੇ ਸਾਲ ਜਨਵਰੀ ਤੋਂ ਅਗਸਤ ਦੇ ਵਿਚਕਾਰ ਬਾਇਡੇਨ ਦੀ ਇਹ ਰੇਟਿੰਗ ਕਦੇ 50 ਫ਼ੀਸਦੀ ਤੋਂ ਉੱਪਰ ਨਹੀਂ ਗਈ। ਔਸਤ ਦੀ ਗੱਲ ਕਰੀਏ ਤਾਂ ਹੁਣ ਤਕ ਦੇ ਕਾਰਜ ਕਾਲ ਵਿੱਚ ਬਾਇਡੇਨ ਦੀ ਪ੍ਰਵਾਨਗੀ ਰੇਟਿੰਗ 45 ਫ਼ੀਸਦੀ ਅਤੇ ਗੈਰ- ਪ੍ਰਵਾਨਗੀ ਰੇਟਿੰਗ 49 ਫ਼ੀਸਦੀ ਰਹੀ ਹੈ।

ਅਗਸਤ ਦੇ ਬਾਅਦ ਤੋਂ ਇਹ ਰੇਟਿੰਗ ਬਹੁਤ ਤੇਜ਼ੀ ਨਾਲ ਡਿੱਗੀ। ਇਸ ਦੇ 2 ਮੁੱਖ ਕਾਰਨ ਸਨ। ਪਹਿਲਾ-ਅਫ਼ਗਾਨਿਸਤਾਨ ਤੋਂ ਅਮਰੀਕੀ ਫ਼ੌਜਾਂ ਦੀ ਵਾਪਸੀ ਦਾ ਜਲਦਬਾਜ਼ੀ ਵਿੱਚ ਲਿਆ ਗਿਆ ਫ਼ੈਸਲਾ ਅਤੇ ਲਾਪਰਵਾਹੀ। ਦੂਜਾ- ਕੋਵਿਡ ਨਿਯੰਤਰਣ ਅਤੇ ਟੀਕਾਕਰਨ ਦੀਆਂ ਸਾਰੀਆਂ ਖਾਮੀਆਂ। ਹੁਣ ਜਦੋਂ ਮੱਧਕਾਲੀ ਚੋਣਾਂ ਹਨ ਅਤੇ ਟਰੰਪ ਆਪਣਾ ਦਾਅਵਾ ਕਰ ਰਹੇ ਹਨ ਤਾਂ ਬਾਇਡੇਨ ਨੂੰ ਸਾਵਧਾਨ ਰਹਿਣਾ ਪਵੇਗਾ। ਨਹੀਂ ਤਾਂ ਸੈਨੇਟ ਵਿੱਚ ਬਾਇਡੇਨ ਕਾਫ਼ੀ ਕਮਜ਼ੋਰ ਪੈ ਜਾਣਗੇ ਅਤੇ ਸਾਢੇ 3 ਸਾਲ ਬਾਅਦ ਹੋਣ ਵਾਲੀਆਂ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਉਸ ਦੇ ਹੱਥੋਂ ਜਿੱਤ ਖੋਹ ਲਵੇਗੀ। ਕਨੈਕਟੀਕਟ ਦੇ ਸੈਨੇਟਰ ਕ੍ਰਿਸ ਮਰਫ਼ੀ ਡੈਮੋਕ੍ਰੇਟਿਕ ਪਾਰਟੀ 'ਤੇ ਆਪਣੀ ਪਕੜ ਮਜ਼ਬੂਤ ਕਰ ਰਹੇ ਹਨ। 2024 ਦੀਆਂ ਚੋਣਾਂ ਵਿੱਚ ਉਨ੍ਹਾਂ ਦੀ ਉਮੀਦਵਾਰੀ ਮਜ਼ਬੂਤ ਮੰਨੀ ਜਾ ਰਹੀ ਹੈ। ਮੰਨਿਆ ਜਾਂਦਾ ਹੈ ਕਿ ਮਰਫ਼ੀ ਨੇ ਬਾਇਡੇਨ ਦੇ ਬੰਦੂਕ ਕੰਟਰੋਲ ਬਿੱਲ ਨੂੰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

ਉਸ ਨੇ ਆਪਣੀ ਮੌਤ ਦਾ ਗਾਣਾ ਆਪ ਗਾਇਆ

ਕਮਲਦੀਪ ਸਿੰਘ ਬਰਾੜ

ਮਾਨਸਾ ਚੋਂ ਟਿੱਬੇ ਲਗਭੱਗ ਖਤਮ ਹੋ ਚੁੱਕੇ ਨੇ। ਪਰ ਸਿੱਧੂ ਮੂਸੇਆਲੇ ਨੇ ਆਪਣੀ ਕਲਾ ਰਾਹੀਂ ਖਤਮ ਹੋ ਚੁੱਕੇ ਟਿੱਬਿਆਂ ਨੂੰ ਦੁਨੀਆਂ ਦੇ ਨਕਸ਼ੇ 'ਤੇ ਦੁਬਾਰਾ ਲਿਆ ਕੇ ਖੜਾ ਕਰਤਾ। ਲੋਕ ਬਾਹਰ ਜਾ ਕੇ ਵਾਪਸ ਆਉਣਾ ਭੁੱਲ ਗਏ। ਸਿੱਧੂ ਆਪਣੇ ਪਿੰਡ ਆ ਕੇ ਵਸ ਗਿਆ। ਦੁਨੀਆਂ ਦੀ ਇੱਕ ਹੀ ਆਰਥਿਕ ਨੀਤੀ ਹੈ। ਜਿੱਥੇ ਹੋ ਸਕੇ ਫੈਕਟਰੀਆਂ ਲਾ ਦਿਉ। ਪਰ ਪੰਜਾਬ ਵਿੱਚ ਹਾਲੇ ਵੀ ਪੱਛੜੇ ਲੋਕ ਨੇ ਜੋ ਇਸ ਨੂੰ ਫੈਕਟਰੀ ਬਣਨ ਤੋਂ ਰੋਕਣਾ ਚਾਹੁੰਦੇ ਨੇ ਤੇ ਟਿੱਬਿਆਂ ਨੂੰ ਚੇਤਿਆਂ ਚੋਂ ਵਿਸਾਰਨਾ ਨਹੀਂ ਚਾਹੁੰਦੇ। ਪੰਜਾਬ ਬੋਰਡ ਦੀ ਚੌਥੀ ਦੀ ਕਿਤਾਬ 'ਚ ਲਿਖਿਆ ਹੁੰਦਾ ਸੀ। ਮਾਨਸਾ ਤੇ ਬਠਿੰਡਾ ਪੰਜਾਬ ਦੇ ਪੱਛੜੇ ਇਲਾਕੇ ਨੇ। ਸਿੱਧੂ ਨੇ ਇਨਾਂ ਪੱਛੜਿਆਂ ਦਾ ਗੀਤ ਗਾਇਆ।ਸਿੱਧੂ ਮੂਸੇਵਾਲਾ ਨੇ ਭਲਾ ਮਿਥਿਆ ਨਾ ਹੋਵੇ। ਪਰ ਉਹ ਪੰਜਾਬ ਦੀ ਪੱਛੜੀ ਸੋਚ ਦਾ ਗਲੋਬਲ ਬਰੈਂਡ ਹੈ। ਸਲੋ ਮੋਸ਼ਨ 'ਚ ਟਰੈਕਟਰਾਂ ਤੇ ਹਲਾਂ ਦੀ ਵੀਡੀਉ ਕੌਣ ਬਣਾਉਂਦਾ ਸੀ ਭਲਾ। ਸਕੂਲਾਂ ਕਾਲਜਾਂ ਨੇ ਖੇਤੀ ਬਾਰੇ ਮੁੰਡਿਆਂ ਦੇ ਮਨਾਂ 'ਚ ਹੀਣਤਾ ਭਰਤੀ। ਇਸ ਹੀਣਤਾ ਨੂੰ ਗੀਤਾਂ ਰਾਹੀਂ ਚਨੌਤੀ ਦੇਣਾ ਰਵਿਲਿਊਸ਼ਨ ਹੀ ਸੀ। ਉਸ ਨੇ ਆਪਣੇ ਇੱਕ ਗੀਤ ਵਿੱਚ ਕਿਹਾ ਵੀ ਸੀ। ਉਸਦਾ ਕੁਦਰਤੀ ਮੁਹਾਨ ਪੰਜਾਬ ਵੱਲ ਸੀ। ਨਾਬਰੀ ਵੱਲ ਸੀ। ਉਸ ਨੇ ਪੱਛੜੀ ਗੱਲ ਕਰਨੀ ਸੀ। ਉਹ ਗੱਲ ਜਿਸ ਵਿੱਚ ਮੌਤ ਦਾ ਜਸ਼ਨ ਸੀ। ਹਥਿਆਰਾਂ ਦੀ ਮਹਿਮਾਂ। ਜਿਉਣੇ ਤੇ ਸੁੱਚੇ ਦੀ ਗਾਥਾ। ਉਸ ਨੇ ਬਣੇ ਬਣਾਏ ਖਾਕਿਆਂ ਨੂੰ ਤੋੜ ਕੇ ਇੱਕ ਅਰਾਜਕਤਾ ਫੈਲਾ ਦਿੱਤੀ। ਇਸ ਕਰਕੇ ਉਹ ਜਿਆਦਾ ਪੜਿਆਂ ਲਿਖਿਆਂ ਦਾ ਪਸੰਦੀਦਾ ਨਹੀਂ ਸੀ। ਉਸ ਦੇ ਫੈਨ ਸਿਰਫ ਜੱਟਾਂ ਦੇ ਕਾਕੇ ਨਹੀਂ ਸਨ। ਉਸ ਦੇ ਸਿਵਿਆਂ 'ਚ ਜਾਂਦੇ ਕੱਠ 'ਚ ਉਹ ਮਿਹਨਤੀ ਲੋਕ ਸਨ ਜੋ ਮੁੜਕੇ ਦੇ ਮੁਸ਼ਕ ਨੂੰ ਸਹਾਰ ਸਕਦੇ ਸੀ। ਦੁਨੀਆਂ 'ਚ ਇੱਕ ਹੀ ਤਰਾਂ ਦਾ ਪ੍ਰੋਪੇਗੰਡਾ ਚੱਲ ਰਿਹਾ। ਉਸ ਦੀ ਗਾਇਕੀ ਵਿੱਚੋਂ ਜਗੀਰੂ ਮਾਨਸਿਕਤਾ, ਹੈਂਕੜ ਤੇ ਮਰਦਾਨਵੀ ਧੌਂਸ ਨੂੰ ਲੱਭਦੇ ਬੁੱਧੀਜੀਵੀ ਉਸੇ ਪ੍ਰੋਪੇਗੰਡੇ ਨੂੰ ਅੱਗੇ ਵਧਾਉਂਦੇ ਨੇ। ਇਸ ਪ੍ਰੋਪੇਗੰਡੇ ਦਾ ਮਕਸਦ ਲੋਕਾਂ ਦੀਆਂ ਸਾਰੀਆਂ ਅੱਡਰੀਆਂ ਪਛਾਣਾਂ ਖਤਮ ਕਰਕੇ ਮਨੁੱਖੀ ਦੇਹ ਨੂੰ ਸਿਰਫ ਅਧਾਰ ਕਾਰਡ ਦੇ ਨੰਬਰ ਨਾਲ ਪ੍ਰਭਾਸ਼ਿਤ ਕਰਨਾ ਹੈ। ਮੂਸੇ ਵਾਲਾ ਸਹਿਜ ਸੁਭਾਅ ਉਸ ਪ੍ਰੋਪੇਗੰਡੇ ਦੇ ਦੂਜੇ ਪਾਸੇ ਜਾ ਖਲੋਤਾ। ਉਸ ਦੇ ਸਰੋਤੇ ਵੀ ਉਸੇ ਸੁਭਾਅ ਚੋਂ ਨਿਕਲੇ ਨੇ। ਜਿੰਨਾ ਨੂੰ ਜਿਆਦਾ ਪਤਾ ਨਹੀਂ ਕਿ ਮੂਸੇ ਵਾਲਾ ਕੀ ਗਾ ਰਿਹਾ ? ਕਿਉਂ ਗਾ ਰਿਹਾ ? ਸ਼ਾਇਦ ਮੂਸੇ ਆਲੇ ਨੂੰ ਵੀ ਨਹੀਂ ਪਤਾ ਸੀ। ਪਰ ਉਨਾਂ ਦੀਆਂ ਰਗਾਂ ਅੰਦਰ ਵਗਦੇ ਖੂਨ ਵਿਚਲਾ

ਕੋਈ ਦੈਵੀ ਤੱਤ ਮੂਸੇਆਲੇ ਤੇ ਉਸ ਦੇ ਸਰੋਤਿਆਂ ਨੂੰ ਇਕਮਿੱਕ ਕਰ ਦਿੰਦਾ ਸੀ। ਇਹ ਉਹੀ ਤੱਤ ਹੋਵੇਗਾ ਜਿਸ ਚੋਂ ਪੰਜਾਬ ਦਾ ਖੂਨ ਬਣਿਆ ਤੇ ਜਿਹੜਾ ਤੱਤ ਖਤਮ ਕਰਨ ਵਾਸਤੇ ਯੂਨੀਵਰਸਟੀਆਂ ਦਾ ਜੋਰ ਲੱਗਿਆ ਹੋਇਆ। ਪਰ ਫੇਰ ਕੋਈ ਮੂਸੇਆਲਾ ਉਗਰ ਆਉਂਦਾ। ਪਰ ਮਰ ਕੇ ਵੀ ਮੂਸੇਵਾਲਾ ਉਸ ਪ੍ਰੋਪੇਗੰਡੇ ਨੂੰ ਖਤਰਾ ਬਣਿਆ ਰਹੂ ਜਿਸ ਵਿੱਚ ਗੁਰਦਾਸ ਮਾਨ ਟਾਈਪ ਬੁੱਧੀਜੀਵੀ ਜਿਉਂਦੇ ਜਿਉਂ ਸਮਾ ਗਏ। ਜਿਉਂਦਾ ਬੰਦਾ ਚੰਗਾ ਵੀ ਕਰਦਾ ਤੇ ਮਾੜਾ ਵੀ। ਮੂਸੇਵਾਲੇ 'ਚ ਜੇ ਕੋਈ ਕਮੀ ਰਹਿ ਗਈ ਸੀ ਤਾਂ ਉਸਦੀ ਮੌਤ ਨੇ ਪੂਰੀ ਕਰਤੀ। ਉਸ ਨੂੰ ਮੂੰਹੋਂ ਮੰਗੀ ਮੌਤ ਮਿਲੀ। ਉਸ ਨੇ ਆਪਣੀ ਮੌਤ ਦਾ ਗਾਣਾ ਆਪ ਗਾਇਆ। ਐਨੀ ਛੋਟ ਕਿਹਨੂੰ ਮਿਲਦੀ ਆ ? ਕੋਈ ਸ਼ੱਕ ਨਹੀਂ ਵਡੇਰਿਆਂ ਨੂੰ ਮੱਥਾ ਟੇਕਣ ਆਲੇ ਉਸ ਨੂੰ ਵੱਡਾ ਸਮਝ ਕੇ ਪੂਜਣਗੇ।

‘ਮਾਹੀ ਮੇਰਾ ਨਿੱਕਾ ਜਿਹਾ’ ਦਾ ਨਿਰਦੇਸ਼ਕ ਬਣਿਆ ‘ਸਤਿੰਦਰ ਦੇਵ’

ਸੁਰਜੀਤ ਜੱਸਲ
9814607737

ਸਤਿੰਦਰ ਸਿੰਘ 'ਦੇਵ' ਪੰਜਾਬੀ ਸਿਨਮੇ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜਿਆ ਪਰਦੇ ਪਿੱਛੇ ਦਾ ਤਕਨੀਕੀ ਕਲਾਕਾਰ ਹੈ ਜਿਸਨੇ ਬਤੌਰ ਸਹਾਇਕ ਨਿਰਦੇਸ਼ਕ ਅਨੇਕਾਂ ਫ਼ਿਲਮਾਂ ਲਈ ਆਪਣਾ ਯੋਗਦਾਨ ਪਾਇਆ। ਸਤਿੰਦਰ ਦੇਵ ਨੇ ਰਵਿੰਦਰ ਪੀਪਟ, ਸਿਤਿਜ਼ ਚੌਧਰੀ ਅਤੇ ਸਮੀਪ ਕੰਗ ਵਰਗੇ ਸੁਲਝੇ ਹੋਏ ਨਿਰਦੇਸ਼ਕਾਂ ਨਾਲ ਕੰਮ ਕਰਕੇ ਆਪਣਾ ਗਿਆਨ ਵਧਾਇਆ ਹੈ। ਇੰਨੀ੍ਹ ਦਿਨੀਂ ਸਤਿੰਦਰ ਦੇਵ ਬਤੌਰ ਨਿਰਦੇਸ਼ਕ ਆਪਣੀ ਪਲੇਠੀ ਪੰਜਾਬੀ ਫ਼ਿਲਮ 'ਮਾਹੀ ਮੇਰਾ ਨਿੱਕਾ ਜਿਹਾ' ਲੈ ਕੇ ਆ ਰਿਹਾ ਹੈ। ਰੰਜੀਵ ਸਿੰਗਲਾ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਹ ਫ਼ਿਲਮ 3 ਜੂਨ ਨੂੰ ਰਿਲੀਜ਼ ਹੋਵੇਗੀ। ਸਤਿੰਦਰ ਦੇਵ ਨੇ ਗੱਲਬਾਤ ਕਰਦਿਆਂ ਕਿਹਾ ਬਤੌਰ ਨਿਰਦੇਸ਼ਕ ਇਹ ਉਸਦੀ ਪਹਿਲੀ ਫ਼ਿਲਮ ਹੈ ਜੋ ਕਾਮੇਡੀ ਭਰਪੂਰ ਰੁਮਾਂਟਿਕ ਫ਼ਿਲਮ ਹੈ। ਇਸ ਫ਼ਿਲਮ ਦੀ ਕਹਾਣੀ ਸਾਡੇ ਸਮਾਜ ਦਾ ਹਿੱਸਾ ਹੈ ਜਿਸਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਪੇਸ਼ ਕੀਤਾ ਹੈ। ਅਕਸਰ ਵੇਖਿਆ ਗਿਆ ਹੈ ਕਿ ਆਮ ਜਿੰਦਗੀ ਵਿੱਚ ਲੋਕ ਕਿਸੇ ਦੇ ਕੱਦ, ਰੰਗ ਰੂਪ ਪਹਿਰਾਵੇ ਆਦਿ ਨੂੰ ਲੈ ਕੇ ਟਿੱਚਰ ਜਾਂ ਮਜ਼ਾਕ ਕਰਦੇ ਹਨ। ਇਸ ਰਾਹੀਂ ਵਿਖਾਇਆ ਗਿਆ ਹੈ ਕਿ ਕਿਸੇ ਵੀ ਇੰਨਸਾਨ ਦੀ ਪਛਾਣ ਉਸਦੇ ਗੁਣਾਂ ਤੋਂ ਹੁੰਦੀ ਹੈ ਨਾ ਕਿ ਕੱਦ ਕਾਠ ਜਾਂ ਉਸਦੀ ਸਰੀਰਕ ਦਿੱਖ ਤੋਂ..। ਇਸ ਫ਼ਿਲਮ ਦੀ ਕਹਾਣੀ ਇੱਕ ਮਧਰੇ ਕੱਦ ਦੇ ਬੰਦੇ ਅਧਾਰਤ ਹੈ।

ਆਪਣੇ ਕਲਾ ਸਫ਼ਰ ਬਾਰੇ ਗੱਲ ਕਰਦਿਆਂ ਸਤਿੰਦਰ ਸਿੰਘ ਦੇਵ ਨੇ ਕਿਹਾ ਕਿ "ਉਹ ਹਰਿਆਣਾ ਦੇ ਪ੍ਰਸਿੱਧ ਕੁਰਕੂਸ਼ੇਤਰ ਜਿਲ੍ਹੇ ਦੇ ਲਾਡਵਾਂ ਸ਼ਹਿਰ ਤੋਂ ਹੈ। ਫ਼ਿਲਮਾਂ ਵੱਲ ਆਉਣ ਤੋਂ ਪਹਿਲਾਂ ਕਾਲਜ ਪੜ੍ਹਦਿਆਂ ਪੰਜਾਬੀ ਸਿੰਗਰਾਂ ਹਰਭਜਨ ਮਾਨ, ਦਲੇਰ ਮਹਿੰਦੀ ਆਦਿ ਦੇ ਲਾਇਵ ਸ਼ੋਅ ਵੇਖਣ ਦਾ ਸ਼ੌਕ ਸੀ। ਉਸਦੇ ਪਿਤਾ ਸਵ ਰਣਜੀਤ ਸਿੰਘ ਜੀ ਕਿਸੇ ਵੇਲੇ ਰਾਜ ਕਪੂਰ ਦੇ ਬਹੁਤ ਵੱਡੇ ਫੈਨ ਸੀ। ਉਹ ਅਕਸਰ ਫ਼ਿਲਮੀ ਹਸਤੀਆਂ ਨੂੰ ਮਿਲਣ ਦੇ ਇਛੁੱਕ ਰਹੇ। ਪਿਤਾ ਜੀ ਵਾਂਗ ਇੱਕ ਵਾਰ ਹਰਭਜਨ ਮਾਨ ਦੇ ਸ਼ੋਅ ਦੌਰਾਨ ਮੈਂ ਵੀ ਰਵਿੰਦਰ ਪੀਪਟ ਜੀ ਨੂੰ ਮਿਲਿਆ ਜਿੰਨ੍ਹਾਂ ਤੋਂ ਪ੍ਰਭਾਵਿਤ ਹੁੰਦਿਆਂ ਮੈਂ ਵੀ ਫ਼ਿਲਮ ਖੇਤਰ ਵੱਲ ਆਉਣ ਦਾ ਮਨ ਬਣਾਇਆ ਤੇ ਉਨ੍ਹਾਂ ਨੂੰ ਆਪਣਾ ਉਸਤਾਦ-ਗੁਰੂ ਮੰਨ ਲਿਆ। ਉਨ੍ਹਾਂ ਮੈਂਨੂੰ ਫ਼ਿਲਮ 'ਯਾਰਾਂ ਨਾਲ ਬਹਾਰਾਂ' ਅਤੇ 'ਵਾਰਿਸ ਸ਼ਾਹ' ਫ਼ਿਲਮਾਂ ਵਿੱਚ ਬਤੌਰ ਟਰੇਨੀ ਸ਼ਾਮਿਲ ਕਰਕੇ ਫ਼ਿਲਮ ਖੇਤਰ ਨਾਲ ਜੋੜਿਆ। ਮੇਰੀ ਲਗਨ ਅਤੇ ਮੇਹਨਤ ਨੂੰ ਵੇਖਦਿਆਂ ਉਨ੍ਹਾਂ ਮੈਨੂੰ ਆਪਣੀ ਅਗਲੀ ਫ਼ਿਲਮ ਆਪਣੀ ਬੋਲੀ ਆਪਣਾ ਦੇਸ਼ ਵਿੱਚ ਬਤੌਰ 'ਏ ਡੀ' ਕੰਮ ਕਰਨ ਦਾ ਮੌਕਾ ਦਿੱਤਾ। ਉਸ ਤੋਂ ਬਾਅਦ ਰਵਿੰਦਰ ਪੀਪਟ ਜੀ ਨਾਲ'ਪੰਜਾਬ ਬੋਲਦਾ ,ਵੈਲਕਮ ਟੂ

ਪੰਜਾਬ,ਪਤਾ ਨੀਂ ਰੱਬ ਕਿਹੜਿਆਂ ਰੰਗਾਂ ਵਿੱਚ ਰਾਜੀ' ਫ਼ਿਲਮਾਂ ਤੋਂ ਇਲਾਵਾ ਇੱਕ ਮੈਗਾ ਲੜੀਵਾਰ 'ਜਿਊਗੀ 'ਵੀ ਕੀਤਾ, ਜਿਸਦੀਆਂ ਕਿਸ਼ਤਾਂ ਡੇਢ ਸਾਲ ਤੱਕ ਚੱਲੀਆਂ। ਰਵਿੰਦਰ ਪੀਪਟ ਜੀ ਤੋਂ ਬਹੁਤ ਕੁਝ ਸਿੱਖਿਆ ਜਿਸਦੀ ਬਦੌਲਤ ਪੰਜਾਬੀ ਸਿਨਮੇ ਦੇ ਨਾਮੀਂ ਨਿਰਦੇਸ਼ਕ ਸਿਤਿਜ਼ ਚੌਧਰੀ ਨਾਲ ਬਤੌਰ ਚੀਫ਼ ਅਸਿਸਟੈਂਟ ਯਾਰਾਂ ਓ ਦਿਲਦਾਰਾਂ ਕੀਤੀ ਫਿਰ ਸਮੀਪ ਕੰਗ, ਗਿੱਪੀ ਗਰੇਵਾਲ ਨਾਲ 30 ਤੋਂ ਵੱਧ ਫ਼ਿਲਮਾਂ ਕੀਤੀਆਂ। ਪੰਜਾਬੀ ਤੋਂ ਇਲਾਵਾ ਉਸਨੇ ਅਕਸ਼ੇ ਕੁਮਾਰ ਦੀ ਬਾਲੀਵੁੱਡ ਫ਼ਿਲਮ 'ਸਿੰਘ ਇਜ਼ ਬਲਿੰਗ' ਵੀ ਕੀਤੀ। ਇੰਡਸਟਰੀ ਦੇ ਹਰੇਕ ਨਿਰਦੇਸ਼ਕ ਤੋਂ ਉਸਨੇ ਹਮੇਸ਼ਾਂ ਸਿੱਖਿਆ ਹੀ ਹੈ। ਸੱਭ ਨੇ ਬਹੁਤ ਪਿਆਰ ਦਿੱਤਾ ਹੈ ਜਿੰਨ੍ਹਾ ਦੇ ਆਸ਼ੀਰਵਾਦ ਸਦਕਾ ਅੱਜ ਮੈਂ 'ਮਾਹੀ ਮੇਰਾ ਨਿੱਕਾ ਜਿਹਾ' ਫ਼ਿਲਮ ਨਾਲ ਡਾਇਰੈਕਟਰ ਵਜੋਂ ਕਰਨ ਦੇ ਕਾਬਲ ਹੋਇਆ ਹਾਂ। ਇਸ ਤੋਂ ਪਹਿਲਾਂ ਇੱਕ ਸ਼ਾਰਟ ਫ਼ਿਲਮ 'ਇੱਕ ਹੋਰ ਜੰਨਤ ' ਵੀ ਕੀਤੀ ਜਿਸਨੂੰ ਬਹੁਤ ਪਿਆਰ ਮਿਲਿਆ। 'ਮਾਹੀ ਮੇਰਾ ਨਿੱਕਾ ਜਿਹਾ' ਵੀ ਕਮਾਲ ਦੀ ਫ਼ਿਲਮ ਹੈ ਜੋ ਦਰਸ਼ਕਾਂ ਦਾ ਖੂਬ ਮਨੋਰੰਜਨ ਕਰੇਗੀ"।

ਇਸ ਫ਼ਿਲਮ ਦਾ ਨਿਰਮਾਤਾ ਰੰਜੀਵ ਸਿੰਗਲਾ ਹੈ ਜੋ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਸਿਨਮੇ ਨਾਲ ਜੁੜਿਆ ਸਫ਼ਲ ਨਿਰਮਾਤਾ ਹੈ, ਜਿਸਨੇ 'ਲਾਵਾਂ ਫੇਰੇ, ਮਿੰਦੋ ਤਸੀਲਦਾਰਨੀ, ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ' ਅਤੇ 'ਹੇਟਰਜ਼' ਵਰਗੀਆਂ ਚੰਗੀਆਂ ਫ਼ਿਲਮਾਂ ਦਾ ਨਿਰਮਾਣ ਕੀਤਾ ਹੈ। 'ਮਾਹੀ ਮੇਰਾ ਨਿੱਕਾ' ਜਿਹਾ ਫ਼ਿਲਮ ਵੀ 'ਰੰਜੀਵ ਸਿੰਗਲਾ' ਪ੍ਰੋਡਕਸ਼ਨ ਦੇ ਬੈਨਰ ਵਲੋਂ ਬਣਾਈ ਗਈ ਹੈ। ਜੋ ਇਕ ਮਧਰੇ ਕੱਦ ਦੇ ਵਿਅਕਤੀ ਦੇ ਜੀਵਨ ਅਧਾਰਤ ਰੁਮਾਂਟਿਕ ਅਤੇ ਕਾਮੇਡੀ ਨਾਲ ਜੁੜੀ ਕਮਾਲ ਦੀ ਕਹਾਣੀ ਹੈ। ਫ਼ਿਲਮ 'ਚ ਪੁਖਰਾਜ ਭੱਲਾ, ਹਸ਼ਨੀਨ ਚੌਹਾਨ, ਜਸਵਿੰਦਰ ਭੱਲਾ, ਅਨੀਤਾ ਦੇਵਗਨ, ਸੀਮਾ ਕੌਸ਼ਲ, ਕਰਨਵੀਰ ਦਿਓਲ,ਸੁੱਖੀ ਚਹਿਲ, ਏਕਤਾ ਖੇੜਾ, ਹਨੀ ਮੱਟੂ, ਜੱਗੀ ਧੂਰੀ, ਅਸ਼ੋਕ ਪਾਠਕ, ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ 'ਜਗਦੇਵ ਸੇਖੋਂ'' ਨੇ ਲਿਖੀ ਹੈ। ਸਕਰੀਨਪਲੇਅ ਅਮਨ ਸਿੱਧੂ ਤੇ ਸੰਵਾਦ ਭਿੰਦੀ ਤੋਲਾਵਾਲ ਤੇ ਅਮਨ ਸਿੱਧੂ ਨੇ ਲਿਖੇ ਹਨ। ਇਸ ਫ਼ਿਲਮ ਦੇ ਨਿਰਮਾਤਾ ਰੰਜੀਵ ਸਿੰਗਲਾ ਹਨ ਤੇ ਰਾਜੇਸ਼ ਗੋਇਲ ,ਨਵਨੀਤ ਗੋਇਲ, ਅੰਕਿਤ ਜਿੰਦਲ ਅਤੇ ਐਡਵੋਕੇਟ ਰਮਨ ਗੋਇਲ ਸਹਿ ਨਿਰਮਾਤਾ ਹਨ। ਇਸ ਫ਼ਿਲਮ ਦੇ ਐਗਜ਼ੀਕਿਊਟਿਰ ਪ੍ਰੋਡਿਊਸਰ ਤੇ ਰਾਜਿੰਦਰ ਕੁਮਾਰ ਗਾਗਾਹਰ ਤੇ ਇੰਦਰ ਬਾਂਸਲ ਕਰੇਟਿਵ ਪ੍ਰੋਡਿਊਸਰ ਹਨ।

3 ਜੂਨ ਨੂੰ ਰਿਲੀਜ਼ ਹੋਈ ਇਸ ਫ਼ਿਲਮ ਨੂੰ ਦਰਸ਼ਕਾਂ ਵਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਆਸ ਕਰਦੇ ਹਾਂ ਕਿ ਸਤਿੰਦਰ ਦੇਵ ਦਾ ਨਿਰਦੇਸ਼ਨ ਦੇ ਖੇਤਰ ਵਿੱਚ ਰੱਖਿਆ ਕਦਮ ਉਸਨੂੰ ਸਫਲਤਾ ਦੀਆਂ ਮੰਜਲਾਂ ਵੱਲ ਲੈ ਕੇ ਜਾਵੇਗਾ।

ਸੜਕ ਕਿਨਾਰੇ ਪਏ ਬੇਘਰ ਮਰੀਜ਼ ਦੇ ਪੱਟੀ ਕਰਦੇ ਹੋਏ ਡਾ. ਮਾਂਗਟ (ਲੇਖਕ)

ਲੇਖਕ: ਡਾ. ਨੌਰੰਗ ਸਿੰਘ ਮਾਂਗਟ, ਜਿਹਨਾਂ ਵੱਲੋਂ ਸਥਾਪਿਤ ਕੀਤੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਸਰਾਭਾ) ਵਿੱਚ ਦੋ ਸੌ (200) ਦੇ ਕਰੀਬ ਅਪਾਹਜ, ਨੇਤਰਹੀਣ, ਅਧਰੰਗ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ., ਕੈਂਸਰ ਆਦਿ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ। ਇੰਡੀਆ (ਵਟਸਅੱਪ):95018-42506, ਕੈਨੇਡਾ : 403-401-8787

ਦਰਵੇਸ਼ ਦੀ ਪੁਕਾਰ

ਜੀਣਾ ਹੁਕਮੇ ਦੀਨਤਾ ਦਾਨ ਦੇਵੀਂ, ਸ਼ਾਂਤ ਸਹਿਜ ਤੇਰੇ ਗੁਣ ਗਾਈ ਜਾਵਾਂ ।

ਮੂਲ ਦਇਆ ਏ ਧਰਮ ਦਾ ਕਹੇ ਬਾਣੀ, ਰੋਜ ਪਰਉਪਕਾਰ ਕਮਾਈ ਜਾਵਾਂ ।

ਤੱਕਾਂ ਜੋਤ ਸੋਇ ਵਿੱਚ ਸਾਰਿਆਂ ਦੇ, ਸੇਵਾ ਕਰਦਾ ਸ਼ੁਕਰ ਮਨਾਈ ਜਾਵਾਂ ।

ਦਰਦਵੰਦ ਕੋ ਝੂਰਦਾ ਨਜ਼ਰ ਆਵੇ, ਖੋਜ ਮਰਮ, ਦਾਰੂ ਮੈਂ ਲਾਈ ਜਾਵਾਂ ।

ਜੇੜ੍ਹੇ ਬਾਗ਼ ਖਿਜ਼ਾਂ ਨੇ ਲਾਏ ਡੇਰੇ, ਬਾਗ਼ੇ ਓਸ ਬਹਾਰ ਲਿਆਈ ਜਾਵਾਂ ।

ਜੇਹੜੇ ਜਿਗਰ ਪਸਾਰੇ ਪੈਰ ਨ੍ਹੇਰੇ, ਓਸ ਜੀਅੜੇ ਨੋ ਰੁਸ਼ਨਾਈ ਜਾਵਾਂ ।

ਮੇਘ ਬਰਸੇ ਮੇਹਰ ਦਾ ਅਰਸ਼ਾਂ ਚੋਂ, ਮਿੱਠੀ ਮਾਖਿਓਂ ਟਹਿਲ ਕਮਾਈ ਜਾਵਾਂ ।

ਭਾਗਹੀਣ 'ਨੌਰੰਗ' ਦੀ ਟੇਕ ਤੂੰ ਏਂ, ਦੇਉ ਠਉਰ ਨਾ ਜੂਨੇ ਆਈ ਜਾਵਾਂ ।

ਅਮਰੀਕਾ ਵਿੱਚ ਸਿੱਖ ਪਰਿਵਾਰ ਨੇ ਸਸਤੀ ਗੈਸ ਦਾ ਲੰਗਰ ਲਾ ਰੱਖਿਆ ਹੈ



ਯੂ ਐਸ ਏ(ਪੰਜਾਬੀ ਅਖ਼ਬਾਰ ਬਿਊਰੋ) ਭਾਵੇਂ ਇਹ ਗੱਲ ਦੁਨੀਆਂ ਭਰ ਅੰਦਰ ਪਰਚੱਲਤ ਹੈ ਕਿ ਸਿੱਖ ਕੌਮ ਦਾਨੀ ਹੈ,ਇਹ ਦੂਜਿਆਂ ਲਈ ਖਾਣ ਪੀਣ ਦੇ ਲੰਗਰ ਲਗਾਉਂਦੇ ਹਨ ਪਰ ਅਮਰੀਕਾ ਤੋਂ ਸਿੱਖਾਂ ਬਾਰੇ ਇੱਕ ਹੋਰ ਗੱਲ ਉੱਭਰਕੇ ਸਾਹਮਣੇ ਆ ਰਹੀ ਹੈ ਕਿ ਇਹ ਦੂਜਿਆਂ ਦੀ ਭਲਾਈ ਕਰਦੇ ਸਮੇ ਨਕਦੀ ਘਾਟਾ ਵੀ ਸਹਿ ਲੈਂਦੇ ਹਨ। ਕੈਨੇਡਾ ਅਮਰੀਕਾ ਸਮੇਤ ਦੁਨੀਆਂ ਭਰ ਵਿਚ ਗੈਸ ਦੀਆਂ ਵਧ ਰਹੀਆਂ ਤੇਲ ਗੈਸ ਦੀਆਂ ਕੀਮਤਾਂ ਨੇ ਹਰੇਕ ਵਿਅਕਤੀ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ ਪਰ ਇਸ ਦੌਰਾਨ ਵੱਧ ਰਹੀਆਂ ਕੀਮਤਾਂ ਵਿਚਾਲੇ ਅਮਰੀਕਾ ਵਿੱਚ ਇੱਕ ਸਿੱਖ ਵਿਅਕਤੀ ਜੋ ਗੈਸ ਸਟੇਸ਼ਨ ਦਾ ਮਾਲਕ ਹੈ ਆਪਣੇ ਗਾਹਕਾਂ ਨੂੰ ਘੱਟ ਕੀਮਤ 'ਤੇ ਗੈਸ ਵੇਚ ਰਿਹਾ ਹੈ। ਸਿੱਖ ਭਾਈਚਾਰੇ ਨਾਲ ਸਬੰਧਿਤ ਜਸਵਿੰਦਰ ਸਿੰਘ ਅਤੇ ਉਹਨਾਂ ਦੀ ਪਤਨੀ ਐਰੀਜੋਨਾ ਦੇ ਫੀਨੈਕਸ ਸਹਿਰ ਵਿੱਚ ਆਪਣਾ ਗੈਸ ਸਟੇਸਨ ਚਲਾਉਂਦੇ ਹਨ। ਉਹਨਾਂ ਬਾਰੇ ਇਹ ਖ਼ਬਰ ਸਾਹਮਣੇ ਆਈ ਹੈ ਕਿ ਉਹ ਹਰ ਰੋਜ ਆਪਣੇ ਗਾਹਕਾਂ ਨੂੰ ਕੁੱਝ ਰਾਹਤ ਦੇਣ ਲਈ 500 ਡਾਲਰ ਦਾ ਘਾਟਾ ਖਾ ਰਹੇ ਹਨ। ਆਪਣੇ ਗੈਸ ਸਟੇਸਨ ਉਪਰੋਂ ਉਹ ਰੋਜਾਨਾ ਅੰਦਾਜਨ 1000 ਗੈਲਨ ਹਰ ਰੋਜ ਵਿਕਰੀ ਕਰਦੇ ਸਮੇ 47 ਸੈਂਟ ਪ੍ਰਤੀ ਗੈਲਨ ਘੱਟ ਕੀਮਤ ਵਸੂਲ ਰਹੇ ਹਨ ਜਿਸ ਕਾਰਣ ਉਹਨਾਂ ਨੂੰ ਹਰ ਰੋਜ ਤਕਰੀਬਨ 500 ਡਾਲਰ ਦਾ ਘਾਟਾ ਸਹਿਣਾ ਪੈਂਦਾ ਹੈ ਉਹ ਅਜਿਹਾ ਘਾਟਾ ਕਿਉਂ ਸਹਿਣ ਕਰਦੇ ਹਨ ਇਸ ਸਬੰਧੀ ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ '' ਲੋਕਾਂ ਕੋਲ ਹਾਲ ਦੀ ਘੜੀ ਪੈਸੇ ਨਹੀਂ ਹਨ।

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING | STOP SIGN | SPEEDING TRAFFIC TICKETS | RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

ਵਧੀ ਮਹਿੰਗਾਈ ਉੱਪਰ ਵਿਰੋਧੀ ਧਿਰ ਟਰੂਡੋ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਕੰਜ਼ਰਵੇਟਿਵ ਪਾਰਟੀ ਨੇ ਦੋਸ਼ ਲਗਾਇਆ ਹੈ ਕਿ ਦੇਸ਼ ਵਿੱਚ ਤੇਜ਼ੀ ਨਾਲ ਵਧ ਰਹੀ ਮਹਿੰਗਾਈ ਕਾਰਨ ਕੈਨੇਡਾ ਦੇ ਆਮ ਲੋਕ ਬੇਹੱਦ ਪ੍ਰੇਸ਼ਾਨੀ ਦੇ ਆਲਮ ਵਿੱਚੋਂ ਲੰਘ ਰਹੇ ਹਨ। ਪਾਰਟੀ ਦੀ ਅੰਤਰਿਮ ਆਗੂ ਕੈਂਡਿਸ ਬਰਗਨ ਨੇ ਇਕ ਪ੍ਰੈੱਸ ਕਾਨਫਰੰਸ ਕਰਦਿਆਂ ਦੋਸ਼ ਲਾਇਆ ਕਿ ਕੰਜ਼ਰਵੇਟਿਵ ਪਾਰਟੀ ਵੱਲੋਂ ਮਹਿੰਗਾਈ ਨੂੰ ਘੱਟ ਕਰਨ ਲਈ ਜੋ ਵੀ ਸੁਝਾਅ ਫੈਡਰਲ ਸਰਕਾਰ ਨੂੰ ਦਿੱਤੇ ਜਾ ਰਹੇ ਹਨ, ਟਰੂਡੋ ਵੱਲੋਂ ਉਨ੍ਹਾਂ ਨੂੰ ਮੰਨਣ ਤੋਂ ਇਸ ਕਰਕੇ ਇਨਕਾਰ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਕੰਜ਼ਰਵੇਟਿਵ ਪਾਰਟੀ ਦੇ ਸੁਝਾਅ ਹਨ। ਉਨ੍ਹਾਂ ਆਖਿਆ ਕਿ ਅਸੀਂ ਜਦੋਂ ਗੈਸ ਦੀਆਂ ਕੀਮਤਾਂ ਘੱਟ ਕਰਨ ਲਈ ਜੀਐੱਸਟੀ ਹਟਾਉਣ ਲਈ ਆਖਿਆ ਤਾਂ ਵੀ ਟਰੂਡੋ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ । ਜਦਕਿ ਬਾਕੀ ਦੇਸ਼ਾਂ ਵਿੱਚ ਅਜਿਹਾ ਹੋ ਰਿਹਾ ਹੈ ਉਨ੍ਹਾਂ ਅੱਗੇ ਆਖਿਆ ਕਿ ਅਸੀਂ ਪਹਿਲੀ ਅਪ੍ਰੈਲ ਤੋਂ ਕਾਰਬਨ ਟੈਕਸ ਨੂੰ ਸਸਪੈਂਡ ਕਰਨ ਦਾ ਸੁਝਾਅ ਦਿੱਤਾ ਪਰ ਟਰੂਡੋ ਨੇ ਇਸ ਤੋਂ ਵੀ ਇਨਕਾਰ ਕਰ ਦਿੱਤਾ । ਬਰਗਨ ਨੇ ਆਖਿਆ ਕਿ ਦੋਹੇ ਮਾਮਲਿਆਂ ਦੇ ਵਿਚ ਭਾਵੇਂ ਸਿਆਸੀ ਕਾਰਨਾਂ ਕਰਕੇ ਟਰੂਡੋ ਨੇ ਸਾਨੂੰ ਇਨਕਾਰ ਕੀਤਾ ਹੋਵੇ ਪਰ ਇਸ ਦਾ ਖਮਿਆਜ਼ਾ ਕੈਨੇਡਾ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ।

ਵਧ ਰਹੀ ਮਹਿੰਗਾਈ ਸਬੰਧੀ ਅੱਜ ਜਦੋਂ ?ਟਵਾ ਵਿਖੇ ਫੈਡਰਲ ਮਨਿਸਟਰ ਫਰਾਂਸਵਾ ਫਿਲਿਪ ਸ਼ੈਂਪੇਨ ਕੋਲੋਂ ਸੁਆਲ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਮਹਿੰਗਾਈ ਦਾ ਇੱਕ ਵੱਡਾ ਕਾਰਨ ਯੂਕਰੇਨ ਵਿੱਚ ਚੱਲ ਰਹੀ ਜੰਗ ਹੈ ਜਿਸ ਕਾਰਨ ਖਾਣ ਪੀਣ ਦੀਆਂ ਵਸਤਾਂ ਅਤੇ ਗੈਸ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਹਨ ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਹਰੇਕ ਪੱਧਰ ਤੇ ਇਹ ਯਤਨ ਕੀਤਾ ਜਾ ਰਿਹਾ ਹੈ ਕਿ ਕੈਨੇਡਾ ਦੇ ਲੋਕਾਂ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਿਆ ਜਾਵੇ ।

ਇਮਰਾਨ ਖਾਨ ਨੇ ਪਾਕਿਸਤਾਨ ਸਰਕਾਰ ਨੂੰ ਭਾਰਤ ਨਾਲੋਂ ਸਬੰਧ ਤੋੜਨ ਲਈ ਆਖਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਜਪਾ ਦੇ ਮੁਅੱਤਲ ਆਗੂਆਂ ਨੂਪੁਰ ਸ਼ਰਮਾ ਤੇ ਨਵੀਨ ਜਿੰਦਲ ਵੱਲੋਂ ਪੈਗੰਬਰ ਮੁਹੰਮਦ ਖ਼ਿਲਾਫ਼ ਹਾਲ ਹੀ ਵਿੱਚ ਕੀਤੀਆਂ ਵਿਵਾਦਤ ਟਿੱਪਣੀਆਂ ਕਾਰਨ ਪਾਕਿਸਤਾਨ ਸਰਕਾਰ ਨੂੰ ਕਿਹਾ ਹੈ ਕਿ ਭਾਰਤ ਨਾਲ ਹਰ ਤਰ੍ਹਾਂ ਦੇ ਸਬੰਧ ਖਤਮ ਕਰ ਦੇਵੇ। ਇਨ੍ਹਾਂ ਟਿੱਪਣੀਆਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਜਾਵੇ। ਹਾਲ ਹੀ ਵਿੱਚ ਸੱਤਾ ਤੋਂ ਲਾਂਭੇ ਹੋਏ ਇਮਰਾਨ ਖਾਨ, ਜੋ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਚੇਅਰਮੈਨ ਵੀ ਹਨ, ਨੇ ਇਹ ਪ੍ਰਗਟਾਵਾ ਇਥੇ ਵਕੀਲਾਂ ਦੀ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਸੁਝਾਅ ਦਿੱਤਾ ਕਿ ਪਾਕਿਸਤਾਨ ਸਰਕਾਰ ਨੂੰ ਵੀ ਅਰਬ ਮੁਲਕਾਂ ਵਾਲਾ ਰਵੱਈਆ ਅਪਣਾਉਣਾ ਚਾਹੀਦਾ ਹੈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਭਾਰਤ ਨਾਲ ਸਬੰਧ ਤੋੜਨ ਤੋਂ ਇਲਾਵਾ ਭਾਰਤੀ ਉਤਪਾਦਾਂ ਦਾ ਵੀ ਬਾਈਕਾਟ ਕਰਨਾ ਚਾਹੀਦਾ ਹੈ।

ਕੈਨੇਡਾ ਦੇ ਸੁਪਰ ਵੀਜ਼ੇ ਤਹਿਤ ਆਏ ਮਾਪੇ ਹੁਣ ਲਗਾਤਾਰ 5 ਸਾਲ ਕਨੇਡਾ ਰਹਿ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 4 ਜੁਲਾਈ 2022 ਤੋਂ ਨਵੇਂ ਨਿਯਮਾਂ ਅਨੁਸਾਰ ਹਰੇਕ ਸੁਪਰ ਵੀਜ਼ਾ ਧਾਰਕ ਕੈਨੇਡਾ ਵਿੱਚ ਦਾਖਿਲ ਹੋ ਕੇ 5 ਸਾਲਾਂ ਤੱਕ ਠਹਿਰ ਸਕਣਗੇ। ਉਸ ਤੋਂ ਬਾਅਦ ਵੀ 2 ਸਾਲ ਦੀ ਠਹਿਰਨ ਦੀ ਮਿਆਦ ਹੋਰ ਵਧਾਉਣਾ ਹੋਵੇ ਤਾਂ ਵੀ ਸੰਭਵ ਹੈ, ਭਾਵ ਇੱਕ ਵਾਰੀ ਦਾਖਿਲ ਹੋ ਕੇ 7 ਸਾਲ ਮੁੜਨ ਦੀ ਜਰੂਰਤ ਨਹੀਂ ਹੋਵੇਗੀ। ਇਸ ਤੋਂ ਪਹਿਲਾਂ ਵੀ ਭਾਵੇਂ ਸੁਪਰ ਵੀਜਾ ਦੀ ਮਿਆਦ ਤਾਂ 10 ਸਾਲ ਹੀ ਸੀ ਪਰ ਉਹ ਆਪਣੀ ਇੱਕ ਇੰਟਰੀ ਨਾਲ ਸਿਰਫ 2 ਸਾਲ ਹੀ ਕਨੇਡਾ ਠਹਿਰ ਸਕਦੇ ਸਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲੰਮੇ ਸਮੇ ਤੋਂ ਕਨੇਡਾ ਦੇ ਕੈਲਗਰੀ ਸਹਿਰ ਵਿਖੇ ਸੁਪਰ ਵੀਜਾ ਦੀਆਂ ਸੇਵਾਵਾਂ ਨਿਭਾ ਰਹੀ ਨਵਦੀਪ ਜਸਵਾਲ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵੱਲੋਂ ਚੋਣਵੀਂਆਂ ਵਿਦੇਸ਼ੀ ਇੰਸ਼ੋਰੈਂਸ ਕੰਪਨੀਆਂ ਨੂੰ ਵੀ ਸੁਪਰ ਵੀਜ਼ਾ ਧਾਰਕਾਂ ਦੀ ਹੈਲਥ ਇੰਸ਼ੋਰੈਂਸ ਕਰਨ ਦੀ ਮਾਨਤਾ ਮਿਲੇਗੀ। ਜਿਸ ਤੋਂ ਬਾਅਦ ਕੈਨੇਡਾ ਦੀ ਕੰਪਨੀ ਤੋਂ ਇੰਸ਼ੋਰੈਂਸ ਲੈਣਾ ਜਰੂਰੀ ਨਹੀਂ ਰਹੇਗਾ। ਮਾਨਤਾ ਵਾਲੀਆਂ ਇੰਸ਼ੋਰੈਂਸ ਕੰਪਨੀਆਂ ਦੀ ਲਿਸਟ ਤਿਆਰ ਕੀਤੀ ਜਾ ਰਹੀ ਹੈ।ਪਰ ਨਾਲ ਹੀ ਉਹਨਾਂ ਸੁਪਰ ਵੀਜਾ ਲੈਣ ਵਾਲਿਆਂ ਨੂੰ ਇਹ ਵੀ ਸਲਾਹ ਦਿੱਤੀ ਹੈ ਕਿ ਜਦੋਂ ਉਹਨਾਂ ਨੇ ਲੰਮਾਂ ਸਮਾਂ ਕਨੇਡਾ ਵਿੱਚ ਹੀ ਰਹਿਣਾ ਹੈ ਤਾਂ ਸੁਪਰ ਵੀਜਾ ਇੰਸੋਰੈਂਸ ਵੀ ਕਨੇਡੀਅਨ ਕੰਪਨੀਆਂ ਤੋਂ ਹੀ ਲੈਣੀ ਚਾਹੀਦੀ ਹੈ ਤਾਂ ਕਿ ਲੋੜ ਪੈਣ ਮੌਕੇ ਕਨੇਡੀਅਨ ਕੰਪਨੀ ਹੋਣ ਕਾਰਣ ਕਨੇਡਾ ਵਿੱਚ ਸਬੰਧਿਤ ਸੇਵਾਵਾਂ ਸੌਖਿਆਂ ਹੀ ਪਰਾਪਤ ਕੀਤੀਆ ਜਾ ਸਕਣ।

ਭਾਰਤ ਅਤੇ ਵੀਅਤਨਾਮ ਵਿਚਾਲੇ ਫ਼ੌਜੀ ਅੱਡਿਆਂ ਦੀ ਵਰਤੋਂ ਸਬੰਧੀ ਸਮਝੌਤਾ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਅਤੇ ਵੀਅਤਨਾਮ ਨੇ 2030 ਤੱਕ ਰੱਖਿਆ ਸਬੰਧਾਂ ਦੇ ਘੇਰੇ ਨੂੰ ਹੋਰ ਵਿਆਪਕ ਬਣਾਉਣ ਲਈ ਇੱਕ 'ਵਿਜ਼ਨ' ਦਸਤਾਵੇਜ਼ ਅਤੇ ਦੋਵੇਂ ਮੁਲਕਾਂ ਦੀਆਂ ਫ਼ੌਜਾਂ ਨੂੰ ਇੱਕ-ਦੂਜੇ ਦੇ ਅੱਡਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਲਈ ਲੌਜਿਸਟਿਕ ਸਪੋਰਟ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪਣੇ ਵੀਅਤਨਾਮੀ ਹਮਰੁਤਬਾ ਜਨਰਲ ਫਾਨ ਵਾਨ ਗਿਆਂਗ ਨਾਲ ਹਨੋਈ 'ਚ ਮੁਲਾਕਾਤ ਕੀਤੀ ਅਤੇ ਦੋਵੇਂ ਮੁਲਕਾਂ ਵਿਚਕਾਰ ਰੱਖਿਆ ਤੇ ਸੁਰੱਖਿਆ ਸਹਿਯੋਗ ਵਧਾਉਣ 'ਤੇ ਸਹਿਮਤੀ ਬਣਨ ਮਗਰੋਂ ਇਨ੍ਹਾਂ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਦੱਖਣੀ ਚੀਨੀ ਸਾਗਰ 'ਚ ਚੀਨ ਦੇ ਵਧਦੇ ਹਮਲਾਵਰ ਰਵੱਈਏ ਦਰਮਿਆਨ ਦੋਵੇਂ ਮੁਲਕਾਂ ਦੇ ਰਣਨੀਤਕ ਸਬੰਧਾਂ 'ਚ ਇਸ ਪ੍ਰਗਤੀ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਇਹ ਅਜਿਹਾ ਪਹਿਲਾ ਵੱਡਾ ਸਮਝੌਤਾ ਹੈ ਜੋ ਵੀਅਤਨਾਮ ਨੇ ਕਿਸੇ ਮੁਲਕ ਨਾਲ ਕੀਤਾ ਹੈ। ਰਾਜਨਾਥ ਅਤੇ ਜਨਰਲ ਗਿਆਂਗ ਵਿਚਕਾਰ ਗੱਲਬਾਤ ਤੋਂ ਬਾਅਦ ਰੱਖਿਆ ਮੰਤਰਾਲੇ ਨੇ ਕਿਹਾ ਕਿ ਭਾਰਤ ਅਤੇ ਵੀਅਤਨਾਮ ਵਿਚਕਾਰ ਰੱਖਿਆ ਅਤੇ ਸੁਰੱਖਿਆ ਸਹਿਯੋਗ ਹਿੰਦ-ਪ੍ਰਸ਼ਾਂਤ ਖ਼ਿੱਤੇ 'ਚ ਸਥਿਰਤਾ ਲਈ ਅਹਿਮ ਹੈ।

ਵਧ ਰਹੀਆਂ ਵਿਆਜ ਦਰਾਂ ਕਾਰਨ ਕੈਨੇਡਾ ਚ ਹਰ ਚੌਥੇ ਮਕਾਨ ਮਾਲਕ ਨੂੰ ਆਪਣਾ ਘਰ ਵੇਚਣਾ ਪੈ ਸਕਦੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਕੀਤੇ ਜਾ ਰਹੇ ਵਾਧੇ ਤੋਂ ਬਾਅਦ ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਅਗਲੇ ਸਾਲ ਦੇ ਅੰਤ ਤੱਕ 15 ਫੀ ਸਦੀ ਘਟਣ ਦੀ ਸੰਭਾਵਨਾ ਹੈ। ਇਹ ਖੁਲਾਸਾ ਇੱਕ ਨਵੀਂ ਰਿਪੋਰਟ ਵਿੱਚ ਹੋਇਆ। ਕੈਨੇਡਾ ਵਿੱਚ ਘਰਾਂ ਦੀ ਔਸਤ ਕੀਮਤ ਫਰਵਰੀ 2022 ਵਿੱਚ 790,000 ਡਾਲਰ ਤੱਕ ਅੱਪੜ ਗਈ ਸੀ। ਦੋ ਸਾਲਾਂ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 50 ਫੀ ਸਦੀ ਵਾਧਾ ਦਰਜ ਕੀਤਾ ਗਿਆ। ਪਰ ਡੈਸਜਾਰਡਿਨਜ਼ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਰਿਪੋਰਟ ਵਿੱਚ ਆਖਿਆ ਗਿਆ ਕਿ ਦਸੰਬਰ 2023 ਤੱਕ ਘਰਾਂ ਦੀ ਔਸਤ ਕੀਮਤ ਡਿੱਗ ਕੇ 675,000 ਡਾਲਰ ਰਹਿ ਜਾਵੇਗੀ।ਇਸੇ ਦੌਰਾਨ ਜਾਰੀ ਇੱਕ ਹੋਰ ਰਿਪੋਰਟ ਵਿਚ ਆਖਿਆ ਗਿਆ ਹੈ ਕਿ ਜੇਕਰ ਵਿਆਜ਼ ਦਰਾਂ 'ਚ ਵਾਧਾ ਹੁੰਦਾ ਹੈ ਤਾਂ ਮਕਾਨ ਮਾਲਕਾਂ ਚੋਂ ਹਰੇਕ ਚਾਰ ਵਿਚੋਂ ਇੱਕ ਨੂੰ ਆਪਣਾ ਘਰ ਵੇਚਣਾ ਪੈ ਸਕਦਾ ਹੈ ਹੁਣ ਜਦੋਂ ਇਹ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ ਕਿ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਧਾਉਣ ਕਾਰਨ ਕੈਨੇਡਾ ਵਿਚ ਹਰ ਚੌਥੇ ਮਕਾਨ ਮਾਲਕ ਨੂੰ ਆਪਣਾ ਘਰ ਵੇਚਣਾ ਪੈ ਸਕਦਾ ਹੈ ਤਾਂ ਇਸ ਤੋਂ ਬਾਅਦ ਅੱਜ ਹਾਊਸ ਆਫ ਕਾਮਨਜ਼ ਦੇ ਪ੍ਰਸ਼ਨ ਕਾਲ ਦੌਰਾਨ ਵੀ ਇਹ ਮੁੱਦਾ ਗਰਮਾਇਆ ਰਿਹਾ ਵੈਨਕੂਵਰ ਈਸਟ ਤੋਂ ਐੱਨ ਡੀ ਪੀ ਦੀ ਮੈਂਬਰ ਪਾਰਲੀਮੈਂਟ ਜੈਨੀ ਕਵਾਨ ਨੇ ਆਖਿਆ ਕਿ ਇਸ ਮੁੱਦੇ ਤੇ ਲਿਬਰਲ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ ਜਦਕਿ ਜਵਾਬ ਵਿੱਚ ਉਪ ਪ੍ਰਧਾਨਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਸਰਕਾਰ ਵੱਲੋਂ ਇਸ ਸਾਲ ਪਰਿਵਾਰਾਂ ਨੂੰ ਵਿੱਤੀ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ

ਪਾਰਟੀ ਲੀਡਰ ਬਣਨ ਲਈ ਉਹ ਇੱਕ ਦੂਜੇ ਉੱਪਰ ਦੋਸ਼ ਲਾ ਰਹੇ ਹਨ।

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਕੰਜ਼ਰਵੇਟਿਵ ਪਾਰਟੀ ਦੀ 10 ਸਤੰਬਰ 2022 ਨੂੰ ਹੋ ਰਹੀ ਲੀਡਰਸ਼ਿਪ ਚੋਣ ਵਾਸਤੇ ਪ੍ਰਮੁੱਖ ਛੇ ਉਮੀਦਵਾਰਾਂ ਵੱਲੋਂ ਆਪਣੀ ਚੋਣ ਮੁਹਿੰਮ ਪੂਰੀ ਸ਼ਿੱਦਤ ਨਾਲ ਚਲਾਈ ਜਾ ਰਹੀ ਹੈ ਅਤੇ ਇਹ ਦੱਸਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਜੇਕਰ ਉਹ ਲੀਡਰ ਬਣਦੇ ਹਨ ਤਾਂ ਉਨ੍ਹਾਂ ਦੇ ਪ੍ਰਮੁੱਖ ਨਿਸ਼ਾਨੇ ਕੀ ਹੋਣਗੇ। ਲੀਡਰਸ਼ਿਪ ਦੀ ਚੋਣ ਲੜ ਰਹੇ ਪੀਅਰੇ ਪੋਲੀਵਰ ਨੇ ਬਰੈਂਪਟਨ ਖੇਤਰੀ ਮੀਡੀਆ ਕਰਮੀਆਂ ਨਾਲ ਗੱਲਬਾਤ ਕਰਦਿਆਂ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਲ ਬਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਉਪਰ ਇਹ ਕਹਿੰਦਿਆਂ ਨਿਸ਼ਾਨੇ ਸਾਧੇ ਕਿ ਜਾਂ ਤਾਂ ਉਹ ਮੇਅਰ ਦੀ ਕੁਰਸੀ ਛੱਡ ਦੇਣ ਜਾਂ ਲੀਡਰਸ਼ਿਪ ਦੀ ਚੋਣ ਲੜ ਲੈਣ । ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਇਮੀਗ੍ਰੇਸ਼ਨ ਵਿੱਚ ਸ਼ਾਮਲ ਬਿਊਰੋਕ੍ਰੇਸੀ ਵੱਲੋਂ ਪਰਿਵਾਰਾਂ ਦੇ ਇਕੱਤਰ ਹੋਣ ਵਿੱਚ ਰੁਕਾਵਟਾਂ ਪਾਈਆਂ ਜਾ ਰਹੀਆਂ ਹਨ ।

ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ ॥੧॥
ਸਮੂਹ ਸੰਗਤ ਨੂੰ ਬੇਨਤੀ ਹੈ ਕਿ ਸਾਡੇ ਅਤਿ ਸਤਿਕਾਰਯੋਗ

ਜਥੇਦਾਰ ਤੋਤਾ ਸਿੰਘ ਜੀ
ਸਾਬਕਾ ਮੰਤਰੀ ਪੰਜਾਬ ਸਰਕਾਰ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਜੋ ਕੇ ਪਿਛਲੇ ਦਿਨੀਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਨ੍ਹਾਂ ਦੀ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ
ਸ਼੍ਰੀ ਸਹਿਜ ਪਾਠ ਦੇ ਭੋਗ
ਮਿਤੀ 25 ਜੂਨ ਦਿਨ ਸ਼ਨੀਵਾਰ ਦੁਪਹਿਰ 1:30 ਵਜੇ
ਦਸ਼ਮੇਸ਼ ਕਲਚਰ ਸੈਂਟਰ 135 ਮਾਰਟਨ ਡੇਲ ਕੈਲਗਰੀ ਕੈਨੇਡਾ ਵਿਖੇ ਪਵੇਗਾ।
ਆਪ ਜੀ ਨੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ
ਸਮੂਹ ਸੰਗਤ ਕੈਲਗਰੀ ਕੈਨੇਡਾ
403-999-0672. 403-463-5005

ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸਨ

ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ

Mega
Sanjha Punjab
GROCERY STORE

ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।

FOUR LOCATIONS TO SERVE YOU

3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

A1 DUCT & FURNACE CLEANING LTD.
We do Cleaning & Repair

ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !

ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ

ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।

ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate

81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ

RIG Group of Companies Inc.

GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.

Rig Logistics is now Hiring long haul drivers for Canada & USA and LCV with minimum 2 year Hwy driving experience.

O: 403 285 1111ext# 100 | Fax: 403 567 0462 | Call : 403-862-1631
hr@riglogistics.com
4, 10 Wrangler Place SE
Calgary (AB)

Sunder Building Supplies Ltd.
We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal
403-690-8700
Bhajan Singh Johal
403-561-0227

4612, 6 STREET NE CALGARY, AB

For All your Exterior Needs

B.B.S. Exterior

Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.

403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513

ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ

1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ

DAWSON'S LANDING
CHESTERMERE
A QUALICO COMMUNITY

ਲੱਭੋ ਆਪਣਾ ਸੰਪੂਰਣ ਘਰ

ਨਵੀਆਂ ਲਾਟਾਂ ਆ ਗਈਆਂ ਹਨ

ਫਰੰਟ ਗੈਰਾਜ ਵਾਲੀਆਂ ਲਾਟਾਂ
ਡੁਪਲੈਕਸ ਘਰਾਂ ਦੀਆਂ ਲਾਟਾਂ
ਲੇਨਡ ਘਰਾਂ ਦੀਆਂ ਲਾਟਾਂ

ਹੁਣ ਫੇਸ 3 ਵੇਚਿਆ ਜਾ ਰਿਹਾ ਹੈ

DUPLEX HOMES FROM THE $400s
LANED HOMES FROM THE LOW $500s
FRONT GARAGE HOMES FROM THE HIGH $500s

SHOWHOME APPOINTMENTS AVAILABLE AND RECOMMENDED. 360° ਵਰਚੁਅਲ ਟੂਰ ਵੀ ਮਿਲਦਾ ਹੈ

Broadview Homes | NuVista Homes | Trico Homes | Sterling Homes | Truman Homes | Morrison Homes

ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ । ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ

liveindawsonslanding.ca

ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ

QUALICO communities

SOUTH POINTE | TOYOTA

2021 COROLLA
ONLY $58 A WEEK!
$0 DOWN! LE

2020 RAV4
ONLY $92 A WEEK!
$0 DOWN! LE AWD

★ FREE ★ WINTER TIRES WITH PURCHASE

0% FINANCING AVAILABLE

★ FREE ★ REMOTE STARTER WITH PURCHASE

RISHI MUKHERJEE
NEW CAR SALES MANAGER

ZAK BHANJI
NEW CAR SALES MANAGER

PREZ TIWANA
NEW CAR PRODUCT ADVISOR

MINAZ RATANSHI
NEW CAR PRODUCT ADVISOR

AFSHEEN HARJEE
NEW CAR PRODUCT ADVISOR

MUHAMMAD YOUSAF
NEW CAR PRODUCT ADVISOR

IT'S TIME TO TOYOTA

11150 35 ST SE
CALGARY, AB

CALL US!
403-567-8888

WWW.SOUTHPOINTETOYOTA.COM

CALGARYS #1 VOLUME TOYOTA DEALERSHIP

ਪੁਸਤਕ
‘ ਮਿੱਟੀ ਨੂੰ ਫਰੋਲ ਜੋਗੀਆ ’
ਤੇ ਚਰਚਾ ਕਰਿਦਆਂ

ਮਿੱਟੀ ਹੀ ਨਹੀਂ, ਟਿੱਬਿਆਂ ਨੂੰ ਫਰੋਲਣ ਵਾਲਾ ਰਮਤਾ ਜੋਗੀ ; ਅਸ਼ੋਕ ਬਾਂਸਲ ਮਾਨਸਾ

ਪਿਛਲੇ ਦਿਨੀਂ ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ ‘ਮਿੱਟੀ ਨੂੰ ਫਰੋਲ ਜੋਗੀਆ ’ ਪੜ੍ਹੀ । ਨਾ ਤਾਂ ਮੈਂ ਕੋਈ ਪ੍ਰੱਪਕ ਲੇਖਕ , ਆਲੋਚਕ ਜਾਂ ਰਵਿਊਕਾਰ ਹਾਂ ਕਿ ਇਸ ਵਡਮੁੱਲੇ ਖ਼ਜਾਨੇ ਨੂੰ ਆਪਣੇ ਅੰਦਰ ਸਮੋਈ ਬੈਠੀ ਕਿਤਾਬ ਬਾਰੇ ਕੁੱਝ ਲਿਖਾਂ ਪਰ ਦਿਲ ਦੇ ਜਜਬਾਤ ਅਤੇ ਬਾਂਸਲ ਸਾਹਿਬ ਵੱਲੋਂ ਇਹ ਕਹਿਣਾ ਕਿ ਤੁਸੀਂ ਇਸ ਬਾਰੇ ਆਪਣੇ ਵਿਚਾਰ ਜਰੂਰ ਦੇਣਾ , ਤਾਂ ਹੀ ਇਸ ਕਿਤਾਬ ਬਾਰੇ ਕੁੱਝ ਲਿਖਣ ਦਾ ਹੌਂਸਲਾ ਕਰ ਸਕਿਆ ।

ਬਾਂਸਲ ਸਾਹਿਬ ਨਾਲ ਪੰਜਾਬੀ ਅਖ਼ਬਾਰ ਕੈਲਗਿਰੀ ਦੇ ਸੰਪਾਦਕ ਹਰਬੰਸ ਸਿੰਘ ਬੁੱਟਰ ਜੀ ਦੀ ਬਦੌਲਤ ਕਈ ਵਾਰ ਮਹਿਫਲਾਂ ਵਿੱਚ ਬੈਠਣ ਦਾ ਸੁਭਾਗ ਵੀ ਪ੍ਰਾਪਤ ਹੋਇਆ , ਉਸ ਦਾ ਗੱਲਬਾਤ ਦਾ ਲਹਿਜਾ ਹਮੇਸ਼ਾ ਮਹਿਫਲ ਨੂੰ ਆਪਣੇ ਹਿੱਸੇ ਕਰਨ ਵਾਲਾ ਰਿਹਾ ਪਰ ਉਨ੍ਹਾਂ ਦੀ ਇਸ ਕਿਤਾਬ ‘ਚ ਪੜ੍ਹੀ ਵਾਰਤਕ ਸ਼ੈਲੀ ਉਸ ਤੋਂ ਵੀ ਚਾਰ ਕਦਮ ਅੱਗੇ ਹੈ ।ਉਹ ਜਿਸ ਗੀਤਕਾਰ ਦੀ ਗੱਲ ਕਰਦਾ ਹੈ ਉਸ ਦੇ ਨਾਲ ਆਪ ਹੀ ਨੀ ਤੁਰਦਾ ਸਗੋਂ ਪਾਠਕ ਨੂੰ ਵੀ ਉਂਗਲ ਫੜ ਕੇ ਨਾਲ ਤੋਰਦਾ ਹੈ ।

ਜਿਨ੍ਹਾਂ ਗੀਤਕਾਰਾਂ ਨੂੰ ਦੁਨੀਆਂ ਭੁੱਲ ਚੁੱਕੀ ਹੈ , ਉਨ੍ਹਾਂ ਦੀਆਂ ਕ੍ਰਿਤਾਂ ਨੂੰ ਲੋਕ ਗੀਤ ਮੰਨ ਲਿਆ , ਉਸ ਬਾਰੇ ਖੋਜ ਲਿਆਉਣਾ ਕੋਈ ਛੋਟਾ ਕਾਰਜ ਨਹੀਂ , ਇਸ ਤੋਂ ਅੱਗੇ ਵੀ ਉਨ੍ਹਾਂ ਦੇ ਪਰਿਵਾਰ , ਜਨਮ , ਪਿੰਡ , ਕਿੱਤਿਆਂ ਤੱਕ ਪਹੁੰਚ ਜਾਣਾ , ਇਹ ਮਿੱਟੀ ਫਰੋਲਣ ਵਾਲਾ ਨਹੀਂ ਸਗੋਂ ਟਿੱਬੇ ਫਰੋਲ ਕੇ ਲਾਲ ਲੱਭਣ ਵਾਲਾ ਕੰਮ ਹੈ ।

‘ ਆਪਣੇ ਵੱਲੋਂ ’ ਚ ਬਾਂਸਲ ਲਿਖਦਾ ਹੈ ਕਿ “ ਖੂਹ ਚੱਕ ਦੇ ਸਹਾਰੇ ਖੜ੍ਹਦਾ ਹੈ ਪਰ ਵਿਖਾਈ ਬਾਹਰ ਮੰਨ ਦਿੰਦੀ ਹੈ ”। ਲੇਖਕ ਜਿਸ ਸਮੇਂ ਦੀ ਗੱਲ ਕਰਦਾ ਹੈ ਉਸ ਸਮੇਂ ਦੇ ਖੂਹ ਨੂੰ ਬਿੰਬ ਸਿਰਜਦਾ ਹੈ । ਇਹ ਸਿਰਫ ਗੀਤਕਾਰ ਦੀ ਤ੍ਰਾਸ਼ਦੀ ਨੂੰ ਹੀ ਨੀ ਬਿਆਨਦਾ , ਸਗੋਂ ਇੱਕ ਦੁਨਿਆਵੀ ਸਚਾਈ ਵੀ ਹੈ ।

ਗਿਆਨ ਚੰਦ ਧਵਨ ਨੂੰ ਲੱਭਦਾ ਬਾਂਸਲ ਕਿਵੇਂ ਸ਼ੁਦਾਈ ਹੋ ਜਾਂਦਾ ਹੈ । ਕਿਵੇਂ ਮਿਹਨਤ ਕੀਤੀ, ਕਹਾਣੀ ਲੰਬੀ ਹੋ ਜਾਵੇਗੀ , ਪੂਰੀ ਗੱਲ ਕਿਤਾਬ ਪੜ੍ਹ ਕੇ ਪਤਾ ਲੱਗੇਗੀ ਪਰ ਉਹ ਅਖ਼ੀਰ ਚ ਇਹ ਵੀ ਲਿਖਦਾ ਕਿ , “ ਮੇਰੇ ਹਿੱਸੇ ਦਾ ਧਵਨ ਐਨਾ ਹੀ ਸੀ , ਇਹ ਤਾਂ ਰਾਹ ਹੈ ਇਸ ਦੀ ਪੈੜ ਤਾਂ ਕੋਈ ਖੋਜੀ ਕਾਫ਼ਰ ਹੀ ਕੱਢੇਗਾ ” । ਇਹ ਸ਼ਬਦ ਬੋਲਦੇ ਨੇ ਕਿ ਐਨੀ ਖੋਜ ਤੋਂ ਬਾਅਦ ਵੀ ਬਾਂਸਲ ਦੇ ਅੰਦਰ ਜਗਿਆਸਾ ਦੀ ਅੱਗ ਹਾਲੇ ਬੁਝੀ ਨਹੀਂ, ਉਹ ਇਸ ਬਾਰੇ ਹਾਲੇ ਹੋਰ ਖੋਜਣਾ ਚਾਹੁੰਦਾ ਹੈ ।

ਹਰਭਜਨ ਚਮਕ ਬਾਰੇ ਲੇਖ ਵੀ ਕਾਫੀ ਖੋਜ ਭਰਭੂਰ ਹੈ । ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ ਗਾਏ ਸਦਾ ਬਹਾਰ ਗੀਤ ‘ਕੀਮਾ ਮਲਕੀ ’ ਦੇ ਲੇਖਕ ਸੋਹਣ ਸਿੰਘ ਸੀਤਲ ਬਾਰੇ ਅਤੇ ਸਦੀਕ ਦੇ ਇਹ ਗੀਤ ਨੂੰ ਰਿਕਾਰਡ ਕਰਵਾਉਣ ਬਾਰੇ ਦਿਲਚਸਪ ਕਹਾਣੀ ਜੋ ਇਸ ਕਿਤਾਬ ਚ ਦਰਜ ਹੈ ਇਸ ਦਾ ਹੋਰ ਕਿਤੇ ਜ਼ਿਕਰ ਨਹੀਂ ਪੜ੍ਹਿਆ । ਅਜਿਹਾ ਖੋਜਣਾ ਤੇ ਲਿਖਣਾ , ਬਾਂਸਲ ਵਰਗੇ ਖੋਜੀ ਬੰਦੇ ਦੇ ਹਿੱਸੇ ਆ ਸਕਦਾ ਹੈ ।

ਕਈ ਲੇਖਾਂ ਚ ਬਾਂਸਲ ਸਿਰਫ ਗੁੰਮੇ ਹੋਏ ਗੀਤਾਂ ਜਾਂ ਗੀਤਕਾਰਾਂ ਦੀ ਹੀ ਗੱਲ ਨੀ ਕਰਦਾ ਸਗੋਂ ਭੁੱਲੇ ਵਿਸਰੇ ਪੰਜਾਬੀ ਦੇ ਸ਼ਬਦਾਂ ਦੇ ਅਰਥ ਵੀ ਨਾਲ ਨਾਲ ਕਰ ਜਾਂਦਾ , ਜਿਵੇਂ ਬਰੂ , ਝੱਟਾ ਆਦਿ ।

ਬਾਂਸਲ ਦੀ ਸ਼ਬਦਾਂ ਤੇ ਪੂਰੀ ਪਕੜ ਹੈ, ਪ੍ਰੱਪਕਤਾ ਹੈ ਅਤੇ ਸ਼ੈਲੀ ਵੀ ਬਾਕਮਾਲ ਹੈ । ਲਾਲ ਚੰਦ ਯਮਲਾ ਜੱਟ ਬਾਰੇ ਭੂਮਿਕਾ ਬੰਨਦਿਆਂ ਉਹ ਪਹਿਲਾਂ ਪੰਜਾਬੀ ਬੋਲੀ ਦੀ ਉਸਤਤ ਕਰਦਾ ਲਿਖਦਾ ਹੈ ,

“ ਪੰਜਾਬੀ ਜੁਬਾਨ ਦਾ ਇਤਿਹਾਸ ਪੰਜਾਬ ਦੀ ਅਨੋਖੀ ਸਰਬ ਸਾਂਝੀਵਾਲਤਾ ਦਾ ਇਤਿਹਾਸ ਹੈ , ਔਲੀਏ ਮਜ਼ਾਰ ਤੋਂ ਲੈਕੇ ਪੇਸ਼ਾਵਰ ਤੱਕ ਦਰਿਆਈ ਪਾਣੀਆਂ ਨਾਲ ਸਿੰਜੀ ਇਸ ਧਰਤੀ ਦੀ ਬੋਲੀ ਮਿੱਠੇ ਖੂਹ ਦੇ ਪਾਣੀ ਵਰਗੀ ਹੈ” ।

ਇਸੇ ਲੇਖ ਚ ਅੱਗੇ ਲਿਖਦਾ ਹੈ ,

“ ਨਿਗੂਣੀ ਸੋਚ ਵਾਲੇ ਲੋਕ ਕਿਨੇ ਹੀ ਧਨਵਾਨ ਹੋਣ , ਪਰ ਹਮੇਸ਼ਾ ਬੌਣੇ ਹੀ ਰਹਿੰਦੇ ਨੇ ਅਤੇ ਲੋਕ - ਬਾਣੀ ਰਚਨ ਵਾਲੇ ਲੋਕ ਅਮਰ ਹੋ ਜਾਂਦੇ ਨੇ ਅਤੇ ਉਨ੍ਹਾਂ ਦੇ ਰਚੇ ਸ਼ਬਦ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦੇ ਹਨ ”।

ਪੂਰੀ ਕਿਤਾਬ ‘ਚ ਵੱਖ ਵੱਖ ਗੀਤਕਾਰ ਅਤੇ ਗਾਇਕਾਂ ਨਾਲ ਸਬੰਧਿਤ ਵੀਹ ਲੇਖ ਹਨ । ਸਾਰੀ ਕਿਤਾਬ ਬਾਰੇ ਚਰਚਾ ਕਰਨੀ ਹੋਵੇ ਤਾਂ ਇੱਕ ਹੋਰ ਕਿਤਾਬ ਬਣ ਜਾਏਗੀ । ਸਾਰੇ ਲੇਖ ਆਪਣੇ ਅੰਦਰ ਵਡਮੁੱਲੀ ਜਾਣਕਾਰੀ ਸਮੋਈ ਬੈਠੇ ਹਨ ਸਭ ਤੋਂ ਕਮਾਲ ਦੀ ਗੱਲ ਹੈ ਕਿ ਭੁੱਲੇ ਵਿਸਰੇ ਗੀਤਕਾਰਾਂ ਬਾਰੇ ਲੇਖਕ ਸਦੀ ਤੋਂ ਵੀ ਪੁਰਾਣੀ ਪਰਿਵਾਰਕ ਜਾਣਕਾਰੀ ਪੂਰੀ ਬਰੀਕੀ ਨਾਲ ਇਕੱਠੀ ਕਰੀ ਫਿਰਦਾ ਹੈ ।

ਕਿਤਾਬ ਦੇ ਅਖ਼ੀਰ ਚ ਸਾਰੇ ਗੀਤਕਾਰਾਂ ਦੇ ਬਹੁਤ ਸੁੰਦਰ ਬਾਲ ਪੈਨ ਸਕੈਚ ਹਨ , ਜਿਨ੍ਹਾਂ ਨੂੰ ਬਲਰਾਜ ਬਰਾੜ ਮਾਨਸਾ ਨੇ ਬੜੀ ਰੂਹ ਨਾਲ ਤਿਆਰ ਕੀਤਾ । ਚਿੱਤਰਾਂ ਸਮੇਤ ਪੂਰੀ ਕਿਤਾਬ ਤੇ ਪੇਪਰ ਵੀ ਉੱਚ ਕੁਆਇਲਟੀ ਦਾ ਲੱਗਾ ਹੋਇਆ ਹੈ । ਕਿਤਾਬ ਦੀ ਜਿਲਦ ਦੇ ਪਿਛਲੇ ਪਾਸੇ ਤੇ ਬਾਂਸਲ ਦੀ ਸਖਸੀਅਤ ਬਾਰੇ ਰੇਖਾ ਚਿੱਤਰ ਉੱਘੇ ਗੀਤਕਾਰ ਬਾਬੂ ਸਿੰਘ ਮਾਨ ਵੱਲੋਂ ਕਾਵਿਕ ਸਤਰਾਂ ਚ ਲਿਖਿਆ ਹੋਇਆ ਹੋਇਆ ਹੈ ।

ਸੰਗੀਤ ਅਤੇ ਸਾਹਿਤ ਦੇ ਰਸੀਆਂ ਲਈ ਇਹ ਕਿਤਾਬ ਪੜ੍ਹਣਯੋਗ ਅਤੇ ਸਾਂਭਣਯੋਗ ਹੈ ।

ਬਾਂਸਲ ਸਾਹਿਬ ਇਸ ਉੱਦਮ ਲਈ ਵਧਾਈ ਦੇ ਪਾਤਰ ਹਨ ਅਤੇ ਇਹ ਕਲਮ ਇਸੇ ਤਰ੍ਹਾਂ ਚਲਦੀ ਰਹਿਣੀ ਚਾਹੀਦੀ ਹੈ। ਮੇਰੀ ਉਨ੍ਹਾਂ ਨੂੰ ਇੱਕ ਗੁਜਾਰਿਸ਼ ਹੈ ਕਿ ਉਹ ਆਪਣੇ ਸਮਕਾਲੀ ਗਾਇਕਾਂ ਤੇ ਗੀਤਕਾਰਾਂ ਬਾਰੇ ਵੀ ਜਰੂਰ ਲਿਖਣ ਕਿਉਂਕਿ ਜੋ ਉਨ੍ਹਾਂ ਬਾਰੇ ਉਹ ਜਾਣਦੇ ਨੇ ਸ਼ਾਇਦ ਹੋਰ ਕੋਈ ਨਹੀਂ ।

ਭੁੱਲ ਚੁੱਕ ਲਈ ਖਿਮਾਂ
ਮੁਖਤਿਆਰ ਸਿੰਘ ਪੱਖੋ ਕਲਾਂ
86995 94800

AR Entertainment

AR ENTERTAINMENT,
FRIENDS STUCCO, M R ROOFING
G SQUARE, KD TRUCK TRAILER REPAIR
PRESENT

SAAFA SOCIETY OF CALGARY

FREE ENTRY
ਖੁੱਲਾ ਅਖਾੜਾ

CANADA DAY MELA

FREE ENTRY
ਖੁੱਲਾ ਅਖਾੜਾ

malwa
TIRES & SERVICES LTD
403-899-1985

GURDEEP BRAR

SHILPY CHAWLA

THE BOLT SUPPLY HOUSE LTD.
Industrial Products
Bay #78, 5329 72nd AVE S.E.
Calgary AB 403-568-5385

1PM, SUNDAY 3RD JULY 2022

GENESIS OUTSIDE FIELDS, CALGARY

ORGANIZERS

BVD TRUCKSALES
FUEL CARD, FACTORING, IN-HOUSE FINANCING, RENTAL
GOLDY JAMMU
VP Alberta
M: 204-951-5527
T: 403-975-5800
goldy@bvdtrucksales.com
2515 50 Ave SE, Calgary, AB T2B 3R8

Harpinder Sidhu INSURANCE EXPERT
Punjab Insurance Inc
SUPER VISA INSURANCE
LIFE INSURANCE RESPs
CALL FOR BEST RATES
HARPINDER SIDHU
LOVEPREET SIDHU
403 404 3500

Calgary Carpet Empire
(403) 510-1515
PROVIDING BEST AND AFFORDABLE FLOORING

PLATINUM STAR TRUCKS
BOBBY BRAR

CALGARY'S BEST BUY
FURNITURE & MATTRESS
403-250-6661

J & T SIDING INC.
PAMMA DHALIWAL
SIDHU SIDING
RAM GHOLIA

3D HOMES
JASKIRAT BRAR
(403) 966-2523

Great Hawk TRANSPORT INC.
403-619-7404

Coast Interior
403-717-1711

Quality Transmission
Complete Automotive Services
Financing Available
www.qualitytransmission.com
qualitytransmission2021@gmail.com
#9-5100 Hubalta Rd SE
Calgary, Alberta T2B 2P1
Paul Tel: 403.228.0000
Tel: 403.272.0000

JPS TRUCKING LTD
PARMINDER DHALIWAL
(306)914-4100

Mega Sanjha Punjab GROCERY STORE
FOUR LOCATIONS TO SERVE YOU
331-3690 WESTWINDS DR NE, CALGARY
117 7171 80 AVE NR TARALAKE NE, CALGARY
570- 6520 FALCONRIDGE BLVD. NE, CALGARY
606 CITYSCAPE SQUARE NE, CALGARY
CALL US AT : 403 835 2222

RIO Banquet
RIO Banquet Hall
Rammi Dhaliwal
403-633-2000

New Star Cabinets Ltd.
PH: - (403) 455-1000
www.newstarcabinets.ca

Pro-formance
Intermodal
403-351-1982

PLATINUM PLUMBING
(403)830-7683

Binder Johal
Harjeet Dhaliwal

MAAN TRANSPORT LTD
Calgary AB
RAJWINDER SINGH
(587)777-5677

SYNDICATE TRANSPORT LTD.
KULDEEP SANDHU & SUNNY PUNIAN
403-452-7502

JASSY
Import & Domestic Vehicle Repairs
AUTO REPAIR
117-3901 54 Ave N.E.
Calgary, AB T3J 3W5
Ph: 403-971-5672

RIG
Group of Companies

GENCONIAN'S
TRANSPORT INC

MARTINDALE Smiles
587.356.0777

PURI BROS
TRUCKING LTD

JEYAA DRYWALL
KULDEEP(MULLANPUR)
403-617-2121

SILVER KEY HOMES
MANPREET BUTTAR
403-615-2323

IMMIGRATION
RAMAN
(403)689-1704

LUCKY EXTERIORS LTD.
5"& 6" Eavestrough
Lucky: 403-918-6070
info@luckyexteriors.com - www.luckyexteriors.com
Free Estimates

MORTGAGE YOU NEED
MORTGAGE ALLIANCE
MORTGAGE ALLIANCE
587-777-7000
GS MANN

Media Partners

TIMES OF ASIA
Diversity Is Our Strength

RADIO SurSangam
Punjabi, Hindi & Urdu
20 Hours @ 94.7FM - Every Week

PRESS
The Punjabi Newspaper
ਪੰਜਾਬੀ ਅਖ਼ਬਾਰ
Punjabi Akhbaar
Calgary, Edmonton, Regina, Saskatoon and Winnipeg
Newspaper (Punjabi & English)

PrimeASIA TELEVISION

JAZBA FILMS

CONTACT US FOR MORE INFO & SPONSORSHIP

Harwinder Guraya
403-918-4522

Pamma Sheikh Daulat
403-616-1825

Gurpreet Sandhu
403-830-7683

Talwinder Parmar
403-805-0102

ਯੂਕਰੇਨ ਦੇ 200 ਜਵਾਨ ਹਰ ਰੋਜ਼ ਜੰਗ ਦੌਰਾਨ ਮਾਰੇ ਜਾ ਰਹੇ ਹਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) 24 ਫਰਵਰੀ ਨੂੰ ਰੂਸ ਦੁਆਰਾ ਯੂਕਰੇਨ ਉਪਰ ਕੀਤੇ ਗਏ ਹਮਲੇ ਤੋਂ ਬਾਅਦ ਸ਼ੁਰੂ ਹੋਈ ਜੰਗ ਨਿਰਵਿਘਨ ਜਾਰੀ ਹੈ। ਰੂਸ ਵੱਲੋਂ ਯੂਕਰੇਨ ਦੇ ਪ੍ਰਮੁੱਖ ਹਿੱਸਿਆਂ ਤੇ ਕਬਜ਼ਾ ਕਰਨ ਲਈ ਹਮਲਿਆਂ ਵਿੱਚ ਤੇਜ਼ੀ ਲਿਆਉਣ ਦੀਆਂ ਖਬਰਾਂ ਵੀ ਜੰਗ ਦੇ ਮੈਦਾਨ ਤੋਂ ਆ ਰਹੀਆਂ ਹਨ। ਇਸੇ ਦੌਰਾਨ ਯੂਕਰੇਨ ਜੋ ਕਿ ਹੁਣ ਤੱਕ ਡਟ ਕੇ ਰੂਸੀ ਫ਼ੌਜਾਂ ਦਾ ਮੁਕਾਬਲਾ ਕਰਦਾ ਆ ਰਿਹਾ ਹੈ,

ਵੱਲੋਂ ਆਖਿਆ ਜਾ ਰਿਹਾ ਹੈ ਕਿ ਇਸ ਜੰਗ ਦੌਰਾਨ ਹੁਣ ਰੋਜ਼ਾਨਾ ਯੂਕਰੇਨ ਦੇ ਦੋ ਸੌ ਸੈਨਿਕ ਜਾਨ ਗੁਆ ਰਹੇ ਹਨ ।ਇਸੇ ਦੌਰਾਨ ਲਾਸ ਏਂਜਲਸ ਵਿੱਚ ਅਮਰੀਕਾ ਦੇ ਨੌਵੇਂ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਏਸ ਗੱਲੋਂ ਰੂਸ ਦੀ ਨਿਖੇਧੀ ਕੀਤੀ ਕਿ ਉਸ ਵੱਲੋਂ ਯੂਕਰੇਨ ਵਿੱਚ ਅਨਾਜ ਨੂੰ ਬਾਹਰ ਜਾਣ ਤੋਂ ਰੋਕਿਆ ਜਾ ਰਿਹਾ ਹੈ ਜਦੋਂ ਕਿ ਅਨਾਜ ਸਬੰਧੀ ਕੋਈ ਵੀ ਪਾਬੰਦੀਆਂ ਲਾਗੂ ਨਹੀਂ ਕੀਤੀਆਂ ਗਈਆਂ ।

ਪਾਕਿਸਤਾਨ ਨੇ ਆਪਣੇ ਰੱਖਿਆ ਬੱਜਟ ਲਈ 1523 ਅਰਬ ਰੁਪਏ ਜਾਰੀ ਕੀਤੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਨੇ ਆਪਣਾ ਰੱਖਿਆ ਬਜਟ ਪਿੱਛਲੇ ਸਾਲ ਦੇ ਮੁਕਾਬਲੇ 11 ਫੀਸਦ ਵਧਾ ਕੇ 1,523 ਅਰਬ ਰੁਪਏ ਕਰ ਦਿੱਤਾ ਹੈ। ਪਾਕਿਸਤਾਨ ਦੇ ਵਿੱਤ ਮੰਤਰੀ ਮਿਫਤਾਹ ਇਸਮਾਈਲ ਨੇ ਬੀਤੇ ਦਿਨੀ ਵਿੱਤੀ ਵਰ੍ਹਾ 2022-23 ਲਈ ਸੰਸਦ ਵਿੱਚ 9,502 ਅਰਬ ਰੁਪਏ ਦਾ ਬਜਟ ਪੇਸ਼ ਕੀਤਾ। ਇਸ ਬਜਟ ਵਿੱਚੋਂ 1,523 ਅਰਬ ਰੁਪਏ ਰੱਖਿਆ ਖੇਤਰ ਲਈ ਜਾਰੀ ਕੀਤੇ ਗਏ ਹਨ। ਇਹ ਰਾਸ਼ੀ ਪਿੱਛਲੇ ਸਾਲ ਨਾਲੋਂ 1,370 ਅਰਬ ਰੁਪਏ ਵਧ ਹੈ। ਇਸ ਤੋਂ ਇਲਾਵਾ ਪਾਕਿਸਤਾਨ ਦੇ ਬਜਟ ਵਿੱਚ ਕਰਜ਼ ਅਦਾਇਗੀ 'ਤੇ ਖਰਚ ਵਧ ਕੇ ਕੁੱਲ ਬਜਟ ਦਾ 29 ਫੀਸਦੀ ਹੋ ਗਿਆ ਹੈ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

FREE ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ FREE
SWIFT CABS
YOUR DESTINATION IS OUR GOAL
CONTACT: BILL SINGH
306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070